
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 21
September 2, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਦੇਸ਼ ਭਰ ਵਿਚ ਰਿਹਾਇਸ਼ ਖਾਲੀ ਕਰਵਾਉਣ 'ਤੇ 31 ਦਸੰਬਰ ਤੱਕ ਰੋਕ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਟਰੰਪ ਪ੍ਰਸ਼ਾਸਨ ਨੇ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਤੇ ਆਰਥਕ ਸੰਕਟ ਦੇ ਮੱਦੇਨਜਰ ਦੇਸ਼ ਭਰ ਵਿਚ ਇਸ ਸਾਲ ਦੇ ਅੰਤ ਤੱਕ ਰਿਹਾਇਸ਼ ਖਾਲੀ ਕਰਵਾਉਣ ਉਪਰ ਰੋਕ ਲਾ ਦਿੱਤੀ ਹੈ। ਇਸ ਪਾਬੰਦੀ ਦਾ ਐਲਾਨ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਵੱਲੋਂ ਕੀਤਾ ਗਿਆ ਹੈ । ਟਰੰਪ ਪ੍ਰਸ਼ਾਸਨ ਵੱਲੋਂ ਕਾਂਗਰਸ ਨਾਲ ਸਮਝੌਤੇ ਦੀ ਅਣਹੋਂਦ ਵਿਚ ਕੋਰੋਨਾ ਮਹਾਮਾਰੀ ਕਾਰਨ ਪੈਦਾ ਹੋਏ ਆਰਥਕ ਨਿਘਾਰ ਨਾਲ ਨਜਿੱਠਣ ਲਈ ਚੁੱਕਿਆ ਗਿਆ ਇਹ ਆਖਰੀ ਕਦਮ ਹੈ। ਸਿਹਤ ਵਿਭਾਗ ਨੇ 1944 ਦੇ ਜਨਤਿਕ ਸਿਹਤ ਸਰਵਿਸ ਐਕਟ ਤਹਿਤ ਰਿਹਾਇਸ਼ ਖਾਲੀ ਕਰਵਾਉਣ ਉਪਰ ਪਾਬੰਦੀ ਲਾਉਣ ਦਾ ਕਦਮ ਚੁੱਕਿਆ ਹੈ। ਇਸ ਐਕਟ ਤਹਿਤ ਪ੍ਰਸ਼ਾਸਨ ਕੋਲ ਵਿਆਪਕ ਸ਼ਕਤੀਆਂ ਹਨ ਜਿਨਾਂ ਤਹਿਤ ਉਹ ਲੋਕਾਂ ਨੂੰ ਘਰਾਂ ਵਿਚ ਏਕਾਂਤਵਾਸ 'ਚ ਰਖ ਸਕਦਾ ਹੈ। ਇਹ ਪਾਬੰਦੀ 31 ਦਸੰਬਰ 2020 ਤੱਕ ਉਨਾਂ ਲੋਕਾਂ ਉਪਰ ਲਾਗੂ ਹੋਵੇਗੀ ਜੋ 99000 ਡਾਲਰ ਤੋਂ ਘੱਟ ਕਮਾਉਂਦੇ ਹਨ ਤੇ ਜੋ ਕਿਰਾਇਆ ਜਾਂ ਮਕਾਨ ਸਬੰਧੀ ਅਦਾਇਗੀਆਂ ਕਰਨ 'ਚ ਅਸਮਰਥ ਹਨ। ਵਾਇਟ ਹਾਊਸ ਦੇ ਬੁਲਾਰੇ ਬਰੀਅਨ ਮੋਰਜੇਨਸਟਰਨ ਨੇ ਕਿਹਾ ਹੈ ਕਿ ਰਾਸ਼ਟਰਪਤੀ ਟਰੰਪ ਸਖਤ ਮਿਹਨਤੀ ਅਮਰੀਕੀਆਂ ਦੀ ਮੱਦਦ ਕਰਨ ਲਈ ਵਚਨਬੱਧ ਹਨ ਤਾਂ ਜੋ ਉਹ ਕੋਰੋਨਾ ਮਹਾਮਾਰੀ ਦੇ ਮੱਦੇਨਜ਼ਰ ਆਪਣੇ ਘਰਾਂ ਵਿਚ ਰਹਿ ਸਕਣ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਦਾ ਰਲਵਾਂ ਮਿਲਵਾਂ ਪ੍ਰਤੀਕਰਮ ਵੇਖਣ ਨੂੰ ਮਿਲਿਆ ਹੈ। ਹਾਊਸਿੰਗ ਮਾਹਿਰਾਂ ਨੇ ਪ੍ਰਸੰਸਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਲੱਖਾਂ ਅਮਰੀਕੀਆਂ ਨੂੰ ਘਰਾਂ ਵਿਚ ਰਖਿਆ ਜਾ ਸਕੇਗਾ ਪਰੰਤੂ ਚਿੰਤਾ ਵਾਲੀ ਗੱਲ ਇਹ ਹੀ ਕਿ ਅਗਲੇ ਸਾਲ ਜਦੋਂ ਲੋਕ ਘਰ ਛੱਡਣਗੇ ਤਾਂ ਅਦਾਇਗੀ ਦੀ ਸਮੱਸਿਆ ਜਿਉਂ ਦੀ ਤਿਉਂ ਰਹੇਗੀ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਜਾਇਦਾਦ ਮਾਲਕ ਇਸ ਕਦਮ ਬਾਰੇ ਕੀ ਪ੍ਰਤੀਕਰਮ ਦਿੰਦੇ ਹਨ ਕਿਉਂਕਿ ਉਨਾਂ ਨੇ ਆਪਣੀਆਂ ਸਾਰੀਆਂ ਅਦਾਇਗੀਆਂ ਖੁਦ ਹੀ ਕਰਨੀਆਂ ਹੁੰਦੀਆਂ ਹਨ। ਨੈਸ਼ਨਲ ਮਲਟੀਫੈਮਿਲੀ ਹਾਊਸਿੰਗ ਕੌਂਸਲ ਦੇ ਪ੍ਰਧਾਨ ਡੌਗ ਬਿਬੀ ਨੇ ਕਿਹਾ ਹੈ ਕਿ ਉਨਾਂ ਦਾ ਸੰਗਠਨ ਨਿਰਾਸ਼ ਹੋਇਆ ਹੈ। ਪ੍ਰਸ਼ਾਸਨ ਨੇ ਕਿਰਾਏ ਤੇ ਬੇਰੁਜ਼ਗਾਰੀ ਸਹਾਇਤਾ ਲਈ ਫੰਡਾਂ ਦੀ ਵਿਵਸਥਾ ਕੀਤੇ ਬਗੈਰ ਘਰ ਖਾਲੀ ਕਰਨ ਉਪਰ ਰੋਕਲਾ ਦਿੱਤੀ ਹੈ। ਉਨਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਆਖਿਰਕਾਰ ਨੁਕਸਾਨ ਲੋਕਾਂ ਦਾ ਹੀ ਹੋਵੇਗਾ। ਛੋਟੇ ਮਾਲਕਾਂ ਲਈ ਵਿੱਤੀ ਜਿੰਮੇਵਾਰੀਆਂ ਪੂਰੀਆਂ ਕਰਨੀਆਂ ਅਸੰਭਵ ਹੋ ਜਾਣਗੀਆਂ ਤੇ ਉਹ ਕਿਰਾਏਦਾਰਾਂ ਨੂੰ ਆਪਣੇ ਘਰਾਂ ਵਿਚ ਨਹੀਂ ਰਖ ਸਕਣਗੇ।





ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਜਨਮ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ 5 ਸਤੰਬਰ 2020 ਨੂੰ ਵੀਡੀਓ ਕਾਨਫਰੰਸ ਰਾਹੀਂ ਸੰਗਤਾਂ ਨਾਲ ਜੁੜ ਕੇ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਤੇ ਕੁਰਬਾਨੀਆਂ ਬਾਰੇ ਵਿਚਾਰਾਂ ਕਰਵਾਉਣ ਜਾ ਰਹੀ ਹੈ। ਵਿਸਥਾਰ ਸਹਿਤ ਜਾਣਕਾਰੀ ਲਈ ਦੇਖੋ ਆਖਰੀ ਸਫਾ।



ਮਹਾਨ ਸ਼ਹੀਦ ਬੱਬਰ ਕਰਮ ਸਿੰਘ ਜੀ (ਦੌਲਤਪੁਰ) ਦੀ ਮਹਾਨ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ। *ਪੱਤਰਕਾਰ ਹੁਸਨ ਲੜੋਆ ਬੰਗਾ ਦਾ ਵਿਸ਼ੇਸ ਲੇਖ ਦੇਖੋ ਸਫਾ 10 'ਤੇ।*

# ਅਮਰੀਕੀ ਵਿਦੇਸ਼ ਮੰਤਰਾਲੇ ਨੇ ਕੀਤਾ ਪ੍ਰਣਾਬ ਮੁਖਰਜੀ ਨੂੰ ਯਾਦ





**ਵਾਸ਼ਿੰਗਟਨ (ਬਿਊਰੋ)–** ਭਾਰਤ ਦੇ ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦੀ ਮੌਤ ਹੋ ਗਈ ਹੈ। ਉਨ੍ਹਾਂ ਦੀ ਮੌਤ 'ਤੇ ਅਮਰੀਕੀ ਵਿਦੇਸ਼ ਵਿਭਾਗ ਨੇ ਸੋਮਵਾਰ ਨੂੰ ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦੀ ਮੌਤ 'ਤੇ ਸੋਗ ਪ੍ਰਗਟਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਇਤਿਹਾਸ 'ਚ ਹਮੇਸ਼ਾ ਯਾਦ ਕੀਤਾ ਜਾਵੇਗਾ। ਏਸ਼ੀਆਈ ਮਾਮਲਿਆਂ 'ਤੇ ਟਵੀਟ ਕਰਦੇ ਹੋਏ ਕਿਹਾ ਕਿ ਅਮਰੀਕੀ ਵਿਦੇਸ਼ ਵਿਭਾਗ ਦੇ ਬਿਊਰੋ ਆਫ ਸਾਊਥ ਐਂਡ ਸੈਂਟਰਲ ਨੇ ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ।

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪ੍ਰਣਾਬ ਮੁਖਰਜੀ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀ ਆਪਣੀ ਸੰਵੇਦਨਾ ਪ੍ਰਗਟਾਉਂਦੇ ਹੋਏ ਕਿਹਾ ਕਿ ਮੁਖਰਜੀ ਨੇ ਸਾਡੇ ਦੇਸ਼ 'ਚ ਵਿਸ਼ੇਸ਼ ਰੂਪ ਤੋਂ ਰਣਨੀਤਕ ਸਾਂਝੇਦਾਰੀ ਦੇ ਸਬੰਧਾਂ ਨੂੰ ਮਜ਼ਬੂਤ ਕਰਨ 'ਚ ਮਹ- ੱਤਵਪੂਰਨ ਵਿਅਕਤੀਗਤ ਯੋਗਦਾਨ ਦਿੱਤਾ ਹੈ।

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## DHAN DHAN SRI GURU RAVIDASS JI

Bole' So Nirbhay! Guru Ravidass Maharaj Ki Jai!

**Guru- Piari Sadh Sangat Ji,**

Sri Guru Ravidass Temple Pittsburg- Committee has decided to open the Gurudwara Sahib on Sundays, from 10:00 AM to 1:00 PM, starting September 6, 2020. Kitchen and Langar hall will remain closed until the conditions improve. Sangat is requested to follow Contra Costa County's COVID-19 health and safety guidelines. Everyone must wear a face mask and wash hands before entering Darbar Hall and maintain 6 feet distance from others to avoid the spread of CORONA Virus. If you are not feeling well, please pray at home but do not come to Gurughar as a precaution.

Committee is taking applications for new SEWADARS ( board members) applications were sent to members last month. However, the election date has been postponed due to CORONA Virus. Sangat will be notified once the election date is re-scheduled.


Gurughar members are requested to renew their membership by paying their annual renewal fee. Your donations are greatly appreciated.

For any special needs, please contact the managing committee. We pray to Waheguru ji for the safety and good health of the entire Sangat.

**"NANAK NAM CHARDI KALA TERE BHANE SARBAT DA BHALA"**

| Chairman | President | Sangat De Sewadar | General Secretary | Treasurer |
|---|---|---|---|---|
| Jagtar Bhatia | Shinder Paul Narabut | | Dharam Pal Chonkria | Vinod Kumar |

# ਟਰੰਪ ਨੇ ਅਮਰੀਕਾ ਨੂੰ ਅਸੁਰੱਖਿਅਤ ਬਣਾਇਆ- ਜੋਅ ਬਿਡੇਨ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਨੂੰ ਅਸੁਰੱਖਿਅਤ ਬਣਾਇਆ ਹੈ ਤੇ ਉਹ ਹਿੰਸਾ ਖਤਮ ਨਹੀਂ ਕਰ ਸਕਦਾ ਕਿਉਂਕਿ ਪਿਛਲੇ ਕਈ ਸਾਲਾਂ ਤੋਂ ਉਹ ਇਸ ਨੂੰ ਉਕਸਾਉਂਦਾ ਆ ਰਿਹਾ ਹੈ। ਇਹ ਪ੍ਰਗਟਾਵਾ ਡੈਮੋਕਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਜੋਅ ਬਿਡੇਨ ਨੇ ਪਿਟਸਬਰਗ ਵਿਚ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨਾਂ ਕਿਹਾ ਕਿ ਮੈ ਰਾਸ਼ਟਰਪਤੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਹ ਗੱਲ ਕਹਿਣ 'ਚ ਮੇਰਾ ਸਾਥ ਦੇਣ ਕਿ ਹਿੰਸਾ ਚਾਹੇ ਕੋਈ ਵੀ ਕਰੇ ਉਹ ਗਲਤ ਹੈ। ਹਿੰਸਾ ਕਰਨ ਵਾਲਾ ਵਿਅਕਤੀ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਵੇ, ਉਸ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਬਿਡੇਨ ਨੇ ਕਿਹਾ ਕਿ ਜੇਕਰ ਟਰੰਪ ਅਜਿਹਾ ਨਹੀਂ ਕਹਿੰਦੇ ਤਾਂ ਸਪੱਸ਼ਟ ਹੈ ਕਿ ਉਹ ਰਾਸ਼ਟਰਪਤੀ ਦੇ ਅਹੁੱਦੇ ਦੇ ਅਯੋਗ ਹਨ ਤੇ ਉਹ ਹਿੰਸਾ ਦਾ ਸਮਰਥਨ ਕਰਦੇ ਹਨ। ਉਨਾਂ ਕਿਹਾ ਕਿ ਅਮਨ ਪੂਰਵਕ ਪ੍ਰਦਰਸ਼ਨ ਲੋਕਾਂ ਦਾ ਹੱਕ ਹੈ ਪਰ ਦੰਗੇ ਪ੍ਰਦਰਸ਼ਨ ਨਹੀਂ ਹੁੰਦੇ। ਲੁੱਟਮਾਰ, ਅੱਗਾਂ ਲਾਉਣੀਆਂ ਪ੍ਰਦਰਸ਼ਨ ਨਹੀਂ ਹਨ। ਇਹ ਸਭ ਗੈਰ ਕਾਨੂੰਨੀ ਹੈ ਤੇ ਅਜਿਹਾ ਕਰਨ ਵਾਲਿਆਂ ਵਿਰੁੱਧ ਮੁਕੱਦਮੇ ਚਲਣੇ ਚਾਹੀਦੇ ਹਨ ਤੇ ਸਜਾਵਾਂ ਮਿਲਣੀਆਂ ਚਾਹੀਦੀਆਂ ਹਨ। ਬਿਡੇਨ ਨੇ ਕਿਹਾ ਕਿ ਕੀ ਮੈ ਤੁਹਾਨੂੰ ਕੱਟੜ ਸਮਾਜਵਾਦੀ ਨਜਰ ਆਉਂਦਾ ਹਾਂ। ਹਾਂ ਮੈ ਕਈ ਮਾਮਲਿਆਂ ਵਿਚ ਅਜਿਹਾ ਹਾਂ ਕਿਉਂਕਿ ਮੈ ਚਹੁੰਦਾ ਹਾਂ ਅਮਰੀਕਾ ਸੁਰੱਖਿਅਤ ਹੋਵੇ, ਕੋਵਿਡ, ਅਪਰਾਧਾਂ, ਲੁੱਟਮਾਰ, ਨਸਲੀ ਹਿੰਸਾ ਤੇ ਬੁਰੇ ਪੁਲਿਸ ਅਧਿਕਾਰੀਆਂ ਤੋਂ ਮੁੱਕਤ ਹੋਵੇ। ਉਨਾਂ ਟਰੰਪ ਉਪਰ ਸਿੱਧਾ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਮਿਸਟਰ ਟਰੰਪ ਕੀ ਤੁਸੀਂ ਜਾਣਗੇ ਹੋ ਅਮਰੀਕੀ ਡਰੇ ਹੋਏ ਹਨ ਕਿ ਉਨਾਂ ਨੂੰ ਕੋਵਿਡ ਗ੍ਰਿਫਤ ਵਿਚ ਲੈ ਲਵੇਗਾ, ਉਹ ਡਰ ਰਹੇ ਕਿ ਕੋਵਿਡ ਉਨਾਂ ਨੂ ਬਿਮਾਰ ਕਰ ਦੇਵੇਗਾ ਤੇ ਮਾਰ ਦੇਵੇਗਾ। ਉਨਾਂ ਕਿਹਾ ਕਿ ਗਸ਼ਤ ਦੌਰਾਨ ਮਰਨ ਵਾਲਿਆਂ ਦੀ ਤੁਲਨਾ ਵਿਚ ਕੋਵਿਡ ਨਾਲ ਜਿਆਦਾ ਪੁਲਿਸ ਅਧਿਕਾਰੀ ਮਰੇ ਹਨ। ਉਨਾਂ ਨੇ ਸਵਾਲ ਕੀਤਾ ਕਿ ਕੀ ਕੋਈ ਇਹ ਵਿਸ਼ਵਾਸ਼ ਰੱਖਦਾ ਹੈ ਕਿ ਜੇਕਰ ਟਰੰਪ ਮੁੜ ਰਾਸ਼ਟਰਪਤੀ ਬਣ ਜਾਂਦੇ ਹਨ ਤਾਂ ਹਿੰਸਾ ਘੱਟ ਜਾਵੇਗੀ?

# ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਗੋਲੀਬਾਰੀ ਵਿੱਚ ਇੱਕ ਦੀ ਮੌਤ 5 ਜ਼ਖਮੀ

**ਨੀਟਾ ਮਾਛੀਕੇ /ਕੁਲਵੰਤ ਧਾਲੀਆਂ**




**ਸ਼ਿਕਾਗੋ (ਅਮਰੀਕਾ)** ਅਮਰੀਕਾ ਵਿੱਚ ਗੋਲੀਬਾਰੀ ਹੋਣੀ ਕੋਈ ਨਵੀਂ ਚੀਜ਼ ਨਹੀਂ, ਆਏ ਦਿਨ ਅਮਰੀਕਾ ਦੇ ਵਿੱਚ ਕਿਤੇ ਨਾਕਿਤੱ ਗੋਲੀਬਾਰੀ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਨੇ..! ਇਸੇ ਤਰਾਂ ਦੀ ਇੱਕ ਘਟਨਾਂ ਸ਼ਿਕਾਗੋ ਵਿਖੇ ਵਾਪਰੀ ਜਿੱਥੇ ਇਕ ਪੈਨਕੇਕ ਹਾਊਸ ਰੈਸਟੋਰਿੰਟ ਦੇ ਬਾਹਰ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਜ਼ਖਮੀ ਹੋ ਗਏ। ਸਥਾਨਕ ਪੁਲਸ ਨੇ ਇਸ ਬਾਰੇ ਜਾਣਕਾਰੀ ਦਿੱਤੀ। ਸ਼ਿਕਾਗੋ ਪੁਲਸ ਨੇ ਦੱਸਿਆ ਕਿ ਇਹ ਹਾਦਸਾ ਸਥਾਨਕ ਸਮੇਂ ਮੁਤਾਬਕ 1.50 ਵਜੇ ਵਾਪਰਿਆ, ਜਿਸ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਸ ਹਾਦਸੇ ਵਿਚ ਜ਼ਖਮੀ 5 ਲੋਕਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਸ ਨੇ ਸ਼ੁਰੂਆਤੀ ਬਿਆਨ ਵਿਚ ਕਿਹਾ ਕਿ ਇਕ ਵਿਅਕਤੀ ਬਾਹਰ ਖਾਣਾ ਖਾ ਰਿਹਾ ਸੀ, ਜਦੋਂ ਚਿੱਟੀ ਐੱਸ. ਯੂ. ਵੀ. ਗੱਡੀ ਵਿਚ ਆਏ ਲੋਕਾਂ ਨੇ ਉਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਜ਼ਖਮੀ ਹੋ ਗਏ। ਇਹ ਗੋਲੀਬਾਰੀ ਕਿਸ ਨੇ ਅਤੇ ਕਿਉਂ ਕੀਤੀ, ਹਾਲੇ ਪੁਲਿਸ ਜਾਂਚ ਜਾਰੀ ਹੈ।

# ਕੋਰੋਨਾ ਵੈਕਸੀਨ 'ਪਹਿਲਾਂ ਆਓ ਪਹਿਲਾਂ ਪਾਓ' ਦੇ ਆਧਾਰ 'ਤੇ ਨਹੀ ਦਿੱਤੀ ਜਾਵੇਗੀ-ਰਿਪੋਰਟ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਕੋਰੋਨਾ ਵਾਇਰਸ 'ਪਹਿਲਾਂ ਆਓ ਪਹਿਲਾਂ ਪਾਓ' ਦੇ ਆਧਾਰ ਉਪਰ ਨਹੀਂ ਦਿੱਤੀ ਜਾਵੇਗੀ ਤੇ ਵੈਕਸੀਨ ਦਾ ਮਤਲਬ ਜਿਆਦਾ ਤੋਂ ਜਿਆਦਾ ਜਾਨਾਂ ਬਚਾਉਣਾ ਤੇ ਬਿਮਾਰੀ ਨੂੰ ਘੱਟ ਕਰਨਾ ਹੈ।

ਇਹ ਪ੍ਰਗਟਾਵਾ ਨੈਸ਼ਨਲ ਅਕੈਡਮੀਜ਼ ਆਫ ਸਾਇੰਸ, ਮੈਡੀਸੀਨ ਐਂਡ ਇੰਜੀਨੀਅਰਿੰਗ ਵੱਲੋਂ ਜਾਰੀ ਇਕ ਰਿਪੋਰਟ ਵਿਚ ਕੀਤਾ ਗਿਆ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੋਰੋਨਾ ਨਾਲ ਮੋਹਰੇ ਹੋ ਕੇ ਲੜ ਰਹੇ ਵਰਕਰਾਂ ਨੂੰ ਸਭ ਤੋਂ ਜਿਆਦਾ ਜੋਖ਼ਮ ਹੈ।

ਇਸ ਲਈ ਸਿਹਤ ਕਾਮਿਆਂ, ਅੱਗ ਬੁਝਾਊ ਕਾਮੇ ਤੇ ਪੁਲਿਸ ਮੁਲਾਜ਼ਮਾਂ ਨੂੰ ਵੈਕਸੀਨ ਦੇਣ ਲਈ ਤਰਜੀਹ ਦਿੱਤੀ ਜਾਵੇਗੀ। ਇਸ ਤੋਂ ਬਾਅਦ ਹਰ ਉਮਰ ਦੇ ਲੋਕਾਂ ਲਈ ਇਹ ਉਪਲਬੱਧ ਹੋਵੇਗੀ।

ਰਿਪੋਰਟ ਅਨੁਸਾਰ ਸ਼ੁਰੂ ਵਿਚ ਵੈਕਸੀਨ ਦੀ ਮਾਤਰਾ ਥੋਹੜੀ ਹੋਵੇਗੀ ਤੇ ਇਹ ਕੇਵਲ 3 ਤੋਂ 4% ਆਬਾਦੀ ਨੂੰ ਹੀ ਦਿੱਤੀ ਜਾ ਸਕੇਗੀ।

****

# ਬੰਦੂਕਧਾਰੀ ਨੂੰ ਵਾਲਮਾਰਟ ਪਾਰਕਿੰਗ ਲਾਟ ਕਲੋਵਸ ਵਿਖੇ ਪੁਲਿਸ ਨੇ ਮਾਰੀ ਗੋਲੀ

**ਗੁਰਿੰਦਰਜੀਤ ਨੀਟਾ ਮਾਛੀਕੇ**

**ਕਲੋਵਿਸ (ਕੈਲੀਫੋਰਨੀਆਂ)** ਫਰਿਜ਼ਨੋ ਦੇ ਲਾਗਲੇ ਸ਼ਹਿਰ ਕਲੋਵਸ ਦੇ ਵਾਲਮਾਰਟ ਸਟੋਰ ਵਿੱਚ ਰਾਤੀਂ ਡੇਢ ਵਜੇ ਉਸ ਸਮੇਂ ਹਫੜਾ-ਦਫੜੀ ਮੱਚ ਗਈ ਜਦੋਂ ਇੱਕ ਬੰਦੂਕਧਾਰੀ ਨੌਜਵਾਨ ਨੂੰ ਸਟੋਰ ਪਾਰਕਿੰਗਲਾਟ ਵਿੱਚ ਘੁੰਮਦੇ ਵੇਖਿਆ ਗਿਆ। ਕਲੋਵਸ ਪੁਲਿਸ ਲੁਟੇਨਿਟ ਜਿੰਮ ਮੋਰੇਨੋ ਨੇ ਪੱਤਰਕਾਰਾਂ ਨਾਲ ਗੱਲ-ਬਾਤ ਕਰਦਿਆਂ ਦੱਸਿਆ ਕਿ ਕਲੋਵਸ ਪੁਲਿਸ ਅਫਸਰ ਨੇ ਇੱਕ ਬੰਦੂਕਧਾਰੀ ਨੌਜਵਾਨ ਨੂੰ ਹਰਿੰਡਨ ਐਵੇਨਿਊ ਤੇ ਸਥਿਤ ਵਾਲਮਾਰਟ ਸਟੋਰ ਦੀ ਪਾਰਕਿੰਗ ਲਾਟ ਵਿੱਚ ਵੇਖਿਆ ਜਦੋਂ ਉਸਨੂੰ ਹੱਥ ਉੱਪਰ ਕਰਨ ਲਈ ਕਿਹਾ ਤਾਂ ਉਸਨੇ ਪੁਲਿਸ ਅਫਸਰ ਉੱਪਰ ਬੰਦੂਕ ਤਾਣ ਦਿੱਤੀ ਅਤੇ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਬੰਦੂਕਧਾਰੀ ਨੌਜਵਾਨ ਪੁਲਿਸ ਗੋਲੀ ਨਾਲ ਮਾਰਿਆ ਗਿਆ। ਪਿੱਛੋਂ ਇਸ ਨੌਜਵਾਨ ਦੀ ਪਛਾਣ ਨਿਕਸਨ ਫਰੇਜ਼ਰ (26) ਕਲੋਵਸ ਨਿਵਾਸੀ ਵਜੋਂ ਹੋਈ ਹੈ। ਕਲੋਵਸ ਪੁਲਿਸ ਇਸ ਸਮੇਂ ਇਸ ਸੂਟਿੰਗ ਦੀ ਜਾਂਚ ਵਿੱਚ ਜੁਟੀ ਹੋਈ ਹੈ, ਉਹਨਾਂ ਕਿਹਾ ਕਿ ਮੈ ਜ਼ਿਆਦਾ ਡੀਟੇਲ ਵਿੱਚ ਨਹੀਂ ਜਾ ਸਕਦਾ ਕਿਉਕੇ ਪੁਲਿਸ ਹਾਲੇ ਪੂਰੇ ਮਾਮਲੇ ਨੂੰ ਡੂੰਘਾਈ ਨਾਲ ਖੰਘਾਲ਼ ਰਹੀ ਹੈ।




# ਟਰੰਪ ਵੱਲੋਂ ਦੋ ਵਿਅਕਤੀਆਂ ਨੂੰ ਗੋਲੀਆਂ ਨਾਲ ਭੁੰਨ ਦੇਣ ਵਾਲੇ ਵਿਅਕਤੀ ਦਾ ਸਮਰਥਨ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਸਕਾਨਸਿਨ ਵਿਚ ਦੋ ਪ੍ਰਦਰਸ਼ਨਕਾਰੀਆਂ ਨੂੰ ਗੋਲੀਆਂ ਨਾਲ ਭੁੰਨ ਦੇਣ ਵਾਲੇ ਵਿਅਕਤੀ 17 ਸਾਲਾ ਕਿਲੇ ਰਿਟਨਹਾਊਸ ਦਾ ਸਮਰਥਨ ਕੀਤਾ ਹੈ। ਪਿਛਲੇ ਹਫਤੇ ਦੇ ਅੰਤ ਚ' ਪੁਲਿਸ ਹੱਥੋਂ ਮਾਰੇ ਗਏ ਕਾਲੇ ਵਿਅਕਤੀ ਜੈਕੋਬ ਬਲੇਕ ਨੂੰ ਲੈ ਕੇ ਹਜਾਰਾਂ ਦੀ ਤਾਦਾਦ ਵਿਚ ਜੁੜੇ ਪ੍ਰਦਰਸ਼ਨ ਕਾਰੀਆਂ ਉਪਰ ਟਰੰਪ ਦੇ ਸਮਰਥਕਾਂ ਨੇ ਪੇਂਟਬਾਲ ਸੁੱਟੇ, ਕਾਲੀਆਂ ਮਿਰਚਾਂ ਦੀ ਸਪਰੇਅ ਕੀਤੀ।

ਟਰੰਪ ਨੇ ਆਪਣੇ ਸਮਰਥਕਾਂ ਦੀ ਨਿੰਦਾ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਸ਼ਾਂਤਮਈ ਸਨ ਤੇ 'ਪੇਂਟ' ਗੋਲੀ ਨਹੀਂ ਹੈ। ਰਾਸ਼ਟਰਪਤੀ ਵਾਈਟ ਹਾਊਸ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ। ਕਿਲੇ ਰਿਟਨਹਾਊਸ ਵਿਰੁੱਧ ਕਤਲ ਦੇ ਦੋਸ਼ ਲਾਏ ਗਏ ਹਨ।

ਟਰੰਪ ਨੇ ਕਿਹਾ ਕਿ ਕਿਲੇ ਡਿੱਗ ਪਿਆ ਸੀ ਤੇ ਪ੍ਰਦਰਸ਼ਨਕਾਰੀਆਂ ਨੇ ਉਸ ਉਪਰ ਹਮਲਾ ਕਰ ਦਿੱਤਾ ਸੀ। ਇਹ ਵੇਖਕੇ ਲੱਗਦਾ ਹੈ ਕਿ ਕਿਲੇ ਠੀਕ ਸੀ ਪਰ ਇਹ ਅਜੇ ਜਾਂਚ ਦਾ ਵਿਸ਼ਾ ਹੈ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376



# ਡੈਮੋਕਰੈਟਸ ਦੇਸ਼ ਨੂੰ ਵੰਡ ਰਹੇ ਹਨ- ਟਰੰਪ

## ਇਸ ਸਾਲ ’ਚ ਕੋਵਿਡ-19 ਨੂੰ ਖਤਮ ਕਰ ਦਿੱਤਾ ਜਾਵੇਗਾ, 3 ਵੈਕਸੀਨਾਂ ਅੰਤਿਮ ਪੜਾਅ ’ਚ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਹਜਾਰਾਂ ਲੋਕਾਂ ਵੱਲੋਂ ਵਾਸ਼ਿੰਗਟਨ ਵਿਚ ਨਸਲਵਾਦ ਖਤਮ ਕਰਨ ਦੀ ਮੰਗ ਨੂੰ ਲੈ ਕੇ ਕੀਤੇ ਗਏ ਪ੍ਰਦਰਸ਼ਨ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋਸ਼ ਲਾਇਆ ਕਿ ਵਿਰੋਧੀ ਬਲਦੀ ਉਪਰ ਤੇਲ ਪਾਉਣ ਦਾ ਕੰਮ ਕਰ ਰਹੇ ਹਨ। ਦੂਸਰੀ ਵਾਰ ਰਾਸ਼ਟਰਪਤੀ ਦੀ ਚੋਣ ਲਈ ਪਾਰਟੀ ਵੱਲੋਂ ਉਮੀਦਵਾਰ ਨਾਮਜ਼ਦ ਕਰਨ ਉਪਰੰਤ ਮਾਨਚੈਸਟਰ ਨੇੜੇ ਹਾਂਗਰ ਏਅਰ ਪੋਰਟ ਵਿਖੇ ਆਪਣੇ ਸਮ-ਰਥਕਾਂ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਡੈਮੋਕਰੈਟਸ ਤੇ ਖ਼ਬਰ ਸੰਸਥਾਵਾਂ ਦੇਸ਼ ਨੂੰ ਵੰਡਣ ਦਾ ਕੰਮ ਕਰ ਰਹੀਆਂ ਹਨ। ਡੈਮੋਕਰੈਟਿਕ ਪਾਰਟੀ ਵਿਚ ਲੋਕ ਨਫ਼ਰਤ ਨਾਲ ਭਰੇ ਪਏ ਹਨ। ਨਾਮਜ਼ਦਗੀ ਲਈ ਪਾਰਟੀ ਵਲੋਂ ਰਸਮੀ ਪ੍ਰਵਾਨਗੀ ਤੋਂ ਪਹਿਲਾਂ ਟਰੰਪ ਨੇ ਵਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਆਪਣੇ 4 ਸਾਲ ਦੇ ਕਾਰਜਕਾਲ ਦੌਰਾਨ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨਾਂ ਕਿਹਾ ਕਿ ਜੇਕਰ ਉਨਾਂ ਨੂੰ ਦੂਸਰੀ ਵਾਰ ਰਾਸ਼ਟਰਪਤੀ ਵਜੋਂ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਉਹ ਦੇਸ਼ ਨੂੰ ਵਿਸ਼ਵ ਦੀ ਮਹਾਨ ਅਰਥ ਵਿਵਸਥਾ ਬਣਾ ਦੇਣਗੇ। ਉਹ ਅਮਰੀਕੀ ਕਦਰਾਂ ਕੀਮਤਾਂ ਉਪਰ ਪਹਿਰਾ ਦਿੰਦੇ ਹੋਏ ਦੇਸ਼ ਦੀ ਨਵੇਂ ਫਰੰਟਾਂ ਉਪਰ ਅਗਵਾਈ ਕਰਨਗੇ। ਅਮਰੀਕਾ ਲਈ ਕੁੱਝ ਵੀ ਪ੍ਰਾਪਤ



ਕਰਨਾ ਅਸੰਭਵ ਨਹੀਂ ਹੈ। ਡੈਮੋਕਰੈਟਿਕ ਉਮੀਦਵਾਰ ਜੋਅ ਬਿਡੇਨ ਉਪਰ ਜੋਰਦਾਰ ਸ਼ਬਦੀ ਹਮਲਾ ਕਰਦਿਆਂ ਟਰੰਪ ਨੇ ਕਿਹਾ ਕਿ ਸਾਬਕਾ ਉੱਪ ਰਾਸ਼ਟਰਪਤੀ ਨੌਕਰੀਆਂ ਤਬਾਹ ਕਰਨ ਲਈ ਜੁੰਮੇਵਾਰ ਹੈ ਤੇ ਉਹ ਸਮਾਜਵਾਦ ਦਾ ’ਖਤਰਨਾਕ ਘੋੜਾ’ ਹੈ।

**3 ਵੈਕਸੀਨਾਂ ਅੰਤਿਮ ਸਟੇਜ਼ ’ਤੇ–** ਟਰੰਪ ਨੇ ਕਿਹਾ ਕਿ ਅਸੀਂ ਇਸ ਸਾਲ ਵੈਕਸੀਨ ਨਾਲ ਕੋਵਿਡ-19 ਨੂੰ ਖਤਮ ਕਰ ਦੇਵਾਂਗੇ। ਤਿੰਨ ਵੱਖ ਵੱਖ ਵੈਕਸੀਨਾਂ ਅਜਮਾਇਸ਼ ਦੇ ਅੰਤਿਮ ਪੜਾਅ ਵਿਚ ਹਨ। ਇਨਾਂ ਵੈਕਸੀਨਾਂ ਦੀ ਲੋੜੀਂਦੀ ਮਾਤਰਾ ਵਿਚ ਉਪਲੱਬਧਤਾ ਨੂੰ ਯਕੀਨੀ ਬਣਾਇਆ ਜਾਵੇਗਾ।


**ਹਜਾਰਾਂ ਲੋਕਾਂ ਵੱਲੋਂ ਪ੍ਰਦਰਸ਼ਨ—** ਪੁਲਿਸ ਹਥੋਂ ਮਾਰੇ ਗਏ ਕਾਲੇ ਲੋਕਾਂ ਦੇ ਮੁੱਦੇ ’ਤੇ ਸੰਸਥਾਗਤ ਨਸਲਵਾਦ ਖਤਮ ਕਰਨ ਦੀ ਮੰਗ ਨੂੰ ਲੈ ਕੇ ਹਜਾਰਾਂ ਲੋਕਾਂ ਨੇ ਵਾਸ਼ਿੰਗਟਨ ਵਿਚ ਪ੍ਰਦਰਸ਼ਨ ਕੀਤਾ। ਇਹ ਪ੍ਰਦਰਸ਼ਨ ਅਲ ਸ਼ਾਰਪਟਨ ਵੱਲੋਂ ਇਤਿਹਾਸਕ ਮਾਰਚ, ਜਿਸ ਵਿਚ ਮਾਰਟਿਨ ਲੂਥਰ ਕਿੰਗ ਨੇ ’ਮੇਰੇ ਵੀ ਸੁਪਨੇ ਹਨ’ ਦੇ ਸਿਰਲੇਖ ਹੇਠ ਭਾਸ਼ਣ ਦਿੱਤਾ ਸੀ, ਦੀ 57ਵੀਂ ਵਰੇ ਗੰਢ ਮਨਾਉਣ ਮੌਕੇ ਆਯੋਜਿਤ ਕੀਤਾ ਗਿਆ। ਇਸ ਮੌਕੇ ਅਮਰੀਕੀ ਲੋਕਾਂ ਨੂੰ ਨਸਲਵਾਦ ਖਿਲਾਫ਼ ਡਟਣ ਦਾ ਸੱਦਾ ਦਿੱਤਾ।

## ਮਾਸਕ ਪਾਉਣ ਨੂੰ ਲੈ ਕੇ ਦੋ ਧੜਿਆਂ ਵਿਚ ਵੰਡੇ ਗਏ ਹਨ ਅਮਰੀਕੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਵਾਸ਼ਿੰਗਟਨ , ਡੀ ਸੀ ਵਿਚ ਦੋ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਸ ਤੋਂ ਲੱਗਦਾ ਹੈ ਕਿ ਕੋਰੋਨਾ ਵਾਇਰਸ ਤੋਂ ਬਚਣ ਲਈ ਮਾਸਕ ਪਾਉਣ ਦੇ ਮੁੱਦੇ ’ਤੇ ਅਮਰੀਕੀ ਵੰਡੇ ਹੋਏ ਹਨ। ਡੋਨਾਲਡ ਟਰੰਪ ਵੱਲੋਂ ਰਿਪਬਲੀਕਨ ਪਾਰਟੀ ਦੀ ਦੂਸਰੀ ਵਾਰ ਰਾਸ਼ਟਰਪਤੀ ਦੀ ਚੋਣ ਲੜਨ ਲਈ ਨਾਮਜ਼ਦਗੀ ਦੀ ਪੇਸ਼ਕਸ਼ ਸਵਿਕਾਰ ਕਰਨ ਮੌਕੇ ਹੋਏ ਸਮਾਗਮ ਵਿਚ ਸੱਦੇ ਗਏ 1000 ਤੋਂ ਵਧ ਵਿਅਕਤੀਆਂ ਦੇ ਬੈਠਣ ਲਈ ਕੁਰਸੀਆਂ ਲਾਈਆਂ ਗਈਆਂ ਸਨ ਪਰੰਤੂ ਹਾਲ ਖਚਾਖਚ ਭਰ ਗਿਆ ਸੀ ਤੇ ਬਹੁਤਿਆਂ ਨੇ ਮਾਸਕ ਵੀ ਨਹੀਂ ਪਾਏ ਹੋਏ ਸਨ। ਦੂਸਰੇ ਪਾਸੇ ਇਸੇ ਦਿਨ ਨਸਲੀ ਨਿਆਂ ਨੂੰ ਲੈ ਕੇ ਹੋਏ ਪ੍ਰਦਰਸ਼ਨ ਵਿਚ ਸ਼ਾਮਿਲ ਹਜਾਰਾਂ ਲੋਕਾਂ ਨੇ ਸਮਾਜਿਕ ਦੂਰੀ ਵੀ ਰਖੀ ਤੇ ਮਾਸਕ ਵੀ ਪਾਏ ਹੋਏ ਸਨ। ਮਾਰਟਿਨ ਲੂਥਰ ਕਿੰਗ-3 ਨੇ ਲਿੰਕਨ ਮੈਮੋਰੀਅਲ ਤੋਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਵਿਚ ਸਮਾਜਿਕ ਦੂਰੀ ਹੈ ਪਰ ਅਧਿਆਤਮਿੱਕ ਤੌਰ ’ਤੇ ਅਸੀਂ ਇਕ ਹਾਂ। ਅਮਰੀਕੀਆਂ ਵਿਚ ਕੋਰੋਨਾਵਾਇਰਸ ਨੂੰ ਲੈ ਕੇ ਆਪੋ ਆਪਣੀ ਪਹੁੰਚ ਦੀਆਂ ਇਹ ਤਾਜ਼ਾ ਉਦਾਹਰਣਾਂ ਹਨ।

## ਜਾਰਜ ਫਲਾਇਡ ਮਾਮਲੇ ਵਿਚ ਬਚਾਅ ਪੱਖ ਦੇ ਵਕੀਲਾਂ ਨੇ ਕਤਲ ਦੇ ਦੋਸ਼ ਰੱਦ ਕਰਨ ਦੀ ਕੀਤੀ ਮੰਗ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਕਾਲੇ ਵਿਅਕਤੀ ਜਾਰਜ ਫਲਾਇਡ ਦੇ ਮਾਮਲੇ ਵਿਚ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਮਿਨੇਪੋਲਿਸ ਪੁਲਿਸ ਦੇ ਸਾਬਕਾ ਅਧਿਕਾਰੀ ਡੈਰਕ ਚੁਵਿਨ ਦੇ ਵਕੀਲਾਂ ਨੇ ਅਦਾਲਤ ਵਿਚ ਸੁਣਵਾਈ ਦੌਰਾਨ ਕਿਹਾ ਕਿ ਉਨਾਂ ਦਾ ਮੁਵੱਕਲ ਨਿਰਦੋਸ਼ ਹੈ। ਬਚਾਅ ਪੱਖ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਫਲਾਇਡ ਦੀ ਮੌਤ ਲਈ ਪੁਲਿਸ ਫੋਰਸ ਦੀ ਨਜਾਇਜ਼ ਵਰਤੋਂ ਜਿੰਮੇਵਾਰ ਨਹੀਂ ਹੈ ਬਲਕਿ ਫਲਾਇਡ ਦੀ ਨਸ਼ੀਲੇ ਪਦਾਰਥ ਖਾਣ ਦੀ ਆਦਤ ਉਸ ਦੀ ਮੌਤ ਦਾ



ਕਾਰਨ ਬਣੀ ਹੈ। ਦੂਸਰੇ ਪਾਸੇ ਚੁਵਿਨ ਤੇ 3 ਹੋਰ ਸਾਬਕਾ ਪੁਲਿਸ ਅਧਿਕਾਰੀਆਂ ਵਿਰੁੱਧ ਕੇਸ ਦੀ ਪੈਰਵਾਈ ਕਰ ਰਹੇ ਵਕੀਲਾਂ ਨੇ ਅਦਾਲਤ ਵਿਚ ਦਾਇਰ ਕੀਤੇ ਦਸਤਾਵੇਜ਼ਾਂ ਵਿਚ ਕਿਹਾ ਹੈ ਕਿ ਫਲਾਇਡ ਬੇਵੱਸ ਹੋ ਗਿਆ ਸੀ। ਉਸ ਦੇ ਹੱਥ ਬੱਧੇ ਹੋਏ ਸਨ ਤੇ ਉਸ ਨੂੰ ਜ਼ਮੀਨ ਉਪਰ ਪੁੱਠਾ ਲਟਾਇਆ ਹੋਇਆ ਸੀ। ਪੁਲਿਸ ਅਧਿਕਾਰੀਆਂ ਨੇ ਕਰੂਰਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ। ਦਸਤਾਵੇਜ਼ਾਂ ਵਿਚ ਵਕੀਲਾਂ ਨੇ ਕਿਹਾ ਹੈ ਕਿ ਫਲਾਇਡ ਵੱਲੋਂ ਮਿੰਨਤ ਕੀਤੀ ਗਈ ਕਿ ਉਹ ਸਾਹ ਨਹੀਂ ਲੈ ਸਕਦਾ ਤੇ ਇਕ ਚਸ਼ਮਦੀਦ ਗਵਾਹ ਵੱਲੋਂ ਵੀ ਇਹ ਕਿਹਾ ਗਿਆ ਕਿ ਉਸ ਨੂੰ ਛੱਡ ਦਿੱਤਾ ਜਾਵੇ ਪਰ ਮੁੱਖ ਦੋਸ਼ੀ ਤੇ ਉਸ ਦੇ 3 ਸਾਥੀਆਂ ਨੇ ਇਕ ਨਾ ਸੁਣੀ ਤੇ ਆਖਰਕਾਰ ਸਾਹ ਘੁੱਟਣ ਕਾਰਨ ਉਸ ਦੀ ਮੌਤ ਹੋ ਗਈ। ਵਕੀਲਾਂ ਨੇ ਕਿਹਾ ਹੈ ਕਿ ਜੇਕਰ ਪੁਲਿਸ ਅਧਿਕਾਰੀ ਦੋਸ਼ੀ ਠਹਿਰਾ ਦਿੱਤੇ ਜਾਂਦੇ ਹਨ ਤਾਂ ਉਹ ਉਨਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਅਦਾਲਤ ਨੂੰ ਬੇਨਤੀ ਕਰਨਗੇ। ਚੁਵਿਨ ਤੋਂ ਇਲਾਵਾ ਬਾਕੀ ਤਿੰਨ ਪੁਲਿਸ ਅਧਿਕਾਰੀਆਂ ਵਿਚ ਜੇ. ਅਲੈਗਜੈਂਡਰ ਕੁਏਂਗ, ਥਾਮਸ ਲੇਨ ਤੇ ਟੋ ਥਾਓ ਸ਼ਾਮਿਲ ਹਨ। ਇਨਾਂ ਪਰ ਹੱਤਿਆ ’ਚ ਚੁਵਿਨ ਦੀ ਮੱਦਦ ਕਰਨ ਦੇ ਦੋਸ਼ ਲਾਏ ਗਏ ਹਨ। ਇਨਾਂ ਚਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ।

## ਅਮਰੀਕਾ ਵਿਚ ਕੋਰੋਨਾ ਦੇ ਨਵੇਂ ਮਾਮਲੇ 21% ਘਟੇ, ਅਜੇ ਵੀ ਰੋਜ਼ਾਨਾ ਹੋ ਰਹੀਆਂ ਹਨ 1000 ਮੌਤਾਂ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਜੌਹਨ ਹੋਪਕਿੰਨਜ ਯੂਨੀਵਰਸਿਟੀ ਵੱਲੋਂ ਕੀਤੇ ਵਿਸ਼ਲੇਸ਼ਣ ਅਨੁਸਾਰ ਇਸ ਸਮੇ ਅਮਰੀਕਾ ਵਿਚ ਰੋਜ਼ਾਨਾ 43000 ਦੇ ਕਰੀਬ ਕੋਰੋਨਾ ਦੇ ਨਵੇਂ ਮਾਮਲੇ ਆ ਰਹੇ ਹਨ ਜੋ ਕਿ ਅਗਸਤ ਦੇ ਸ਼ੁਰੂ ਵਿਚ ਆਏ ਮਾਮਲਿਆਂ ਦੀ ਤੁਲਨਾ ਵਿਚ 21% ਘੱਟ ਹਨ ਜਦ ਕਿ ਅਜੇ ਵੀ ਵਿਸ਼ਵ ਵਿਚ ਅਮਰੀਕਾ,ਭਾਰਤ ਤੇ ਬਰਾਜ਼ੀਲ ਵਿਚ ਸਭ ਤੋਂ ਵਧ ਨਵੇਂ ਮਰੀਜ਼ ਆ ਰਹੇ ਹਨ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਨਵੇਂ ਮਰੀਜ਼ਾਂ ਦੀ ਗਿਣਤੀ ਘੱਟਣ ਦਾ ਮੁੱਖ ਕਾਰਨ ਲੋਕਾਂ ਵੱਲੋਂ ਮਾਸਕ ਪਾਉਣ ਨੂੰ ਤਰਜੀਹ ਦੇਣਾ ਹੈ। ਯੂਨੀਵਰਸਿਟੀ ਆਫ ਕੈਲੀਫੋਰਨੀਆ ਸਨਫਰਾਂਸਿਸਕੋ ਵਿਚ ਲਾਗ ਦੀਆਂ ਬਿਮਾਰੀਆਂ ਬਾਰੇ ਮਾਹਿਰ ਵਜੋਂ ਕੰਮ ਕਰ ਰਹੀ ਡਾਕਟਰ ਮੋਨਿਕਾ ਗਾਂਧੀ ਨੇ ਕਿਹਾ ਹੈ ਕਿ ਮਾਮਲੇ ਘੱਟਣ ਦੀ ਖ਼ਬਰ ਬਹੁਤ ਉਤਸ਼ਾਹਜਨਕ ਹੈ। ਲੋਕ ਸਮਝ ਗਏ ਹਨ ਕਿ ਵਾਇਰਸ ਕਿਸ ਤਰਾਂ ਫੈਲਦਾ ਹੈ ਇਸ ਲਈ ਉਹ ਮਾਸਕ ਪਾਉਣ ਪ੍ਰਤੀ ਸੁਚੇਤ ਹੋ ਗਏ ਹਨ। ਇਸ ਵੇਲੇ ਦੇਸ਼ ਵਿਚ ਰੋਜ਼ਾਨਾ ਤਕਰੀਬਨ 1000 ਮੌਤਾਂ ਹੋ ਰਹੀਆਂ ਹਨ। ਮੌਤਾਂ ਦੀ ਕੁਲ ਗਿਣਤੀ 1,84,796 ਹੋ ਗਈ ਹੈ ਜਦ ਕਿ ਕੁਲ ਪੀੜਤ 60,46,634 ਹਨ। ਹੁਣ ਤੱਕ 33,47,940 ਮਰੀਜ਼ ਠੀਕ ਹੋ ਚੁੱਕੇ ਹਨ। ਰਿਕਵਰੀ ਦਰ 95% ਹੈ।

## 194 ਸਾਲ ਪੁਰਾਣੀ ਲਾਰਡ ਐਂਡ ਟੇਲਰ ਕੰਪਨੀ ਵੱਲੋਂ ਆਪਣੇ ਸਾਰੇ ਸਟੋਰ ਬੰਦ ਕਰਨ ਦਾ ਫੈਸਲਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਲਾਰਡ ਐਂਡ ਟੇਲਰ ਜਿਸ ਨੇ 194 ਸਾਲ ਪਹਿਲਾਂ 1826 ਵਿਚ ਨਿ-ਊਯਾਰਕ (ਅਮਰੀਕਾ) ਵਿਚ ਆਪਣਾ ਪਹਿਲਾ ਸਟੋਰ ਖੋਲਿਆ ਸੀ, ਨੇ ਮੰਦੇ ਦੇ ਚਲਦਿਆਂ ਆਪਣਾ ਕਾਰੋਬਾਰ ਸਮੇਟਣ ਦਾ ਫੈਸਲਾ ਕੀਤਾ ਹੈ ਤੇ ਉਹ ਆਪਣੇ ਸਾਰੇ ਸਟੋਰ ਬੰਦ ਕਰ ਰਹੀ ਹੈ।




ਆਪਣੇ ਆਪ ਨੂੰ ਦਿਵਾਲਿਆ ਐਲਾਨ ਚੁੱਕੀ ਕੰਪਨੀ ਨੇ ਅਧਿਕਾਰਤ ਤੌਰ ’ਤੇ ਐਲਾਨ ਕੀਤਾ ਹੈ ਕਿ ਉਹ ਆਪਣੇ ਰਹਿੰਦੇ ਸਾਰੇ 38 ਸਟੋਰ ਬੰਦ ਕਰ ਰਹੀ ਹੈ। ਪਿੱਛਲੇ ਹਫ਼ਤੇ ਕੰਪਨੀ ਨੇ 14 ਸਟੋਰਾਂ ਨੂੰ ਖੋਲਣ ਦਾ ਨਿਰਨਾ ਲਿਆ ਸੀ ਪਰ ਹੁਣ ਕੰਪਨੀ ਨੇ ਬੇਵੱਸੀ ਜਾਹਿਰ ਕੀਤੀ ਹੈ। ਕੰਪਨੀ ਨੇ ਕਰਜਾ ਮੋੜਨ ਲਈ ਸਮਾਨ ਦੀ ਸਸਤੇ ਭਾਅ ਵਿਕਰੀ ਕਰਨੀ ਸ਼ੁਰੂ ਕਰ ਦਿੱਤੀ ਹੈ। ਲਾਰਡ ਐਂਡ ਟੇਲਰ ਦੇ ਮੁੱਖੀ ਐਡ ਕਰੈਮਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਜੇ ਸਾਡੇ ਕੋਲ ਵੱਖ ਵੱਖ ਅਵਸਰ ਹਨ ਤੇ ਸਾਡਾ ਵਿਸ਼ਵਾਸ਼ ਹੈ ਕਿ ਸਿਆਣਪ ਇਸੇ ਵਿਚ ਹੈ ਕਿ ਸਟੋਰਾਂ ਵਿਚ ਰਹਿੰਦੇ ਸਮਾਨ ਨੂੰ ਸਸਤੇ ਵਿਚ ਵੇਚ ਦਿੱਤਾ ਜਾਵੇ।

ਲਾਰਡ ਐਂਡ ਟੇਲਰ ਨੇ 2 ਅਗਸਤ ਨੂੰ ਆਪਣੇ ਆਪ ਨੂੰ ਦਿਵਾਲਿਆ ਐਲਾਨਿਆ ਸੀ। ਸ਼ੁਰੂ ਵਿਚ ਇਸ ਨੇ ਐਲਾਨ ਕੀਤਾ ਸੀ ਕਿ 19 ਸਟੋਰ ਬੰਦ ਕੀਤੇ ਜਾਣਗੇ ਪਰ ਹਫਤੇ ਬਾਅਦ ਕੰਪਨੀ ਨੇ ਵੇਚੇ ਜਾਣ ਵਾਲੇ ਸਟੋਰਾਂ ਦੀ ਗਿਣਤੀ ਵਧਾਕੇ 24 ਕਰ ਦਿੱਤੀ ਸੀ। ਹੁਣ ਕੰਪਨੀ ਨੇ ਕਿਹਾ ਹੈ ਕਿ ਉਸ ਦੀ ਬੇਹਤਰੀ ਇਸੇ ਵਿਚ ਹੈ ਕਿ ਸਾਰੇ ਸਟੋਰ ਬੰਦ ਕਰ ਦਿੱਤੇ ਜਾਣ।

## ਹਿਊਸਟਨ ਪੁਲਿਸ ਨਾਲ ਮੁਕਾਬਲੇ ਵਿਚ ਸ਼ੱਕੀ ਹਮਲਾਵਰ ਦੀ ਮੌਤ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—**ਇਕ ਸ਼ੱਕੀ ਹਮਲਾਵਾਰ ਹਿਊਸਟਨ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ। ਪੁਲਿਸ ਮੁੱਖੀ ਆਰਟ ਅਸਵੀਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੱਕੀ ਹਮਲਾਵਰ ਨੇ ਇਕ ਕਾਰ ਜਿਸ ਵਿਚ 3 ਵਿਅਕਤੀ ਸਵਾਰ ਸਨ ਤੇ ਇਕ ਗਸ਼ਤੀ ਗੱਡੀ ਉਪਰ ਗੋਲੀਆਂ ਚਲਾਈਆਂ। ਬਾਅਦ ਵਿਚ ਉਸ ਨੇ ਫਰਾਰ ਹੋਣ ਦਾ ਯਤਨ ਕੀਤਾ । ਘੇਰੇ ਵਿਚ ਆਉਣ ਉਪਰੰਤ ਉਸ ਨੇ ਪੁਲਿਸ ਉਪਰ ਕਈ ਗੋਲੀਆਂ ਚਲਾਈਆਂ। 30 ਮਿੰਟ ਤੱਕ ਹਮਲਾਵਰ ਨੂੰ ਆਤਮ ਸਮਰਪਣ ਕਰਨ ਲਈ ਮਨਾਉਣ ਦਾ ਯਤਨ ਕੀਤਾ ਗਿਆ ਪਰ ਉਹ ਨਾ ਮੰਨਿਆ। ਇਸ ਤੋਂ ਪਹਿਲਾਂ ਕਿ ਉਹ ਕਿਸੇ ਪੁਲਿਸ ਅਧਿਕਾਰੀ ਨੂੰ ਨਿਸ਼ਾਨਾ ਬਣਾਉਂਦਾ ਇਕ ਪੁਲਿਸ ਅਧਿਕਾਰੀ ਵੱਲੋਂ ਚਲਾਈ ਇਕੋ ਗੋਲੀ ਨਾਲ ਉਹ ਢੇਰ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਿਸ ਮੁੱਖੀ ਅਨੁਸਾਰ ਹੋਰ ਕੋਈ ਵੀ ਇਸ ਮੁਕਾਬਲੇ ਵਿਚ ਜ਼ਖਮੀ ਨਹੀਂ ਹੋਇਆ ਹੈ ਤੇ ਮਾਮਲੇ ਦੀ ਪੁਲਿਸ ਆਪਣੇ ਤੌਰ ’ਤੇ ਜਾਂਚ ਕਰੇਗੀ।

## ਚੋਣ ਮੁਹਿੰਮ ਤਹਿਤ ਇਕੱਠੇ ਹੋਏ ਲੱਖਾਂ ਡਾਲਰਾਂ ਨਾਲ ਟਰੰਪ ਆਪਣੀਆਂ ਹੀ ਕੰਪਨੀਆਂ ਨੂੰ ਕਰ ਰਿਹਾ ਹੈ ਮਾਲਾਮਾਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੀ ਚੋਣ ਮੁਹਿੰਮ ਦੌਰਾਨ ਵੱਡੇ ਕਾਰੋਬਾਰੀ ਅਦਾਰਿਆਂ ਤੇ ਆਪਣੇ ਹਜਾਰਾਂ ਸਮਰਥਕਾਂ ਤੋਂ ਇਕੱਠੇ ਕੀਤੇ ਲੱਖਾਂ ਡਾਲਰਾਂ ਦੀ ਵਰਤੋਂ ਆਪਣੇ ਹੀ ਹੋਟਲਾਂ, ਰੈਸਤੋਰਾਂ ਤੇ ਕੰਪਨੀਆਂ ਦੇ ਖਾਣ ਪੀਣ ਦੇ ਬਿੱਲਾਂ ਤੇ ਕਿਰਾਇਆਂ ਦੀ ਅਦਾਇਗੀ ਕਰਨ ਲਈ ਕੀਤੀ ਜਾ ਰਹੀ ਹੈ। ਅਹੁੱਦਾ ਸੰਭਾਲਣ ਤੋਂ ਬਾਅਦ ਟਰੰਪ ਨੂੰ ਦਾਨੀਆਂ ਕੋਲੋਂ 23 ਲੱਖ ਡਾਲਰ ਮਿਲੇ ਜਿਨਾਂ ਨਾਲ ਉਸ ਨੇ ਆਪਣੀਆਂ ਕੰਪਨੀਆਂ ਨੂੰ ਮਾਲਾਮਾਲ ਕੀਤਾ।

ਉਦਾਹਰਣ ਵਜੋਂ ਰਾਸ਼ਟਰਪਤੀ ਦੀ ਚੋਣ ਮੁਹਿੰਮ ਕਮੇਟੀ ਡੋਨਾਲਡ ਜੇ ਟਰੰਪ ਨਿਊ ਯਾਰਕ ਵਿਚਲੇ ਟਰੰਪ ਟਾਵਰ ਨੂੰ ਚਲਾਉਣ ਲਈ ਪ੍ਰਤੀ ਮਹੀਨਾ 37,542 ਡਾਲਰ ਖਰਚ ਕਰ ਰਹੀ ਹੈ। ਇਹ ਖੁਲਾਸਾ ਫੈਡਰਲ ਚੋਣ ਕਮਿਸ਼ਨ ਦੇ ਰਿਕਾਰਡ ਤੋਂ ਹੋਇਆ ਹੈ। 27 ਜੁਲਾਈ ਨੂੰ ਕਮੇਟੀ ਨੇ ਟਰੰਪ ਕਾਰਪੋਰੇਸ਼ਨ ਨੂੰ ਕਾਨੂੰਨੀ ਤੇ ਆਈ ਟੀ ਸਲਾਹ ਮਸ਼ਵਰੇ ਲਈ 4917 ਡਾਲਰਾਂ ਦੀ ਅਦਾਇਗੀ ਕੀਤੀ। ਟਰੰਪ ਰੈਸਟੋਰੈਂਟ ਐਲ ਐਲ ਸੀ ਨੂੰ ਹਰ ਮਹੀਨੇ ਕਿਰਾਏ ਵਜੋਂ 3000 ਡਾਲਰ ਪ੍ਰਤੀ ਮਹੀਨਾ ਦਿੱਤੇ ਗਏ। ਮਾਰਚ ਤੇ ਅਪ੍ਰੈਲ ਵਿਚ ਕੇਵਲ ਦੋ ਦਿਨਾਂ ਦੌਰਾਨ ਚੋਣ ਮੁਹਿੰਮ ਕਮੇਟੀ ਨੇ ਟਰੰਪ ਹੋਟਲ ਕੁਲੈਕਸ਼ਨ ਨੂੰ 3,80,000 ਡਾਲਰਾਂ ਦੀ ਅਦਾਇਗੀ ਕੀਤੀ। ਇਥੇ ਵਰਣਨਯੋਗ ਹੈ ਵਰਜੀਨੀਆ ਦੇ ਡੈਮਕਰੈਟਿਕ ਕਾਂਗਰਸ ਮੈਂਬਰ ਗੈਰੀ ਕੋਨੋਲੀ ਜੋ ਸਦਨ ਦੀ ’ਓਵਰਸਾਈਟ ਐਂਡ ਰਿਫਾਰਮ’ ਕਮੇਟੀ ਦੇ ਸੀਨੀਅਰ ਮੈਂਬਰ ਹਨ, ਪਿਛਲੇ ਸਮੇਂ ਤੋਂ ਨਿਰੰਤਰ ਸੁਚੇਤ ਕਰਦੇ ਰਹੇ ਹਨ ਕਿ ਟਰੰਪ ਚੋਣ ਮੁਹਿੰਮ ਤੋਂ ਇਕੱਠੇ ਹੋਏ ਪੈਸੇ ਸਬੰਧੀ ਢਿੱਲੇ ਵਿੱਤੀ ਨਿਯਮਾਂ ਦਾ ਫਾਇਦਾ ਉਠਾਕੇ ਆਪਣੀਆਂ ਕੰਪਨੀਆਂ ਨੂੰ ਲਾਭ ਪਹੁੰਚਾ ਰਿਹਾ ਹੈ। ਉਨਾਂ ਇਕ ਬਿਆਨ ਵਿਚ ਕਿਹਾ ਹੈ ਕਿ ਡੋਨਾਲਡ ਟਰੰਪ ਆਪਣੀ ਚੋਣ ਮੁਹਿੰਮ ਕਮੇਟੀ ਤੇ ਸੰਘੀ ਸਰਕਾਰ ਨੂੰ ਆਪਣੀ ਨਿੰਜੀ ਬੈਂਕ ਦੀ ਤਰਾਂ ਵਰਤ ਰਿਹਾ ਹੈ। ਰਾਸ਼ਟਰਪਤੀ ਦੀ ਚੋਣ ਮੁਹਿੰਮ ਕਮੇਟੀ ਤੇ ਟਰੰਪ ਆਰਗੇਨਾਈਜੇਸ਼ਨ ਦਾ ਕੋਈ ਵੀ ਅਧਿਕਾਰੀ ਇਸ ਸਬੰਧੀ ਟਿੱਪਣੀ ਕਰਨ ਲਈ ਸਾਹਮਣੇ ਨਹੀਂ ਆਇਆ ਹੈ।

## ਖ਼ਰਾਬ ਹਾਲਾਤ ਕਾਰਨ ਰਾਸ਼ਟਰਪਤੀ ਟਰੰਪ ਨੂੰ ਕੇਨੋਸ਼ਾ ਦਾ ਦੌਰਾ ਨਾ ਕਰਨ ਦੀ ਦਿੱਤੀ ਸਲਾਹ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਰਾਸ਼ਟਰਪਤੀ ਡੋਨਾਲਡ ਟਰੰਪ ਵਿਸਕਾਨਸਿਨ ਦੇ ਸ਼ਹਿਰ ਕੇਨੋਸ਼ਾ ਦਾ ਦੌਰਾ ਕਰਨਾ ਚਹੁੰਦੇ ਹਨ ਜਿਥੇ ਪੁਲਿਸ ਅਧਿਕਾਰੀਆਂ ਵੱਲੋਂ ਜੈਕੋਬ ਬਲੇਕ ਨਾਮੀ ਵਿਅਕਤੀ ਨੂੰ ਗੋਲੀ ਮਾਰਨ ਉਪਰੰਤ ਅਣਸੁਖਾਵੇਂ ਹਾਲਾਤ ਪੈਦਾ ਹੋ ਗਏ ਹਨ। ਵਾਈਟ ਹਾਊਸ ਦੀ ਰਿਪੋਰਟ ਅਨੁਸਾਰ ਰਾਸ਼ਟਰਪਤੀ ਮੰਗਲਵਾਰ ਨੂੰ ਕੇਨੋਸ਼ਾ ਵਿਖੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਨਾਲ ਮੀਟਿੰਗ ਕਰਨਾ ਚਹੁੰਦੇ ਹਨ। ਦੂਸਰੇ ਪਾਸੇ ਰਾਜ ਦੇ ਗਵਰਨਰ ਟੋਨੀ ਐਵਰਜ ਨੇ ਇਕ ਪੱਤਰ ਭੇਜ ਕੇ ਕਿਹਾ ਹੈ ਕਿ ਟਰੰਪ ਆਪਣੇ ਦੌਰੇ ਬਾਰੇ ਮੁੜ ਵਿਚਾਰ ਕਰਨ ਕਿਉਂਕਿ ਉਨਾਂ ਨੂੰ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



# ਟਰੰਪ ਪਰਿਵਾਰ ਨਾਲ ਸਿੱਖਸ ਫਾਰ ਅਮਰੀਕਾ ਦੇ ਚੇਅਰਮੈਨ ਜੱਸੀ ਦੀ ਅਹਿਮ ਮੀਟਿੰਗ

## ਟਰੰਪ ਪਰਿਵਾਰ ਨੇ ਸਿੱਖਾਂ ਵੱਲੋਂ ਦਿੱਤੀ ਹਮਾਇਤ ਦਾ ਕੀਤਾ ਧੰਨਵਾਦ: ਜੱਸੀ


**ਵਾਸ਼ਿੰਗਟਨ (ਰਾਜ ਗੋਗਨਾ)-** ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਰਾਸ਼ਟਰਪਤੀ ਟਰੰਪ ਦੀ ਚੋਣ ਦਾ ਰਸਮੀ ਤੌਰ 'ਤੇ ਹਿੱਸਾ ਬਣ ਚੁੱਕੀ ਸਿੱਖਸ ਫਾਰ ਟਰੰਪ ਦੇ ਕੌ -ਚੇਅਰਮੈਨ ਅਤੇ ਰਾਸ਼ਟਰਪਤੀ ਟਰੰਪ ਦੀ ਚੋਣ ਮੁਹਿੰਮ ਵਿਚ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਪਹਿਲੀ ਵਾਰ ਚੋਣ ਮੁਹਿੰਮ ਵਿਚ ਕਿਸੇ ਸਿੱਖ ਸੰਸਥਾ ਨੂੰ ਅਜਿਹੀ ਮਾਨਤਾ ਮਿਲਣੀ ਅਤੇ ਸਿੱਖਾਂ ਦੇ ਨਾਮ ਦੀ ਚੋਣ ਮੁਹਿੰਮ ਵਿਚ ਚਰਚਾ ਸਿੱਖ ਪਹਿਚਾਣ ਲਈ ਇਕ ਸੁਨਿਹਰੀ ਮੌਕਾ ਹੈ। ਇਸ ਤੋਂ ਵਧ ਕਿ ਸਿੱਖਾਂ ਦਾ ਇਥੋਂ ਦੀ ਮੁੱਖ ਧਾਰਾ ਸਿਆਸਤ ਦੇ ਸਿਖਰਲੇ ਸਮਾਗਮਾਂ ਵਿਚ ਦਸਤਾਰ ਸਣੇ ਸ਼ਾਮਲ ਹੋਣਾ ਵਿਸ਼ਵ ਦੇ ਸਿਖਾਂ ਲਈ ਬੜੇ ਮਾਣ ਵਾਲੀ ਗੱਲ ਹੈ। ਹੁਣ ਭਾਵੇਂ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿੱਚ ਅਮਰੀਕਾ ਦੇ ਸਿੱਖਾਂ ਵਿੱਚ ਰਾਸ਼ਟਰਪਤੀ



ਡੋਨਾਲਡ ਟਰੰਪ ਦੀ ਚੋਣ ਮੁਹਿੰਮ ਦੇ ਅਹਿਮ ਸਮਾਗਮਾਂ ਵਿਚ ਹਾਜਰੀ ਭਰੀ ਜਾ ਰਹੀ ਹੈ। ਬੀਤੇ ਦਿਨੀਂ ਰਿਪਬਲਿਕਨ ਪਾਰਟੀ ਦੇ ਕੰਨਵੈਸ਼ਨ ਦੌਰਾਨ ਟਰੰਪ ਪਰਿਵਾਰ ਵੱਲੋਂ ਆਪਣੀ ਚੋਣ ਮੁਹਿੰਮ ਦੇ ਖਾਸ ਮੈਂਬਰਾਂ ਨੂੰ ਟਰੰਪ ਇੰਟਰਨੈਸ਼ਲ ਹੋਟਲ ਵਾਸ਼ਿੰਗਟਨ ਡੀਸੀ ਵਿਚ ਇਕ ਵਿਸ਼ੇਸ਼ ਮੀਟਿੰਗ ਲਈ ਬੁਲਾਇਆ ਗਿਆ। ਅਤੇ ਟਰੰਪ ਪਰਿਵਾਰ ਵੱਲੋਂ ਰਿਪਬਲਿਕਨ ਪਾਰਟੀ ਦੀ ਹਮਾਇਤ ਕਰਨ ਤੇ ਉਹਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਉਥੇ ਸਿੱਖ ਫਾਰ ਟਰੰਪ ਦੇ ਉਪ- ਪ੍ਰਧਾਨ ਬਲਜਿੰਦਰ ਸਿੰਘ ਸੰਮੀ, ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਗੁਰਚਰਨ ਸਿੰਘ ਤੇ ਹੋਰ ਅਨੇਕਾਂ ਸਿੱਖ ਪਰਿਵਾਰਾਂ ਨੇ ਜੱਸੀ ਨੂੰ ਰਿਪਬਲਿਕ ਪਾਰਟੀ ਦੇ ਹੱਕ ਚ'ਵੋਟ ਦੇਣ ਦਾ ਪੂਰਾ ਭਰੋਸਾ ਜਿਤਾਇਆ।

# ਲੁਜੀਆਨਾ ਰਾਜ ਵਿਚ ਸਮੁੰਦਰੀ ਤੂਫ਼ਾਨ ਨੇ ਮਚਾਈ ਤਬਾਹੀ, 14 ਮੌਤਾਂ





**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਲੁਜੀਆਨਾ ਰਾਜ ਵਿਚ ਆਏ ਲਾਰਾ ਸਮੁੰ-ਦਰੀ ਤੂਫ਼ਾਨ ਨੇ ਭਾਰੀ ਤਬਾਹੀ ਮਚਾਈ ਹੈ । ਬਿਜਲੀ ਦੀ ਸਪਲਾਈ ਠੱਪ ਪਈ ਹੈ ਜਿਸ ਨੂੰ ਠੀਕ ਕਰਨ ਲਈ ਕਾਫੀ ਸਮਾਂ ਲੱਗ ਸਕਦਾ ਹੈ। ਲੁਜੀਆਨਾ ਸਿਹਤ ਵਿਭਾਗ ਅਨੁਸਾਰ ਇਕ 57 ਸਾਲਾ ਵਿਅਕਤੀ ਦੀ ਛੱਤ ਤੋਂ ਡਿੱਗਣ ਕਾਰਨ ਸਿਰ ਵਿਚ ਲੱਗੀ ਸੱਟ ਕਾਰਨ ਮੌਤ ਹੋ ਗਈ। ਇਕ ਹੋਰ ਵਿਅਕਤੀ ਜ਼ਹਿਰੀਲ ਗੈਸ ਚੜ ਜਾਣ ਕਾਰਨ ਮਾਰਿਆ ਗਿਆ। ਤੂਫ਼ਾਨ ਨਾਲ ਹੁਣ ਤੱਕ 14 ਮੌਤਾਂ ਹੋ ਚੁੱਕੀਆਂ ਹਨ। 3,50,000 ਲੋਕ ਬਿਜਲੀ ਤੋਂ ਬਿਨਾਂ ਸਮਾਂ ਕੱਟਣ ਲਈ ਮਜ਼ਬੂਰ ਹਨ ਤੇ ਜਦ ਕਿ 87 ਪਾਣੀ ਸਪਲਾਈ ਸਿਸਟਮ ਬੰਦ ਹਨ ਜੋ 1,50,000 ਤੋਂ ਵਧ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਉਂਦੇ ਹਨ। ਰਾਸ਼ਟਰਪਤੀ ਟਰੰਪ ਤੂਫਾਨ ਨੂੰ ਕੁੱਦਰਤੀ ਆਫ਼ਤ ਐਲਾਨ ਚੁੱਕੇ ਹਨ ਜਿਸ ਤਹਿਤ ਪ੍ਰਭਾਵਿਤ ਖੇਤਰਾਂ ਨੂੰ ਸੰਘੀ ਫੰਡ ਦਿੱਤੇ ਜਾਣਗੇ। ਪ੍ਰਭਾਵਿਤ ਖੇਤਰਾਂ ਨੂੰ ਕਿਹਾ ਗਿਆ ਹੈ ਕਿ ਉਹ ਫੰਡ ਲੈਣ ਲਈ ਦਰਖਾਸਤਾਂ ਦੇ ਸਕਦੇ ਹਨ।

# "ਬਾਪੂ" ਗੀਤ ਨਾਲ ਇੱਕ ਵਾਰ ਫਿਰ ਚਰਚਾ ਵਿੱਚ ਢਾਡੀ ਰਛਪਾਲ ਸਿੰਘ ਖੁਸ਼ਦਿਲ

ਅੱਜ-ਕੱਲ ਅਯੋਕੀ ਗਾਇਕੀ ਵਿੱਚ ਜੋ ਕੁਝ ਚੱਲ ਰਿਹਾ ਹੈ ਆਪਾ ਸਾਰੇ ਉਸਤੋਂ ਭਲੀ-ਭਾਂਤ ਜਾਣੂ ਹੀ ਹਾਂ ਕਿ ਕਿਵੇਂ ਗੀਤਕਾਰੀ ਅਤੇ ਗਾਇਕੀ ਦੇ ਨਾਮ ਤੇ ਲੱਚਰਤਾ ਪਰੋਸ ਪਰੋਸਕੇ ਅਸ਼ਲੀਲ ਵੀਡੀਓ ਰਾਹੀਂ, ਟੀਵੀ ਚੈਨਲਾਂ ਜ਼ਰੀਏ ਸਾਡੇ ਘਰਾਂ ਵਿੱਚ ਪਹੁੰਚਾਈ ਜਾ ਰਹੀ ਹੈ। ਹਥਿਆਰਾਂ, ਗੈਂਗ ਕਲਚਰ ਅਤੇ ਨਸ਼ਿਆ ਨੂੰ ਪ੍ਰਮੋਟ ਕਰਦੇ ਅਖੌਤੀ ਗਾਇਕ ਸੰਗਾ-ਸ਼ਰਮਾਂ ਦੀਆ ਸਭ ਹੱਦਾਂ ਟੱਪ ਜਾਂਦੇ ਹਨ। ਅਜਿਹੇ ਖ਼ਤਰਨਾਕ ਰੁਝਾਨ ਦੌਰਾਨ ਜਦੋਂ ਕਿਤੇ ਕੋਈ ਪਰਿਵਾਰਕ ਰਿਸ਼ਤਿਆਂ ਦੀ ਬਾਤ ਪਾਉਂਦਾ ਮਿਆਰੀ ਗੀਤ ਮਾਰਕੀਟ ਵਿੱਚ ਆਉਦਾ ਹੈ ਤਾਂ ਸਾਡਾ ਸਾਰਿਆ ਦਾ ਅਜਿਹੇ ਗੀਤ ਦੀ ਸਪੋਰਟ ਕਰਨ ਦਾ ਨਿੱਜੀ ਫਰਜ਼ ਬਣਦਾ ਹੈ। ਜੀ ਹਾਂ ਮੈ ਗੱਲ ਕਰਨ ਜਾ ਰਿਹਾ ਹਾਂ ਬੁਲੰਦ ਅਵਾਜ਼ ਦੇ ਮਾਲਕ ਢਾਡੀ ਰਛਪਾਲ ਸਿੰਘ ਦੀ ਜਿੰਨਾ ਨੇ ਢਾਡੀ ਕਲਾ ਤੋਂ ਹਟਕੇ ਇੱਕ ਵੱਖਰੇ ਅੰਦਾਜ਼ ਵਿੱਚ ਪੰਜਾਬੀ ਗੀਤ "ਧੁੰਮਾ ਖਾਲਸਾ ਏਡ ਦੀਆਂ ਪੈਂਦੀਆਂ" ਰਾਹੀਂ ਪੰਜਾਬੀ ਗਾਇਕੀ ਦੇ ਵਿਹੜੇ ਦਸਤਖ਼ਤ ਦਿੱਤੀ, ਅਤੇ ਇਸ ਗੀਤ ਨੂੰ ਪੰਜਾਬੀਆਂ ਨੇ ਮਣਾਂ ਮੂੰਹੀ ਪਿਆਰ ਦਿੱਤਾ। ਹੁਣ ਇੱਕ ਵਾਰ ਫੇਰ ਢਾਡੀ ਰਛਪਾਲ ਸਿੰਘ ਆਪਣੇ ਗੀਤ "ਬਾਪੂ" ਰਾਹੀਂ ਚਰਚਾ ਵਿੱਚ ਹੈ। ਇਹ ਗੀਤ ਸਿੱਖ ਅੰਪਾਇਰ ਕੰਪਨੀ ਦੁਆਰਾ ਰਲੀਜ਼ ਕੀਤਾ ਗਿਆ ਹੈ। ਇਸ ਗੀਤ ਦੇ ਬੋਲ ਹਰਦੀਪ ਸਿੰਘ




ਖਹਿਰਾ ਨੇ ਬਾਕਮਾਲ ਲਿਖੇ ਨੇ। ਇਸ ਗੀਤ ਦਾ ਸੰਗੀਤ ਜੁਆਏ ਅਤੁੱਲ ਬ੍ਰਦ੍ਰਜ਼ ਨੇ ਦਿੱਤਾ ਹੈ। ਇਸ ਗੀਤ ਦੀ ਵੀਡੀਓ ਬੜੇ ਸੁਚੱਜੇ ਢੰਗ ਨਾਲ ਸਟਾਲਿਨਵੀਰ ਨੇ ਬਣਾਈ ਹੈ। ਇਸ ਗੀਤ ਨੂੰ ਢਾਡੀ ਰਛਪਾਲ ਸਿੰਘ ਨੇ ਆਪਣੇ ਪਿਤਾ ਉੱਘੇ ਢਾਡੀ, ਲੇਖਕ ਤੇ ਵਿਦਵਾਨ ਸਵ. ਸਰਦਾਰ ਬੂਟਾ ਸਿੰਘ ਖੁਸ਼ਦਿਲ ਜੀ ਨੂੰ ਸਮਰਪਿਤ ਕੀਤਾ ਹੈ। ਇਸ ਗੀਤ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਕਿਵੇਂ ਇਨਸਾਨ ਜ਼ਿੰਦਗੀ ਵਿੱਚ ਬਾਪ ਦੀ ਉਂਗਲ ਫੜਕੇ ਜ਼ਿੰਦਗੀ ਦੀਆਂ ਪੁਲਾਘਾਂ ਪੱਟਦਾ ਹੋਇਆ ਦੁਨੀਆਦਾਰੀ ਸਿੱਖਦਾ ਹੈ, ਅਤੇ ਕਿਵੇਂ ਬਾਪ ਆਪਣਾ ਢਿੱਡ ਬੰਨ ਬੰਨਕੇ ਆਪਣੀ ਉ਼ਲਾਦ ਲਈ ਦਿਨ ਰਾਤ ਇੱਕ ਕਰਕੇ ਉਹਨਾਂ ਦੀਆ ਖੁਆਇਸ਼ਾਂ ਪੂਰੀਆਂ ਕਰਦਾ ਹੈ। ਬਾਪੂ ਦੇ ਇਸ ਜਹਾਨ ਤੋਂ ਤੁਰ ਜਾਣ ਬਾਅਦ ਉਸਦੀ ਦਿੱਤੀ ਸਿੱਖਿਆ ਅੱਖਾਂ ਮੂਹਰੇ ਘੁੰਮਦੀ ਹੈ। ਇਹ ਮੌਕਾ ਹੈ ਜਿਉਂਦੇ ਜੀਅ ਮਾਪਿਆ ਦੀ ਸੰਭਾ਼ਲ ਕਰੋ, ਨਹੀਂ ਫਿਰ ਪਛਤਾਵਾ ਪੱਲ੍ਹੇ ਰਹਿ ਜਾਂਦਾ ਹੈ। ਢਾਡੀ ਰਛਪਾਲ ਸਿੰਘ ਨੇ ਗਾਇਕੀ ਅਤੇ ਢਾਡੀ ਕਲਾ ਦੇ ਗੁਣ ਸ. ਸੁਖਨਰੰਜਨ ਸਿੰਘ ਸੁੰਮਨ ਨੂੰ ਉਸਤਾਦ ਧਾਰਕੇ ਸਿੱਖੇ ਅਤੇ ਪੰਜਾਬੀ ਮਾਂ ਬੋਲੀ ਦੀ ਗਾਇਕੀ ਰਾਹੀਂ ਆਪਣੀ ਬੁਲੰਦ ਅਵਾਜ਼ ਨਾਲ ਸੇਵਾ ਕਰ ਰਿਹਾ ਹੈ। ਆਸ ਕਰਦੇ ਹਾਂ ਕਿ ਇਹ ਅਵਾਜ਼ ਪੰਜਾਬੀ ਗਾਇਕੀ ਦੀਆਂ ਫਿਜ਼ਵਾਂ ਵਿੱਚ ਗੂੰਜਦੀ ਬੁਲੰਦੀਆਂ ਛੂਹਦੀ ਰਹੀ।

**ਪੱਤਰਕਾਰ- ਗੁਰਿੰਦਰਜੀਤ ਸਿੰਘ**
**"ਨੀਟਾ ਮਾਛੀਕੇ" 559-333-5776**

AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing



510- 733- 2222
1421 Industrial PKWY West#F Hay-ward, CA 94544

Prop: Jasbir Singh Takhar
510-755-2132

Harmandeep Singh

L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।







Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

ਦੇਸ਼ ਦੁਆਬਾ

# DEMOCRACY AND SOCIAL JUSTICE

Prem K. Chumber
Editor-in-Chief: www.ambedkartimes.com

Democracy and social justice are interrelated social processes. The one is incomplete in the absence of the other. Democracy offers freedom space to realize equality and experience fraternity. Equality and fraternity are the two essential ingredients of social justice, which achieves its true form with the addition of liberty. Thus the trinity of liberty, equality and fraternity constitutes the essence of social justice and the institution of democracy provides the requisite realm for its realization. Though many scholars' boasts of ancient origins of democracy in India but it would be prudent to argue that democracy achieves its roots in the real sense of the term with the adoption of the constitution in independent India. Bodhisattva Baba Saheb Dr. Bhimrao Ramji Ambedkar, Chairman of Constitutional Drafting Committee, worked very hard to incorporate various provisions for the realization of social justice in the Indian society. He was of the firm views that if social and economic parity remains an elusive to the multitude of poor and historically socially excluded people in the country, then the very purpose of having parliamentary democracy would not be served efficiently. He reiterated the seminal point during his engaging discussions at various important forums within and outside the Indian parliament that for social justice to prevail in the country, India needs effective participation of the downtrodden in all the different spheres of the society.

The demand for social justice was also raised at various platforms during the freedom struggle movement in colonial India. Ad-Movements in North and South India, Justice Party in South India, Babu Mangu Ram Mugowalia from Punjab, Swami Achhuta Nand Ji from Uttar Pradesh, Baba Ghasi Das Ji from Madhya Pradesh, Sri Narayana Guru from Kerala raised a consistent campaign for the prevalence of social justice in the Indian society. Babu Mangu Ram Muggowalia presented a number of resolutions to the British Government for the removal of untouchability and special provisions for the inclusion of socially excluded sections of the society in the public realm of power and social domain. Babu Mangu Ram Mugowalia joined hands with Bodhisattva Baba Saheb Dr. Bhimrao Ramji Ambedkar in his struggle for equal rights for the socially excluded people of India. When Baba Saheb Dr. Ambedkar spreaded its movement into the political agile lands of Punjab with the formation of Punjab chapter of Scheduled Castes Federation, there was a tremendous response from the grassroots. That was precisely the contributions of Ad Dharm movement which laid the foundation stone of social justice campaign in the state in the mid-1920s. But the irony of the matter is that even after more than six decades of India's independence, Dalits in the country are still subjected to various types of atrocities and social discriminations. Though the Indian state, while making the optimum use of various anti untouchability clauses of the constitution, is doing its best to bridle the monster of caste, but still is more needed to be done at the social level where the people should come forward to internalize the values of liberty, equality and fraternity in order to realize the true sense of democracy and social justice.

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-148

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਕੀ ਬਾਣੀਆਂ ਚਾਰ ਹੀ ਹਨ?



ਅਵਤਾਰ ਸਿੰਘ ਮਿਸ਼ਨਰੀ
510-432-5827

ਪੁਰਾਤਨ ਮੱਤਾਂ ਦੇ ਵਿਦਵਾਨ ਚਾਰ ਬਾਣੀਆਂ ਮੰਨਦੇ ਨੇ ਜਿੰਨ੍ਹਾਂ ਦਾ ਜਿਕਰ ਮਹਾਨਕੋਸ਼ ਵਿਖੇ ਪਰਾ, ਪਸ਼ੰਤੀ, ਮਧਮਾ ਤੇ ਵੈਖਰੀ ਜਿਵੇਂ ਮੂਲਾਧਾਰਾ ਵਿੱਚ ਰਹਿਣ ਵਾਲਾ ਸ਼ਬਦ ਪਰਾ, ਮੂਲਾਧਾਰ ਤੋਂ ਉਠਕੇ ਹ੍ਰਿਦੇ ਵਿੱਚ ਆਇਆ ਸ਼ਬਦ ਪਸ਼ੰਤੀ. ਹਿਰਦੇ ਤੋਂ ਕੰਠ ਵਿੱਚ ਆਇਆ ਸ਼ਬਦ ਮਧਮਾ ਤੇ ਮੁਖ ਤੋਂ ਉਚਾਰਣ ਹੋਇਆ ਸ਼ਬਦ ਵੈਖਰੀ ਬਾਣੀ ਹੈ-ਖਾਣੀ ਚਾਰੇ ਬਾਣੀ ਭੇਦਾ॥ (ਮ:੧-ਥਿਤੀ)

ਸੰਸਾਰ ਵਿੱਚ ਅਨੇਕਾਂ ਬਾਣੀਆਂ ਤੇ ਅਨੇਕਾਂ ਖਾਣੀਆਂ ਹਨ ਪਰ ਜਿਆਦਾ ਤਰ ਚਾਰ ਖਾਣੀਆ ਤੇ ਬਾਣੀਆਂ ਦੀ ਹੀ ਚਰਚਾ ਹੋਈ ਹੈ। ਖਾਣੀਆਂ- ਅੰਡਜ, ਜੇਰਜ, ਸੇਤਜ, ਉਤਭੁਜ ਤੇ ਬਾਣੀਆਂ-ਪਰਾ, ਪਸ਼ੰਤੀ, ਮਧਮਾ, ਬੈਖਰੀ ਮੰਨੀਆਂ ਹੋਈਆਂ ਹਨ। ਗੁਰਮਤਿ ਨੇ "ਕੇਤੀਆ ਖਾਣੀ ਕੇਤੀਆ ਬਾਣੀ" ਕਿਹਾ ਪਰ ਬੇਦਾਂ ਵਿੱਚੋ ਨਿੱਕਲ ਕੇ ਵੇਦਾਂਤ ਤੱਕ ਚਾਰ ਬਾਣੀਆਂ ਤੇ ਚਾਰ ਖਾਣੀਆਂ ਪ੍ਰਚਲਿਤ ਹੋ ਗਈਆਂ। ਚਾਰ ਖਾਣੀਆਂ ਅੰਡਜ ਜੇਰਜ ਸੇਤਜ ਤੇ ਉਤਭੁਜ ਬਾਰੇ ਸਭ ਨੂੰ ਜਾਣਕਾਰੀ ਪਰ ਚਾਰ ਬਾਣੀਆਂ ਬਾਰੇ ਬਹੁਤ ਘੱਟ ਹੀ ਜਾਣਦੇ ਹਨ।

ਚਾਰ ਬਾਣੀਆਂ ਦੀ ਵਿਆਖਿਆ-

ਪਰਾ-ਜਦੋਂ ਮੰਨ 'ਚੋਂ ਫੁਰਨੇ ਉਠਣ ਉਹ ਪਰਾ ਬਾਣੀ ਜੋ ਬਿਨਾਂ ਕੰਨਾਂ ਤੋਂ ਸੁਣਦੀ, ਮੰਨ 'ਚ ਅਜੇ ਬੋਲੀ ਨਹੀਂ ਜਿਸਨੂੰ ਧੁਰ ਕੀ ਬਾਣੀ ਵੀ ਕਿਹਾ ਹੈ।

ਪਸੰਤੀ-ਜਦੋਂ ਗੱਲ ਮੰਨ ਵਿਚੋਂ ਨਿੱਕਲ ਕੇ ਕੰਠ ਤੱਕ ਆ ਕੇ ਮੂੰਹ 'ਚ ਹਵਾ ਨਾਲ ਮਿਕਸ ਹੋ ਰਹੀ ਹੋਵੇ ਉਹ ਪਸੰਤੀ ਜੋ ਗੱਲ ਅਜੇ ਕਹੀ ਨਹੀਂ ਗਈ ਮੂੰਹ ਵਿਚ ਪਿਸ ਰਹੀ ਹੋਵੇ ਨੂੰ ਪਸੰਤੀ ਬਾਣੀ ਕਹਿੰਦੇ ਹਨ। ਮੱਧਮਾ-ਜਦੋਂ ਗੱਲ ਮੂੰਹ 'ਚੋਂ ਨਿੱਕਲ ਕੇ ਦੂਜੇ ਨਾਲ ਸੰਪਰਕ ਪੈਦਾ ਕਰੇ ਦੋ ਸ੍ਰੋਤਾਂ ਵਿਚਕਾਰ ਸਬੰਧ ਪੈਦਾ ਕਰੇ ਉਸ ਨੂੰ ਮਧਮਾਂ ਬਾਣੀ ਕਿਹਾ ਜਾਦਾਂ ਹੈ।

ਬੈਖਰੀ-ਬੈਖਰੀ ਦਾ ਭਾਵ ਬਖਿਆਨ ਜਾਂ ਵਿਆਖਿਆ ਜੋ ਜੀਭ ਤੇ ਆ ਜਾਂਦੀ ਹੈ। ਜਦੋਂ ਦੋ ਸ੍ਰੋਤਾਂ ਵਿਚਕਾਰ ਹੋਈ ਗੱਲ ਨੂੰ ਸਮਝ ਲਿਆ ਜਾਂਦੈ ਫਿਰ ਉਸਦਾ ਅਗੇ ਵਖਿਆਨ ਕਰ ਦੇਣਾਂ ਬੈਖਰੀ ਹੈ।

ਬੋਲੀਆਂ ਅਨੇਕ ਨੇ ਜਿਵੇਂ ਜਾਨਵਰਾਂ ਦੀਆਂ ਪਰ ਸਾਨੂੰ ਸਮਝ ਨਹੀਂ ਲਗਦੀ ਕਿ ਉਹ ਕੀ ਬੋਲ ਰਹੇ ਹਨ? ਉਨ੍ਹਾਂ ਦੀ ਬੋਲੀ ਸੁਣ ਕੇ ਅਸੀਂ ਸਮਝ ਕੇ ਦੱਸ ਨਹੀਂ ਨਹੀਂ ਸਕਦੇ। ਇਸ ਲਈ ਵਖਿਆਨ ਕੀਤੀ ਜਾਣ ਵਾਲੀ ਬੋਲੀ ਹੀ ਬੈਖਰੀ ਜਾਂ ਵੈਖਰੀ ਹੈ।

ਗੁਰਮਤਿ ਸ੍ਰਿਸ਼ਟੀ ਨੂੰ ਅਨੰਤ ਮੰਨਦੀ ਹੋਈ ਜਪੁ ਬਾਣੀ ਵਿਖੇ ਡੰਕੇ ਦੀ ਚੋਟ ਨਾਲ ਫੁਰਮਾਂਦੀ ਹੈ ਕਿ-ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥(ਜਪੁ) ਸੋ ਸ੍ਰਿਸਟੀ ਅਨੰਤ, ਜੀਵ ਅਨੰਤ, ਖਾਣੀਆਂ ਅਨੰਤ ਅਤੇ ਬਾਣੀਆਂ ਵੀ ਅਨੰਤ ਹਨ। ਗੁਰਮਤਿ ਅੰਧਵਿਸ਼ਵਾਸ਼ੀ ਨਹੀਂ ਸਗੋਂ ਖੋਜੀ ਤੇ ਅਗਾਹਵਧੂ ਹੈ।

ਗੁਰੂ ਸਾਹਿਬ ਨੇ ਪ੍ਰਚਲਤ ਮਨੌਤਾਂ ਦੇ ਪ੍ਰਚਲਤ ਸ਼ਬਦ ਗੁਰਬਾਣੀ ਸ਼ੈਲੀ ਵਿੱਚ ਵਰਤੇ ਹਨ ਪਰ ਉਨ੍ਹਾਂ 'ਚ ਅਟਕੇ ਨਹੀਂ। ਇਸ ਲਈ ਅਸੀਂ ਪੁਰਾਣੀਆਂ ਮਨੌਤਾਂ ਤੋਂ ਕੁਝ ਸੇਧ ਲੈ ਸਕਦੇ ਹਾਂ ਪਰ ਸਦਾ ਉਨ੍ਹਾਂ 'ਚ ਅਟਕੇ ਨਹੀਂ ਰਹਿ ਸਕਦੇ।

****

## 5 ਸਤੰਬਰ 2020 ਲਈ ਅਧਿਆਪਕ ਦਿਵਸ ਸਬੰਧੀ ਵਿਸ਼ੇਸ਼

# ਅਧਿਆਪਕ ਦੇ ਹੱਥ ਵਿੱਚ ਹੀ ਸਮਾਜ ਦੇ ਨਿਰਮਾਣ ਦੀ ਚਾਬੀ ਹੈ



ਕੁਲਦੀਪ ਚੰਦ
91-9417563054

ਹਰ ਸਮਾਜ ਅਤੇ ਦੇਸ਼ ਵਿੱਚ ਅਧਿਆਪਕ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਭਾਰਤ ਵਿੱਚ ਪ੍ਰਾਚੀਨ ਸਮੇਂ ਤੋਂ ਹੀ ਗੁਰੂ ਅਤੇ ਚੇਲਾ ਦੀ ਪ੍ਰੰਪਰਾ ਚਲਦੀ ਆ ਰਹੀ ਹੈ। ਕਿਸੇ ਵੀ ਵਿਅੱਕਤੀ ਨੂੰ ਸਮਾਜ ਵਿੱਚ ਸਭਿਅਕ ਤਰੀਕੇ ਨਾਲ ਰਹਿਣ ਯੋਗ ਬਣਾਉਣ ਲਈ ਇੱਕ ਅਧਿਆਪਕ ਹੀ ਮੁੱਖ ਭੂਮਿਕਾ ਨਿਭਾਂਉਦਾ ਹੈ। ਸਾਡੇ ਦੇਸ਼ ਭਾਰਤ ਵਿੱਚ ਬੇਸ਼ੱਕ ਸਦੀਆਂ ਤੱਕ ਵਿੱਦਿਆ ਦਾ ਅਧਿਕਾਰ ਕੁੱਝ ਖਾਸ ਲੋਕਾਂ ਕੋਲ ਹੀ ਸੀਮਿਤ ਰਿਹਾ ਹੈ ਅਤੇ ਇਹ ਰਾਜੇ ਮਹਾਰਾਜੇ ਅਪਣੇ ਬੱਚਿਆਂ ਨੂੰ ਪੜਾਉਣ ਲਈ ਵਿਸ਼ੇਸ਼ ਅਧਿਆਪਕ ਰੱਖਦੇ ਸਨ ਜੋਕਿ ਸਮੇਂ ਦੀ ਹਾਣੀ ਸਿੱਖਿਆ ਉਨ੍ਹਾਂ ਦੇ ਬੱਚਿਆਂ ਨੂੰ ਦੇ ਸਕਣ। ਭਾਰਤੀ ਸਮਾਜਿਕ ਢਾਂਚੇ ਅਨੁਸਾਰ ਇੱਕ ਖਾਸ ਵਰਗ ਸ਼ੂਦਰਾਂ ਅਤੇ ਮਹਿਲਾਵਾਂ ਨੂੰ ਸਦੀਆਂ ਤੱਕ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ। ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ। ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੂਗੋਵਾਲੀਆ ਆਦਿ ਨੇ ਸਿੱਖਿਆ ਤੋਂ ਬਾਂਝੇ ਲੋਕਾਂ ਲਈ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਬਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਦੇਸ਼ ਦੇ ਦੂਰ ਦੁਰਾਡੇ ਭਾਗਾਂ ਵਿੱਚ ਰਹਿੰਦੇ ਲੋਕਾਂ ਤੱਕ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਸਿੱਖਿਆ ਪਹੁੰਚਾਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸਮਾਜ ਦੇ ਵਿਕਾਸ ਲਈ ਅਧਿਆਪਕ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿੱਚ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਯੂਨੈਸਕੋ ਨੇ 5 ਅਕਤੂਬਰ ਨੂੰ ਅੰਤਰਰਾਸ਼ਟਰੀ ਅਧਿਆਪਕ ਦਿਵਸ ਘੋਸ਼ਿਤ ਕੀਤਾ ਸੀ ਅਤੇ 1994 ਤੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ ਹਰ ਸਾਲ 05 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਭਾਰਤ ਵਿੱਚ ਅਧਿਆਪਕ ਦਿਵਸ ਸਾਲ 1962 ਤੋਂ ਹਰ ਸਾਲ 5 ਸਤੰਬਰ ਨੂੰ ਮਨਾਇਆ ਜਾਂਦਾ ਹੈ, ਜਦਕਿ ਅੰਤਰਰਾਸ਼ਟਰੀ ਅਧਿਆਪਕ ਦਿਵਸ ਦਾ ਆਯੋਜਨ 5 ਅਕਤੂਬਰ ਨੂੰ ਹੁੰਦਾ ਹੈ। ਭਾਰਤ ਵਿੱਚ ਸਾਬਕਾ ਰਾਸ਼ਟਰਪਤੀ ਸਵਰਗੀ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਜੋਕਿ ਇੱਕ ਆਦਰਸ਼ ਅਧਿਆਪਕ ਸਨ ਦੇ ਜਨਮ ਦਿਨ ਮੌਕੇ ਉਨ੍ਹਾਂ ਦੇ ਸਨਮਾਨ ਵਿੱਚ ਹਰ ਸਾਲ 5 ਸਤੰਬਰ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਵੱਡੇ ਵੱਡੇ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ, ਸਮਾਜ ਵਿੱਚ ਵਧੀਆ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਸਾਲ ਅਧਿਆਪਕ ਦਿਵਸ ਦਾ ਮੁੱਖ ਵਿਸ਼ਾ ਹੈ- ਅਧਿਆਪਕ ਸੰਕਟ ਵਿੱਚ ਮੋਹਰੀ,ਭਵਿੱਖ ਦਾ ਨਮੂਨਾ। ਵਿਸ਼ਵ ਵਿੱਚ ਫੈਲੀ ਕੋਵਿਡ -19 ਮਹਾਂਮਾਰੀ ਨੇ ਵਿਸਤ੍ਰਿਤ ਸਿੱਖਿਆ ਪ੍ਰਣਾਲੀਆਂ ਨੂੰ ਦਰਪੇਸ਼ ਚੁਣੌਤੀਆਂ ਵਿੱਚ ਮਹੱਤਵਪੂਰਨ ਤੌਰ ਤੇ ਸ਼ਾਮਲ ਕੀਤਾ ਹੈ। ਅਧਿਆਪਕਾਂ ਪ੍ਰਤੀ ਸਹਿਯੋਗ ਨੂੰ ਵਧਾਉਣ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਧਿਆਪਕਾਂ ਦੇ ਮਹੱਤਵ ਦੇ ਪ੍ਰਤੀ ਜਾਗਰੂਕਤਾ ਲਿਆਉਣ ਦੇ ਮਕਸਦ ਨਾਲ ਇਸਦੀ ਸ਼ੁਰੂਆਤ ਕੀਤੀ ਗਈ ਸੀ। ਇਸ ਮੌਕੇ ਤੇ ਵਿਦਿਆਰਥੀ ਆਪਣੇ ਅਧਿਆਪਕਾਂ ਦਾ ਸਨਮਾਨ ਕਰਦੇ ਹਨ। ਵਿਦਿਆਰਥੀ ਆਪਣੇ ਅਧਿਆਪਕਾਂ ਦੇ ਦੱਸੇ ਰਸਤੇ ਤੇ ਚੱਲਣ ਦਾ ਸੰਕਲਪ ਲੈਂਦੇ ਹਨ। ਇਸ ਮੌਕੇ ਤੇ ਲੱਗਭੱਗ ਸਾਰੇ ਵਿੱਦਿਅਕ ਅਦਾਰਿਆਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਅਤੇ ਅਧਿਆਪਕ ਦੀ ਮਹੱਤਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਸਮਾਜ ਵਿੱਚ ਵਿੱਦਿਆ, ਵਿੱਦਿਅਕ ਅਦਾਰਿਆਂ ਅਤੇ ਅਧਿਆਪਕਾਂ ਦਾ ਸਥਾਨ ਸਮਾਜ ਅਤੇ ਦੇਸ਼ ਦੇ ਵਿਕਾਸ ਲਈ ਸਭਤੋਂ ਵੱਧ ਮਹੱਤਵਪੂਰਨ ਹੈ, ਪਰ ਹੋਲੀ ਹੋਲੀ ਇਹਨਾਂ ਦੀ ਮਹੱਤਤਾ ਘਟਦੀ ਜਾ ਰਹੀ ਹੈ। ਜਿਸ ਵਿੱਦਿਆ ਨੂੰ ਮਨੁਖੀ ਵਿਕਾਸ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਅੱਜ ਵਪਾਰ ਬਣਦੀ ਜਾ ਰਹੀ ਹੈ। ਅਧਿਆਪਕ ਜਿਸਦੀ ਹਰ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਵੱਡੀ ਭੂਮਿਕਾ ਹੈ ਦਾ ਬਦਲ ਰਿਹਾ ਰੂਪ ਸਮਾਜ ਲਈ ਖਤਰਨਾਕ ਹੈ। ਅੱਜ ਅਧਿਆਪਨ ਦਾ ਕੰਮ ਸੇਵਾ ਨਾਲੋਂ ਵੱਧ ਵਿਉਪਾਰ ਬਣ ਗਿਆ ਹੈ। ਸਮਾਜ ਵਿੱਚ ਸਿੱਖਿਆ ਦੇ ਹੋ ਰਹੇ ਵਪਾਰੀਕਰਣ ਕਾਰਨ ਅੱਜ ਬਹੁਤੇ ਅਧਿਆਪਕ ਸਿਖੱਿਆ ਦੇ ਨਾਮ ਤੇ ਚੱਲਦੀਆਂ ਦੁਕਾਨਾਂ ਵਿੱਚ ਕੰਮ ਕਰ ਰਹੇ ਹਨ, ਅਧਿਆਪਕ ਜਿਸਨੇ ਸਮਾਜ ਨੂੰ ਸੇਧ ਦੇਣੀ ਹੈ ਅਤੇ ਦੇਸ਼ ਦਾ ਭਵਿੱਖ ਮੰਨੇ ਜਾਂਦੇ ਬੱਚਿਆਂ ਨੂੰ ਵਧੀਆ ਬਣਾਉਣਾ ਹੈ ਆਪ ਦਿਸ਼ਾਹੀਣ ਹੋ ਰਿਹਾ ਹੈ। ਅੱਜ ਅਧਿਆਪਕਾਂ ਤੇ ਰਾਜਨੀਤਿਕ ਪ੍ਰਭਾਵ ਵੱਧ ਰਿਹਾ ਹੈ ਅਤੇ ਅਧਿਆਪਕਾਂ ਨੂੰ ਪੜ੍ਹਾਉਣ ਦੇ ਨਾਲ ਨਾਲ ਹੋਰ ਕਈ ਕੰਮ ਕਰਨੇ ਪੈਂਦੇ ਹਨ। ਉਨ੍ਹਾਂ ਦੀ ਅਕਸਰ ਜਨਸੰਖਿਆ ਸਰਵੇਖਣ, ਵੋਟਾਂ ਦੀ ਗਿਣਤੀ, ਪਖਾਨਿਆਂ ਦੀ ਗਿਣਤੀ, ਗਰੀਬਾਂ ਦੀ ਗਿਣਤੀ ਵਿੱਚ ਡਿਊਟੀ ਲੱਗਦੀ ਹੈ ਅਤੇ ਕੋਵਿਡ -19 ਮਹਾਂਮਾਰੀ ਦੌਰਾਨ ਅਧਿਆਪਕਾਂ ਦੀ ਡਿਊਟੀ ਕੋਰੋਨਾ ਪਾਜਟਿਵ ਵਿਅੱਕਤੀਆਂ ਦਾ ਖਿਆਲ ਰੱਖਣ ਲਈ ਲਗਾਈ ਗਈ ਹੈ ਜਿਸ ਨਾਲ ਉਹ ਮਾਨਸਿਕ ਤੋਰ ਤੇ ਪੀੜ੍ਹਿਤ ਮਹਿਸੂਸ ਕਰਦੇ ਹਨ। ਦੇਸ ਵਿੱਚ ਬਦਲ ਰਿਹਾ ਵਿੱਦਿਅਕ ਢਾਂਚਾ ਵੀ ਅਧਿਆਪਕਾਂ ਦੀ ਭੂਮਿਕਾ ਨੂੰ ਢਾਹ ਲਾ ਰਿਹਾ ਹੈ। ਐਮ ਏ ਬੀਐਡ ਪਾਸ ਅਧਿਆਪਕ ਨਿੱਜੀ ਅਦਾਰਿਆਂ ਵਿੱਚ ਦੋ-ਤਿੰਨ ਹਜਾਰ ਦੀ ਨਿਗੂਣੀ ਤਨਖਾਹ ਤੇ ਕੰਮ ਕਰ ਰਹੇ ਹਨ। ਸਰਕਾਰ ਵਿੱਦਿਆ ਫੈਲਾਉਣ ਦੇ ਨਿਰੋਲ ਸਮਾਜਿਕ ਜਿੰਮੇਵਾਰੀ ਵਾਲੇ ਕੰਮ ਨੂੰ ਵੀ ਲਾਭਕਾਰੀ ਕੰਮ ਬਣਾ ਰਹੀ ਹੈ। ਸੈਲਫ ਫਾਇਨਾਂਸਡ ਵਿੱਦਿਅਕ ਸੰਸਥਾਵਾਂ ਦੇ ਨਾਮ ਤੇ ਵਪਾਰਿਕ ਵਿੱਦਿਅਕ ਅਦਾਰੇ ਧੜਾਧੜ ਖੁੱਲ ਰਹੇ ਹਨ। ਕਦੀ ਇਹ ਵਿੱਦਿਆ ਮਾਮੂਲੀ ਗੁਰੂ ਦਕਸ਼ਣਾ ਨਾਲ ਗ੍ਰਹਿਣ ਕੀਤੀ ਜਾਂਦੀ ਸੀ ਅੱਜ ਇਸੇ ਵਿੱਦਿਆ ਦੇ ਲਈ ਵਿਦਿਆਰਥੀਆਂ ਨੂੰ ਮੋਟੀ ਰਕਮ ਦਾਨ ਅਤੇ ਫੀਸਾਂ ਦੇ ਨਾਮ ਤੇ ਦੇਣੀ ਪੈਂਦੀ ਹੈ। ਵਪਾਰੀਕਰਨ ਅਤੇ ਨਿੱਜੀਕਰਨ ਨੇ ਸਿੱਖਿਆ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ। ਵਪਾਰਕ ਮੰਡੀ ਵਿੱਚ ਸਿੱਖਿਆ ਖਰੀਦਣ ਅਤੇ ਵੇਚਣ ਦੀ ਵਸਤੂ ਬਣਦੀ ਜਾ ਰਹੀ ਹੈ ਅਤੇ ਇਸਨੂੰ ਬਾਜ਼ਾਰ ਵਿੱਚ ਨਿਸ਼ਚਿਤ ਫੀਸ ਤੋਂ ਵੱਧ ਪੈਸਾ ਦੇ ਕੇ ਖਰੀਦਿਆ ਜਾ ਸਕਦਾ ਹੈ। ਸਮਾਜ ਅਤੇ ਦੇਸ਼ ਦਾ ਭਵਿੱਖ ਤਿਆਰ ਕਰਨ ਵਾਲੇ ਅਧਿਆਪਕ ਅੱਜ ਖੁਦ ਅਪਣੇ ਭਵਿੱਖ ਲਈ ਚਿੰਤਿਤ ਹਨ ਅਤੇ ਅਪਣੀਆਂ ਮੰਗਾਂ ਲਈ ਆਏ ਦਿਨ ਰੋਸ ਪ੍ਰਦਰਸ਼ਨ ਅਤੇ ਹੜਤਾਲ ਕਰ ਰਹੇ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਆ ਰਹੀ ਕੁੜੱਤਣ ਅਤੇ ਵੱਧ ਰਿਹਾ ਫਾਸਲਾ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਵਿੱਦਿਅਕ ਅਦਾਰਿਆਂ ਵਿੱਚ ਬਦਲ ਰਿਹਾ ਮਾਹੌਲ, ਵੱਧ ਰਿਹਾ ਅਪਰਾਧੀਕਰਨ, ਹੋ ਰਿਹਾ ਰਾਜਨੀਤਿਕਰਣ ਅਧਿਆਪਕ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ ਲਗਾ ਰਿਹਾ ਹੈ। ਅਧਿਆਪਕ ਬਣਨ ਲਈ ਸਰਕਾਰ ਨੇ ਇੱਕ ਵਿੱਦਿਅਕ ਪੱਧਰ ਨਿਸ਼ਚਿਤ ਕੀਤਾ ਹੋਇਆ ਹੈ ਜਿਵੇਂ ਪ੍ਰਾਇਮਰੀ ਕਲਾਸਾਂ ਨੂੰ ਪੜਾਉਣ ਵਾਲੇ ਅਧਿਆਪਕਾਂ ਲਈ ਈ ਟੀ ਟੀ ਅਤੇ ਐਨ ਟੀ ਟੀ ਕੋਰਸ ਅਤੇ ਹਾਈ ਸਕੂਲ ਦੀਆਂ ਕਲਾਸਾਂ ਵਾਲੇ ਅਧਿਆਪਕਾਂ ਲਈ ਬੀ ਐਡ ਦੀ ਡਿਗਰੀ, ਕਾਲਜ ਅਧਿਆਪਕ ਲਈ ਐਮ ਏ ਆਦਿ ਜਰੂਰੀ ਹੈ। ਪਿਛਲੇ ਕੁੱਝ ਸਾਲਾਂ ਤੋਂ ਇਨ੍ਹਾਂ ਕੋਰਸਾਂ ਨੂੰ ਮੁਕੰਮਲ ਕਰਨ ਤੋਂ ਬਾਦ ਸਰਕਾਰ ਨੇ ਇੱਕ ਅਧਿਆਪਕ ਯੋਗਤਾ ਟੈਸਟ ਪਾਸ ਕਰਨਾ ਲਾਜ਼ਮੀ ਕਰ ਦਿਤਾ ਹੈ ਜੋਕਿ ਭਵਿੱਖ ਦੇ ਅਧਿਆਪਕਾਂ ਲਈ ਮਾਯੂਸੀ ਅਤੇ ਸ਼ੋਸ਼ਣ ਦਾ ਕਾਰਨ ਬਣਦਾ ਜਾ ਰਿਹਾ ਹੈ ਅਤੇ ਸਰਕਾਰ ਲਈ ਕਮਾਈ ਦਾ ਸਾਧਨ ਬਣ ਗਿਆ ਹੈ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਹੋਏ ਇਸ ਟੈਸਟ ਨੇ ਤਾਂ ਇਹ ਸਾਬਿਤ ਹੀ ਕਰ ਦਿਤਾ ਕਿ ਐਮ ਏ ਬੀ ਐਡ ਵਿੱਚ ਟੋਪਰ ਰਹਿਣ ਵਾਲੇ ਅਧਿਆਪਕ ਵੀ ਨਿਕੰਮੇ ਹੀ ਹਨ ਅਤੇ 10 ਫਿਸਦੀ ਤੋਂ ਵੀ ਘੱਟ ਪ੍ਰੀਖਿਆਰਥੀਆਂ ਨੇ ਹੀ ਇਹ ਟੈਸਟ ਪਾਸ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕ ਪਾਸੇ ਬੀ ਐਡ ਵਿੱਚ ਦਾਖਲੇ ਲਈ ਸਰਕਾਰ ਨੇ 40 ਫਿਸਦੀ ਅੰਕ ਦੀ ਸ਼ਰਤ ਰੱਖੀ ਹੋਈ ਹੈ ਪਰੰਤੂ ਦੂਜੇ ਪਾਸੇ ਇਸ ਟੈਸਟ ਨੂੰ ਪਾਸ ਕਰਨ ਲਈ 60 ਫਿਸਦੀ ਨੰਬਰ ਰੱਖੇ ਗਏ ਸਨ। ਸਰਕਾਰ ਵਲੋਂ ਕਰਵਾਇਆ ਜਾ ਰਿਹਾ ਅਧਿਆਪਕ ਯੋਗਤਾ ਟੈਸਟ ਹੁਣ ਟੈਸਟ ਦੇਣ ਵਾਲਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਅਧਿਆਪਕ ਭਰਤੀ ਮਾਮਲੇ ਵਿੱਚ ਦੇਸ ਦੇ ਵੱਖ ਵੱਖ ਸੂਬਿਆਂ ਵਿੱਚ ਹੋਏ ਘੋਟਾਲਿਆਂ ਕਾਰਨ ਵੀ ਅਧਿਆਪਕ ਵਰਗ ਵਿੱਚ ਬੇਚੈਨੀ ਪਾਈ ਜਾ ਰਹੀ ਹੈ। ਨਕਲੀ ਅਤੇ ਜਾਅਲੀ ਡਿਗਰੀਆਂ ਵਾਲੇ ਸਿਫਾਰਸ਼ੀ ਅਤੇ ਰਿਸ਼ਵਤ ਦੇਕੇ ਭਰਤੀ ਹੋਏ ਅਧਿਆਪਕ ਵੀ ਸਿੱਖਿਆ ਦੇ ਨਾਮ ਤੇ ਕਲੰਕ ਹਨ। ਸਮਾਜ ਅਤੇ ਦੇਸ਼ ਦਾ ਭਵਿੱਖ ਤਿਆਰ ਕਰਨ ਵਾਲੇ ਅਧਿਆਪਕ ਅੱਜ ਖੁਦ ਅਪਣੇ ਭਵਿੱਖ ਲਈ ਚਿੰਤਿਤ ਹਨ ਅਤੇ ਅਪਣੇ ਹੱਕਾਂ ਲਈ ਆਏ ਦਿਨ ਰੋਸ ਪ੍ਰਦਰਸ਼ਨ ਅਤੇ ਹੜਤਾਲ ਕਰ ਰਹੇ ਹਨ। ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਆ ਰਹੀ ਕੁੜੱਤਣ ਅਤੇ ਵਧ ਰਿਹਾ ਫਾਸਲਾ ਵੀ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ।




ਵਿੱਦਿਅਕ ਅਦਾਰਿਆਂ ਵਿੱਚ ਬਦਲ ਰਿਹਾ ਮਾਹੌਲ, ਵਧ ਰਿਹਾ ਅਪਰਾਧੀਕਰਨ, ਹੋ ਰਿਹਾ ਰਾਜਨੀਤਿਕਰਣ ਅਧਿਆਪਕ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ ਲਗਾ ਰਿਹਾ ਹੈ। ਦੇਸ਼ ਵਿੱਚ ਅਧਿਆਪਕ ਦੇ ਮਹੱਤਵ ਨੂੰ ਘਟਾ ਰਹੀ ਅਧਿਆਪਕ ਦੀ ਭੂਮਿਕਾ ਮੁੜ ਕਦੋਂ ਗੁਰੂ ਵਾਲੀ ਭੂਮਿਕਾ ਬਣੇਗੀ ਇਹ ਅਜੇ ਤੱਕ ਇੱਕ ਵੱਡਾ ਸਵਾਲ ਹੈ। ਅੱਜ ਜਰੂਰਤ ਹੈ ਕਿ ਅਸੀਂ ਅਪਣੇ ਵਿੱਦਿਅਕ ਢਾਂਚੇ ਵਿੱਚ ਸੁਧਾਰ ਕਰੀਏ ਅਤੇ ਇਸਦੇ ਹੋ ਰਹੇ ਵਪਾਰੀਕਰਣ ਨੂੰ ਰੋਕੀਏ। ਸਰਕਾਰਾਂ ਨੂੰ ਵੀ ਇਸ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਜੋ ਸਾਡੇ ਸਮਾਜ ਸੁਧਾਰਕਾਂ ਵਲੋਂ ਚਲਾਈ ਗਈ ਸਿਖੱਿਆ ਦੀ ਮੁਹਿੰਮ ਕਾਇਮ ਰਹਿ ਸਕੇ ਤੇ ਦੇਸ਼ ਵਿੱਚ ਅਧਿਆਪਕ ਵਰਗ ਦਾ ਰੁਤਵਾ ਸੱਚਮੁੱਚ ਸਨਮਾਨਯੋਗ ਬਣ ਸਕੇ। ਜੇਕਰ ਸਰਕਾਰ ਅਤੇ ਸਮਾਜ ਦੇ ਬੁੱਧੀਜਿਵੀ ਵਰਗ ਨੇ ਹੁਣ ਵੀ ਇਸ ਸਬੰਧੀ ਗੰਭੀਰਤਾਂ ਨਾਲ ਨਾਂ ਸੋਚਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਧਿਆਪਕ ਜਿਸਨੇ ਸਮਾਜ ਦੇ ਭਵਿਖ ਦਾ ਨਿਰਮਾਣ ਕਰਨਾ ਹੈ ਅਪਣੇ ਮੂਲ ਫਰਜ਼ ਨੂੰ ਭੁੱਲ ਜਾਵੇਗਾ ਤੇ ਹੋਲੀ ਹੋਲੀ ਇਸ ਦਿਨ ਦਾ ਵੀ ਕੋਈ ਮਹੱਤਵ ਨਹੀਂ ਰਹੇਗਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮੈਰਿਕਨ ਸੀਨੀਅਰ ਸਿਟੀਜ਼ਨਸ ਗਰੁੱਪ ਸੈਕਰਾਮੈਂਟੋ ਦੇ ਮੈਂਬਰ ਸ੍ਰੀ ਅਜੈਬ ਸਿੰਘ ਧਾਲੀਵਾਲ ਦਾ ਐਲਕ ਗਰੋਵ ਦੇ ਮੇਅਰ ਵੱਲੋਂ ਸਨਮਾਨ



ਬੜੇ ਮਾਣ ਨਾਲ ਇਹ ਗੱਲ ਦੱਸੀ ਜਾ ਰਹੀ ਹੈ ਕਿ ਸ੍ਰੀ ਅਜੈਬ ਸਿੰਘ ਧਾਲੀਵਾਲ ਨੂੰ ਉਹਨਾਂ ਦੇ ਵਧੀਆ ਕੰਮ ਕਰਕੇ ਐਲਕ ਗਰੋਵ ਦੇ ਮੇਅਰ ਸਟੀਵ ਲੀਅ ਵੱਲੋਂ ਸਨਮਾਨ ਪੱਤਰ ਦਿੱਤਾ ਗਿਆ ਹੈ। ਮੈਂਬਰਾਂ ਦੇ ਆਨਲਾਈਨ ਮੀਟਿੰਗ ਕਰਨ ਸਬੰਧੀ ਜ਼ੂਮ ਤੇ ਐਪ ਬਣਾ ਕੇ ਸਾਰੇ ਮੈਂਬਰਾਂ ਨੂੰ ਜੋੜਨ ਸਬੰਧੀ ਵਿਸ਼ੇਸ਼ ਉਪਰਾਲਾ ਕੀਤਾ। ਉਹਨਾਂ ਦੀ ਮਿਹਨਤ ਸਦਕਾ ਇਹ ਐਪ ਬਹੁਤ ਵਧੀਆ ਚੱਲ ਰਹੀ ਹੈ ਅਤੇ ਸਮੇਂ-ਸਮੇਂ 'ਤੇ ਉਹ ਮੈਂਬਰਾਂ ਨੂੰ ਗਾਇ.ਡ ਕਰਦੇ ਰਹਿੰਦੇ ਹਨ। ਇਸ ਐਪ ਉਪਰ 500 ਤੱਕ ਲੋਕ ਜੁੜ ਸਕਦੇ ਹਨ।

ਇਸ ਵਿਸ਼ੇਸ਼ ਕੰਮ ਲਈ ਜੋ ਸਨਮਾਨ ਪੱਤਰ ਮਿਲਿਆ ਹੈ, ਉਹ ਉਸਦੇ ਹੱਕਦਾਰ ਹਨ ਅਤੇ ਅੱਗੇ ਵੀ ਉਹਨਾਂ ਤੋਂ ਕਮਿਊਨਿਟੀ ਦੀ ਸੇਵਾ ਦੀ ਆਸ ਕਰਦੇ ਰਹਾਂਗੇ।

**– ਸੁਖਚੈਨ ਸਿੰਘ, ਬਿੱਕਰ ਸਿੰਘ ਮਾਨ**






# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਹੀਨੇ ਵਾਰ ਬੈਠਕ ਜ਼ੂਮ ਕਮਰੇ 'ਚ ਹੋਈ

**ਬੇਅ-ਏਰੀਆ ਕੈਲੀਫੋਰਨੀਆ-** ਕਰੋਨਾ ਮਹਾਂ-ਮਾਰੀ ਦੀ ਲਪੇਟ ਵਿੱਚ ਆਈ ਮਨੁੱਖਤਾ ਹਰ ਤਰ੍ਹਾਂ ਦੀਆਂ ਸਮਾਜਿਕ ਗਤੀਵਿਧੀਆਂ ਤੋਂ ਕੱਟ ਕੇ ਇਕੱਲੇ-ਪਣ ਅਤੇ ਉਦਾਸੀ ਦੇ ਆਲਮ ਵਿੱਚੋਂ ਗੁਜ਼ਰ ਰਹੀ ਹੈ। ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀਆਂ ਸਾਹਿਤਕ ਬੈਠਕਾਂ ਵੀ ਬੇਸ਼ੱਕ ਪਿਛਲੇ 6 ਮਹੀਨੇ ਤੋਂ ਅਮਲੀ ਰੂਪ ਵਿੱਚ ਨਹੀਂ ਹੋ ਸਕੀਆਂ, ਪਰ ਇੰਟਰਨੈੱਟ ਦੇ ਜ਼ਰੀਏ ਵਿਪਸਾ ਮੈਂਬਰ ਮਹੀਨੇ ਵਾਰਜ਼ੂਮ ਬੈਠਕਾਂ ਵਿੱਚ ਹਿੱਸਾ ਲੈ ਕੇ ਰਚਨਾਤਮਿਕ ਕਾਰਜਾਂ ਨੂੰ ਨਿਰੰਤਰਤਾ ਨਾਲ ਅੱਗੇ ਤੋਰ ਰਹੇ ਹਨ। ਅਗੱਸਤ ਮਹੀਨੇ ਦੀ ਬੈਠਕ ਵੀ 24 ਅਗੱਸਤ ਦਿਨ ਅਤਵਾਰ ਨੂੰ 1 ਵਜੇ ਬਾਅਦ ਦੁਪਹਿਰ ਵਿਪਸਾ ਦੇ ਜ਼ੂਮ ਕਮਰੇ ਵਿੱਚ ਸ਼ੁਰੂ ਹੋਈ। ਵਿਪਸਾ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ (ਜ਼ੂਮ)ਹਾਜ਼ਰੀਨ ਨੂੰ ਜੀਅ ਆਇਆਂ ਕਿਹਾ ਅਤੇ ਪੰਜਾਬੀ ਸਾਹਿਤ ਜਗਤ ਨੂੰ ਸਦੀਵੀ ਅਲਵਿਦਾ ਕਹਿ ਗਏ ਲੇਖਕ ਭੂਰਾ ਸਿੰਘ ਕਲੇਰ ਨੂੰ ਸ਼ਰਧਾਂਜਲੀ ਦਿੱਤੀ। ਸੀਰਤ, ਜਗਜੀਤ ਅਤੇ ਰੇਸ਼ਮ ਸਿੱਧੂ ਨੇ ਕਲੇਰ ਦੇ ਸੰਘਰਸ਼-ਮਈ ਜੀਵਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਰੇਸ਼ਮ ਸਿੱਧੂ ਨੇ ਆਪਣੇ ਪਿੰਡ ਪੂਹਲੇ ਰਾਹੀਂ ਕਲੇਰ ਨਾਲ ਆਪਣੀਆਂ ਸਾਂਝਾਂ ਨੂੰ ਤਾਜ਼ਾ ਕੀਤਾ। ਸੁਰਿੰਦਰ ਸੀਰਤ ਨੇ ਕੈਲੀਫੋਰਨੀਆ ਵਸਨੀਕ ਕਹਾਣੀਕਾਰ ਚਰਨਜੀਤ ਸਿੰਘ ਪਨੂੰ ਦੇ ਮਾਤਾ ਜੀ ਬੀਬੀ ਦਲਜੀਤ ਕੌਰ ਨੂੰ ਵੀ ਸ਼ਰਧਾਂਜਲੀ ਪੇਸ਼ ਕੀਤੀ ਜੋ ਪਿਛਲੇ ਦਿਨੀਂ 97 ਸਾਲ ਦੀ ਤੰਦਰੁਸਤ ਜ਼ਿੰਦਗੀ ਹੰਢਾ ਕੇ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਪਨੂੰ ਨੇ ਸੰਤੁਸ਼ਟੀ ਜ਼ਾਹਿਰ ਕੀਤੀ ਕਿ ਉਹ ਮਾਤਾ ਦੇ ਆਖਰੀ ਵਕਤ ਪੰਜਾਬ ਵਿੱਚ ਉਹਨਾਂ ਦੇ ਅੰਗ ਸੰਗ ਸਨ। ਇਸ ਉਪਰੰਤ ਸਭ ਨੇ 2 ਮਿੰਟ ਦਾ ਮੋਨ ਰੱਖ ਕੇ ਵਿਛੜੀਆਂ ਆਤਮਾਵਾਂ ਲਈ ਅਰਦਾਸ ਕੀਤੀ।

ਵਿਪਸਾ ਦੇ ਸਰਗਰਮ ਮੈਂਬਰ ਤੇ ਕਵੀ ਕੁਲਵਿੰਦਰ,ਜੋ ਕਿ ਕਰੋਨਾ ਤੋਂ ਪੀੜ੍ਹਤ ਰਹੇ ਹਨ, ਨੇ 2 ਮਹੀਨੇ ਬਾਅਦ ਹਾਜ਼ਰੀ ਲਵਾਈ। ਸਭ ਦੋਸਤਾਂ ਨੇ ਕੁਲਵਿੰਦਰ ਦੇ ਤੰਦਰੁਸਤ ਹੋਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਕੁਲਵਿੰਦਰ ਨੇ



ਤਹਿ ਦਿਲੋਂ ਸ਼ੁਕਰਾਨਾ ਜ਼ਾਹਿਰ ਕੀਤਾ ਕਿ ਸਭ ਦੀਆਂ ਦੁਆਵਾਂ ਸਦਕਾ ਹੁਣ ਉਹ ਪੂਰੀ ਤਰ੍ਹਾਂ ਠੀਕ ਹੈ। ਕੁਲਵਿੰਦਰ ਦੀ ਗੈਰ ਹਾਜ਼ਰੀ ਕਾਰਣ ਜੁਲਾਈ ਮਹੀਨੇ ਦੀ ਬੈਠਕ ਮੁਲਤਵੀ ਕਰਨੀ ਪਈ ਸੀ। ਗੁਲਸ਼ਨ ਦਿਆਲ ਨੇ ਜੂਨ ਮਹੀਨੇ ਦੀ ਰਿਪੋਰਟ ਪੜ੍ਹ ਕੇ ਸਭ ਨਾਲ ਸਾਂਝੀ ਕੀਤੀ। ਵਿਪਸਾ ਦੇ ਵਿੱਤ-ਸਕੱਤਰ ਤਾਰਾ ਸਿੰਘ ਸਾਗਰ ਨੇ ਮਾਇਕ ਲੇਖਾ ਜੋਖਾ ਸਾਂਝਾ ਕੀਤਾ ਅਤੇ ਸਭ ਮੈਂਬਰਾਂ ਨੂੰ ਸਾਲਾਨਾ ਮੈਂਬਰਸ਼ਿਪ ਜਮ੍ਹਾ ਕਰਵਾਉਣ ਲਈ ਬੇਨਤੀ ਕੀਤੀ। ਇਸ ਮੁਤੱਲਕ ਉਹ ਤਫ਼ਸੀਲ ਸਹਿਤ ਈ-ਮੇਲ ਵੀ ਕੱਢਣਗੇ।

ਸਾਹਿਤਕ ਸੈਸ਼ਨ ਦੀ ਕਾਰਵਾਈ ਸ਼ੁਰੂ ਕਰਦਿਆਂ ਜਗਜੀਤ ਨੌਸ਼ਹਿਰਵੀ ਨੇ ਸ਼ਿਰਕਤ ਕਰ ਰਹੇ ਲੇਖਕਾਂ ਨੂੰ ਜੀ ਆਇਆਂ ਨੂੰ ਕਿਹਾ। ਕਰੋਨਾ ਸੰਕਟ 'ਚ ਆਪਣੇ ਪਿਆਰਿਆਂ ਦੇ ਚਿਹਰੇ ਦਿੱਖ ਜਾਣਾ ਵੀ ਖੁਸ਼ੀ ਦੀ ਗੱਲ ਹੈ ਪਰ ਜੇ ਉਹਨਾਂ ਚਿਹਰਿਆਂ ਰਾਹੀਂ ਕਵਿਤਾ ਨਾਲ ਸਾਂਝ ਪੀੜ੍ਹੀ ਹੋਵੇ ਤਾਂ ਸੋਨੇ ਤੇ ਸੁਹਾਗਾ। ਵਿਪਸਾ ਦੀ ਸਕੱਤਰ ਲਾਜ ਨੀਲਮ ਸੈਣੀ ਨੇ ਅਜਿਹੇ ਹੀ ਕੁਝ ਮਹਿਸੂਸ ਕਰਦਿਆਂ, ਕੁਲਵਿੰਦਰ ਦ ਸਿਹਤ ਲਈ ਸ਼ੁਭ ਇੱਛਾਵਾਂ ਪੇਸ਼ ਕਰਦੀ ਆਪਣੀ ਕਵਿਤਾ ਦੀ ਕੁਝ ਸਤਰਾਂ ਪੜ੍ਹ ਕੇ ਸੁਣਾਈਆਂ। ਮਹਿੰਦਰ ਸਿੰਘ ਸੰਘੇੜਾ ਨੇ ਆਪਣੀ ਨਜ਼ਮ ਸੁਣਾਈ ਅਤੇ ਪ੍ਰਿੰ. ਹਰਨੇਕ ਸਿੰਘ ਨੇ ਆਪਣੀ ਨਿੱਕੀ ਪਰ ਡੂੰਘੇ ਅਰਥਾਂ ਵਾਲੀ ਮਿੰਨੀ ਕਹਾਣੀ ਸੁਣਾ ਕੇ ਹਾਜ਼ਰੀ ਲਵਾਈ। ਚਰਨਜੀਤ ਸਿੰਘ ਪਨੂੰ ਅਤੇ ਤਾਰਾ ਸਿੰਘ ਸਾਗਰ ਨੇ ਆਪਣੀਆਂ ਨਜ਼ਮਾਂ ਪੇਸ਼ ਕੀਤੀਆਂ। ਉਪਰੰਤ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਜ਼ਾਲਮ ਅਤੇ ਬੇਵਫਾ ਮਰਦਾਂ ਦੀ ਦੁਨੀਆਂ ਵਿੱਚ ਇਸਤਰੀ ਮਨ ਵੱਲੋਂ ਸਹੇ ਜਾਂਦੇ ਤਸੀਹਿਆਂ ਨੂੰ ਪ੍ਰਗਟਾਉਂਦੀ ਇੱਕ ਔਰਤ ਦੀ ਕਹਾਣੀ ਦੱਸਦੀ ਲੰਬੀ ਕਵਿਤਾ ਪੇਸ਼ ਕੀਤੀ ਅਤੇ ਸਰੋਤਿਆਂ ਦੀ ਦਾਦ ਵਸੂਲ ਕੀਤੀ। ਡਾ: ਗੁਰਪ੍ਰੀਤ ਧੁੱਗਾ ਨੇ ਦੋ ਗ਼ਜ਼ਲਾਂ ਸੁਣਾ ਕੇ ਆਪਣੀ ਹਾਜ਼ਰੀ ਲਵਾਈ। ਜਿਓਤੀ ਸਿੰਘ ਅਤੇ ਜਗਜੀਤ ਨੌਸ਼ਹਿਰਵੀ ਨੇ ਵੀ ਆਪਣੀ ਇੱਕ ਇੱਕਨਜ਼ਮ ਸੁਣਾਈ। ਡਾ: ਸੁਖਪਾਲ ਸੰਘੇੜਾ ਨੇ ਫ਼ਲਸਫ਼ੀ ਲਹਿਜੇ ਵਿੱਚ ਨਜ਼ਮ ਸੁਣਾਈ ਜਿਸਦੀ ਸਰੋਤਿਆਂ ਵੱਲੋਂ ਬਹੁਤ ਸਰਾਹਣਾ ਕੀਤੀ ਗਈ। ਕੁਲਵਿੰਦਰ ਨੇ ਤਤਕਾਲੀ ਅਮਰੀਕੀ ਸਮਾਜ ਵਿੱਚ ਵਾਪਰ ਰਹੀਆਂ ਸਿਆਸੀ ਘਟਨਾਵਾਂ ਪਿਛੇ ਕੰਮ ਕਰਦੇ ਮਨੁੱਖੀ ਸਰੋਕਾਰ ਨੂੰ ਵਿਅਕਤ ਕਰਦੀ ਇੱਕ ਮੁਸਲਸਲ ਗ਼ਜ਼ਲ ਪੇਸ਼ ਕੀਤੀ। ਕਨੇਡਾ ਤੋਂ ਇਸ ਮਹਿਫ਼ਲ ਵਿੱਚ ਹਿੱਸਾ ਲੈ ਰਹੇ ਕਵੀ ਪਿਆਰਾ ਕੁੱਦੋਵਾਲ ਨੇ ਤਰੰਨਮ ਵਿੱਚ ਆਪਣੀ ਨਜ਼ਮ ਕਹੀ, ਜਦ ਕਿ ਕਵਿਤਰੀ ਸੁਰਜੀਤ, ਸੁਖਵਿੰਦਰ ਕੰਬੋਜ ਅਤੇ ਕਈ ਹੋਰ ਹਾਜ਼ਰੀਨ ਇੰਟਰਨੈੱਟ ਦੇ ਟੁੱਟਦੇ ਬਣਦੇ ਰਿਸ਼ਤੇ 'ਚ ਮਹਿਫ਼ਲ ਦੇ ਨਾਲ ਨਾਲਗੁਜ਼ਰਦੇ ਰਹੇ।

ਮਹਿਫ਼ਲ ਦੇ ਅੰਤ ਤੇ ਸੁਰਿੰਦਰ ਸੀਰਤ ਨੇ ਕੁਝ ਸ਼ੇਅਰ ਕਹੇ ਅਤੇ ਆਪਣੀ ਗ਼ਜ਼ਲ ਤਰੰਨਮ ਵਿਚ ਸੁਣਾ ਕੇ ਸਰੋਤਿਆਂ ਨੂੰ ਅੰਤਰ ਮੁਗਧ ਕੀਤਾ। ਅਮਰਜੀਤ ਕੌਰ ਪਨੂੰ ਅਤੇ ਗੁਲਸ਼ਨ ਦਿਆਲ ਅਗਲੀ ਬੈਠਕ ਵਿੱਚ ਆਪਣੀਆਂ ਕਵਿਤਾਵਾਂ ਸੁਣਾਉਣ ਦਾ ਵਾਅਦਾ ਕਰਦਿਆਂ ਮਹਿਫ਼ਲ ਦਾ ਆਨੰਦ ਮਾਣਦੀਆਂ ਰਹੀਆਂ। ਸੁਰਿੰਦਰ ਸੀਰਤ ਵੱਲੋਂ ਅਗਲੀ ਜ਼ੂਮ ਬੈਠਕ ਦਾ ਦਾਇਰਾ ਹੋਰ ਵਧਾਉਣ ਅਤੇ ਦੂਰ ਦੁਰਾਡੇ ਬੈਠੇ ਪੰਜਾਬੀ ਸ਼ਾਇਰਾਂ ਦਾ ਸਾਥ ਮਾਣਨ ਦਾ ਇਰਾਦਾ ਪ੍ਰਗਟ ਕਰਦਿਆਂ ਮਹਿਫ਼ਲ ਨੇਪਰੇ ਚੜੀ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੇ ਪ੍ਰਬੰਧਕਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਲਈ ਇੱਕ ਲੱਖ ਰੁਪਏ ਭੇਂਟ


**ਅੰਮ੍ਰਿਤਸਰ–** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਅਮਰੀਕਾ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਇੱਕ ਲੱਖ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ। ਇਹ ਰਾਸ਼ੀ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ ਰਾਹੀਂ ਭੇਜੀ ਗਈ ਹੈ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਜਗਸੀਰ ਸਿੰਘ ਮਾਂਗੇਆਣਾ ਅਤੇ ਸ. ਭੁਪਿੰਦਰ ਸਿੰਘ ਅਸੰਧ ਦੀ ਹਾਜ਼ਰੀ ਵਿਚ ਸਕੱਤਰ ਸ. ਮਹਿੰਦਰ ਸਿੰਘ ਆਹਲੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੁਖਤਾਰ ਸਿੰਘ ਨੂੰ ਸੌਂਪੀ। ਸ. ਸਰੋਆ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ ਵਿਚ ਹਰ ਸਾਲ 10 ਸਤੰਬਰ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਸਮਾਗਮ ਕਰਵਾਇਆ ਜਾਂਦਾ ਹੈ। ਇਸ ਸਬੰਧ ਵਿਚ ਲੰਗਰ ਲਈ ਅਮ–ਰੀਕਾ ਨਿਵਾਸੀ ਸੰਗਤਾਂ ਨੇ ਮਾਇਆ ਭੇਜ ਕੇ ਸ਼ਰਧਾ ਪ੍ਰਗਟਾਈ ਹੈ। ਉਨ੍ਹਾਂ ਦੱਸਿਆ ਕਿ ਸਮਾਗਮ ਮੌਕੇ ਅਮਰੀਕਾ ਤੋਂ ਵੱਡੀ ਗਿਣਤੀ ਸੰਗਤਾਂ ਹਰ ਸਾਲ ਸਮਾਗਮ ਸਮੇਂ ਪੁੱਜਦੀਆਂ ਹਨ, ਪਰੰਤੂ ਇਸ ਵਾਰ ਕੋਰੋਨਾ ਕਾਰਨ ਇਹ ਸੰਭਵ ਨਹੀਂ ਹੈ।



ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਨੇ ਜਿਥੇ ਮਾਇਆ ਭੇਜੀ ਹੈ, ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਵੀ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਹੈ। ਸ. ਸਰੋਆ ਨੇ ਦੱਸਿਆ ਕਿ ਸਮਾਗਮ ਸਮੇਂ ਲੰਗਰ ਲਈ ਰਾਸ਼ੀ ਭੇਜਣ ਵਾਲਿਆਂ ਵਿਚ ਸ. ਗੁਰਮੀਤ ਸਿੰਘ ਮਹਿਮਦਪੁਰ ਪ੍ਰਧਾਨ, ਸ. ਹਿੰਮਤ ਸਿੰਘ ਸਰਪੰਚ, ਸ. ਰਘਬੀਰ ਸਿੰਘ ਸੁਭਾਨਪੁਰ, ਸ. ਸਤਨਾਮ ਸਿੰਘ ਟਾਹਲੀ ਚੇਅਰਮੈਨ, ਮਾਸਟਰ ਮਹਿੰਦਰ ਸਿੰਘ, ਸ. ਰਘਬੀਰ ਸਿੰਘ ਬੰਬੀ ਅਤੇ ਸ. ਬਲਦੇਵ ਸਿੰਘ ਗਿਲਜੀਆਂ ਸ਼ਾਮਲ ਹਨ। ਅਮਰੀਕਾ ਦੀਆਂ ਸੰਗਤਾਂ ਵੱਲੋਂ ਭੇਜੀ ਰਾਸ਼ੀ ਸੌਂਪਣ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਸ. ਪਰਮਜੀਤ ਸਿੰਘ ਸਰੋਆ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨ–ਮਾਨਿਤ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਬੀਬੀ ਜੋਗਿੰਦਰ ਕੌਰ ਬਠਿੰਡਾ, ਮੀਤ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ ਆਦਿ ਮੌਜੂਦ ਸਨ।

# ਹਸਪਤਾਲਾਂ ਵਿੱਚ ਕਰੋਨਾ ਕਾਲ ਦੌਰਾਨ ਅੰਗ ਕੱਢਣ ਦੀਆਂ ਹੋ ਰਹੀਆਂ ਵਾਇਰਲ ਵੀਡੀਓ ਦੇ ਸੱਚ ਦੀ ਜਲਦੀ ਹੋਵੇ ਜਾਂਚ - ਅਸ਼ੋਕ ਮਹਿਰਾ

**ਫਗਵਾੜਾ (ਬੀ ਕੇ ਰੱਤੂ)–** ਕੁੱਝ ਦਿਨਾਂ ਤੋਂ ਸ਼ੋਸ਼ਲ ਮੀਡੀਆ ਤੇ ਬਹੁੱਤ ਸਾਰੀਆਂ ਵੀਡੀਓ ਅਤੇ ਆਡੀਓ ਵਾਇਰਲ ਹੋ ਰਹੀਆਂ ਹਨ। ਇਹਨਾਂ ਵਿੱਚ ਕਿਹਾ ਜਾ ਰਿਹਾ ਕਿ ਕਰੋਨਾ ਬਿਮਾਰੀ ਦੇ ਇਲਾਜ ਲਈ ਹਸਪਤਾਲ ਵਿੱਚ ਦਾਖਲ ਮਰੀਜਾਂ ਦੇ ਅੰਗ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਕੱਢੇ ਜਾ ਰਹੇ ਹਨ। ਇਹ ਵਾਇਰਲ ਖਬਰਾਂ ਅੱਗ ਵਾਂਗ ਫੈਲ ਰਹੀਆਂ ਹਨ ਅਤੇ ਲੋਕਾਂ ਦੇ ਮਨਾਂ ਵਿੱਚ ਬਹੁੱਤ ਜਿਆਦਾ ਡਰ ਦਾ ਕਾਰਨ ਬਣ ਰਹੀਆਂ ਹਨ। ਇਹਨਾਂ ਵਿੱਚ ਦੱਸਿਆਂ ਜਾ ਰਿਹਾ ਕਿ ਕਰੋਨਾ ਦਾ ਟੈਸਟ ਵੀ ਨਾਂ ਕਰਵਾਓ ਅਤੇ ਇਸ ਬਿਮਾਰੀ ਦਾ ਇਲਾਜ ਕਰਵਾਉਣ ਲਈ ਹਸਪਤਾਲ ਵੀ ਨਾ ਜਾਓ ਕਿਉਂਕਿ ਉੱਥੇ ਤੁਹਾਨੂੰ ਮਾਰ ਕੇ ਅੰਗ ਕੱਢ ਲਏ ਜਾਣਗੇ। ਇਹ ਬਹੁੱਤ ਹੀ ਗੰਭੀਰ ਆਰੋਪ ਹਨ ਅਤੇ ਇਹਨਾਂ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਕਰੋਨਾ ਦੇ ਟੈਸਟ ਕਰਵਾਉਣ ਤੋਂ ਵੀ ਡਰ ਰਹੇ ਹਨ। ਸਟੇਟ ਕੋ–ਆਰਡੀਨੇਟਰ ਅਸ਼ੋਕ ਮਹਿਰਾ ਜੀ ਨੇ ਦੱਸਿਆ ਕਿ ਅਸੀ ਕਿੰਨੇ ਸਾਲ ਤੋਂ ਮਿਹਨਤ ਨਾਲ ਲੋਕਾਂ ਨੂੰ ਖੂਨ, ਅੱਖਾਂ ਅਤੇ ਅੰਗਦਾਨ ਲਈ ਪ੍ਰੇਰ ਰਹੇ ਹਾਂ ਤੇ ਲੋਕ ਸਾਨੂੰ ਵੀ ਸਵਾਲ ਕਰ ਰਹੇ ਹਨ ਕਿ ਇਹ ਕੀ ਹੋ ਰਿਹਾ ਹੇ? ਇਹਨਾਂ ਵਾਇਰਲ ਵੀਡੀਓ ਵਿੱਚ ਲਗਾਏ ਦੋਸ਼ਾਂ ਦੀ ਜਾਂਚ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਏਜੰਸੀਆਂ ਵੱਲੋਂ ਤੁਰੰਤ ਕਰਵਾਈ ਜਾਵੇ ਅਤੇ ਜੇਕਰ ਇਸ ਵਿੱਚ ਕੋਈ ਸਚਾਈ ਹੈ ਤਾਂ ਦੋਸ਼ੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ ਨਹੀਂ ਤਾਂ ਇਹ ਖਬਰਾਂ ਵਾਇਰਲ ਕਰਨ ਵਾਲਿਆਂ ਤੇ ਡਰ ਦਾ ਮਹੌਲ ਬਣਾਉਣ ਲਈ ਕਾਨੂੰਨੀ ਕਾਰਵਾਈ ਹੋਵੇ। ਉਹਨਾਂ ਦੱਸਿਆ ਪੂਰੇ ਪੰਜਾਬ ਵਿੱਚ ਤਿੰਨ ਚਾਰ ਕੁ



ਹਸਪਤਲਾ ਹਨ ਜਿਹਨਾਂ ਵਿੱਚ ਅੰਗਦਾਨ ਕਰਵਾਉਣ ਅਤੇ ਟਰਾਂਪਲਾਂਟ ਕਰਵਾਉਣ ਦੇ ਮਾਹਿਰ ਡਾਕਟਰ ਅਤੇ ਸਾਧਨ ਮੋਜੂਦ ਹਨ। ਇਹਨਾਂ ਵਿੱਚ ਹੀ ਅੰਗਦਾਨ ਹੋ ਸਕਦੇ ਹਨ। ਅੰਗਦਾਨ ਬ੍ਰੇਨ ਡੈੱਥ ਤੋਂ ਬਾਅਦ ਹੀ ਹੋ ਸਕਦੇ ਹਨ। ਅੰਗ ਲੈਣ ਲਈ ਮਾਹਿਰ ਡਾਕਟਰਾਂ ਅਤੇ ਜਰੂਰੀ ਸਾਧਨਾਂ ਦੀ ਲੋੜ ਹੈ ਜਿਵੇਂ ਕਿਡਨੀ ਕੱਢਣ ਲਈ ਯੂਰੋਲੋਜਿਸਟ (Urologist), ਦਿਲ (Heart) ਲੈਣ ਵਾਲਾ ਕਾਰਡੀਓਲੋ–ਜਸਟ (Caridlogist), ਲਿਵਰ ਲੈਣ ਵਾਲਾ ਹੈਪਟੋਲੋਜਿਸਟ (Hapatologist) ਅਤੇ ਅੱਖਾਂ ਲਈ ਔਪਥਾਲਮੋਲਿਜਸਟ (Optholmologist) ਦੀ ਲੋੜ ਹੁੰਦੀ ਹੈ ਇਹਨਾਂ ਨੂੰ ਮਾਹਰ ਡਾਕਟਰ ਹੀ ਲੈ ਸਕਦੇ ਹਨ ਤੇ ਟਰਾਂਸਪਲਾਂਟ ਕਰ ਸਕਦੇ ਹਨ ਕਿਉਂਕਿ ਅੰਗਾਂ ਨੂੰ ਟਰਾਂਸਪਲਾਂਟ ਕਰਨ ਲਈ ਇਹਨਾਂ ਨੂੰ ਸੁਰੱਖਿਅਤ ਅਤੇ ਤੰ–ਦਰੁਸਤ ਰੱਖਣਾ ਬਹੁੱਤ ਲਾਜਮੀ ਹੈ ਅਤੇ ਸਮੇਂ ਸਿਰ ਪਾਉਣਾ ਵੀ ਬਹੁੱਤ ਜਰੂਰੀ ਹੈ।

ਇਹਨਾਂ ਅੰਗਾਂ ਨੂੰ ਟਰਾਂਸਪਲਾਂਟ ਕਰਵਾਉਣ ਵਾਲੇ ਮਰੀਜ ਦੇ ਪਾਉਣ ਲਈ ਮਾਹਰ ਡਾਕਟਰਾਂ ਕੋਲ ਕੁੱਝ ਘੰਟੇ ਦਾ ਹੀ ਸਮਾਂ ਹੁੰਦਾ ਹੈ। ਦਿਲ (Heart) ਅਤੇ ਫੇਫੜੇ (Lungs) ਸਰੀਰ ਤੋਂ ਬਾਹਰ ਕੱਢਣ ਤੋਂ ਬਾਅਦ ਸਿਰਫ 4–6 ਘੰਟੇ ਵਿੱਚ –ਵਿੱਚ ਕਿਸੇ ਮਰੀਜ ਨੂੰ ਟਰਾਂਸਪਲਾਂਟ ਹੋਣੇ ਚਾਹੀਦੇ ਹਨ। ਜਿਗਰ (Liver) ਸਰੀਰ ਤੋਂ ਬਾਹਰ ਕੱਢਣ ਤੋਂ ਬਾਅਦ 8–12 ਘੰਟੇ ਵਿੱਚ ਟਰਾਂਸਪਲਾਂਟ ਹੋਣਾ ਚਾਹੀਦਾ ਹੈ ਅਤੇ ਗੁਰਦੇ (Kidney) ਸਰੀਰ ਤੋਂ ਬਾਹਰ ਕੱਢਣ ਤੋਂ ਬਾਅਦ 24–36 ਘੰਟੇ ਦੇ ਵਿੱਚ ਟਰਾਂਸਪਲਾਂਟ ਹੋਣੀ ਚਾਹੀਦੀ ਹੈ। ਸੋਚਣ ਵਾਲੀ ਗੱਲ ਹੈ ਕੀ ਇਹ ਸਭ ਕੁੱਝ ਕਰੋਨਾ ਮਹਾਂਮਾਰੀ ਵਿੱਚ ਸੰਭਵ ਹੋ ਸਕਦਾ ਹੈ ਅਤੇ ਇਹ ਅੰਗ ਟਰਾਂਸਪਲਾਂਟ ਕਰਨ ਯੋਗ ਵੀ ਹਨ ਕਿਉਂਕਿ ਕਰੋਨਾ ਦੀ ਬਿਮਾਰੀ ਤਾਂ ਇੱਕ ਦੂਸਰੇ ਤੋਂ ਸਾਹ ਦੀ ਹਵਾ ਨਾਲ ਹੀ ਫੈਲ ਰਹੀ ਹੈ ਤਾਂ ਫਿਰ ਇਹਨਾਂ ਅੰਗਾਂ ਦੀ ਸੁਰੱਖਿਅਤਾਂ ਤੇ ਵੀ ਸਵਾਲ ਉੱਠਦੇ ਹਨ ਕਿ ਇਹਨਾਂ ਨਾਲ ਹੋਇਆ ਟਰਾਂਸਪਲਾਂਟ ਕਿਸੇ ਲੋੜਵੰਦ ਮਰੀਜ ਦੀ ਜਾਨ ਬਚਾਉਣ ਦੀ ਬਜਾਇ ਖਤਰੇ ਵਿੱਚ ਵੀ ਪਾ ਸਕਦਾ ਹੈ। ਸਰਕਾਰ ਨੂੰ ਇਸਦੀ ਜਲਦੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਕਰੋਨਾ ਬਿਮਾਰੀ ਦੋਰਾਨ ਬਣ ਰਹੇ ਇਸ ਦਹਿਸ਼ਤ ਦੇ ਮਹੌਲ ਵਿੱਚੋਂ ਕੱਢਣ ਦੀ ਜਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਲੋਕਾਂ ਨੂੰ ਵੀ ਚਾਹੀਦਾ ਹੈ ਕਿਸੇ ਵਾਇਰਲ ਹੋ ਰਹੇ ਵੀਡੀਓ ਜਾਂ ਆਡੀਓ ਦੇ ਤੱਥਾਂ ਦੀ ਜਾਂਚ ਕੀਤੇ ਬਿਨਾਂ ਅੱਗੇ ਸ਼ੇਅਰ ਕਰਨ ਤੋਂ ਪਹਿਲਾਂ ਸੱਚ ਜਾਨਣ ਜਾਂ ਘੋਖਣ ਦੀ ਕੋਸ਼ਿਸ਼ ਜਰੂਰ ਕਰਨ ਨਹੀਂ ਤਾਂ ਇਸ ਨਾਲ ਡਰ ਦਾ ਮਹੌਲ ਬਣਦਾ ਹੈ। ਦੇਖਣ ਵਿੱਚ ਆਇਆ ਹੈ ਨਕਾਰਾਤਮਿਕ ਖਬਰਾਂ ਸਕਾਰਾਤਮਿਕ ਖਬਰਾਂ ਨਾਲੋਂ ਬਹੁੱਤ ਜਲਦੀ ਫੈਲ ਜਾਂਦੀਆਂ ਹਨ।



ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਨਾਭਾ ਵਿਖੇ ਨਾਵਲਕਾਰ ਹਰਜੀਤ ਕੌਰ ਵਿਰਕ ਜੀ ਨੂੰ, ਕਿਰਪਾਲ ਕੌਰ ਯਾਦਗਾਰੀ ਟਰੱਸਟ ਰੂਪਨਗਰ ਦੇ ਪ੍ਰਧਾਨ ਯਾਤਿੰਦਰ ਕੌਰ ਮਾਹਲ ਦੀ ਟੀਮ ਵੱਲੋਂ ਸੱਤਵਾਂ ਬੀਬੀ ਕਿਰਪਾਲ ਕੌਰ ਯਾਦਗਾਰੀ ਸਾਹਿਤਕ ਐਵਾਰਡ ਦਿੱਤਾ ਗਿਆ । ਕੇਂਦਰੀ ਲੇਖਕ ਸਭਾ ਪੰਜਾਬ ਦੇ ਪ੍ਰਧਾਨ ਦਰਸ਼ਨ ਬੁੱਟਰ ਜੀ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਹਰਜੀਤ ਕੌਰ ਵਿਰਕ ਦਾ ਤੀਜਾ ਨਾਵਲ "ਇਕ ਟੋਟਾ ਜਨਮ ਭੂਮੀ" ਅਤੇ ਰਾਜ ਲਾਲੀ ਬਟਾਲਾ ਯੂ ਐਸ ਏ ਦੀ ਕਾਵਿ ਪੁਸਤਕ "ਸੂਰਜਾ ਵੇ ਸੂਰਜਾ" ਵੀ ਲੋਕ ਅਰਪਣ ਕੀਤੀਆਂ ਗਈਆਂ।

# ਪੰਜਾਬ ਵਿਚ ਹੈ ਐਸ.ਸੀ. ਦੇ ਕੋਟੇ ਵਿਚ ਕੋਟਾ, ਐਸ.ਟੀ. ਇੱਥੇ ਨਹੀਂ

**ਚੰਡੀਗੜ੍ਹ–** ਪੰਜਾਬ ਵਿਚ ਅਨੁਸੂਚਿਤ ਜਾਤੀਆਂ ਨੂੰ ਨੌਕਰੀਆਂ ਵਿਚ 25 ਫੀਸਦੀ ਰਿਜ਼ਰਵੇਸ਼ਨ ਮਿਲੀ ਹੋਈ ਹੈ। ਪੰਜਾਬ ਵਿਚ ਅਨੁਸੂਚਿਤ ਜਨਜਾਤੀ ਨਹੀਂ ਹੈ। ਅਨੁਸੂਚਿਤ ਜਾਤੀ ਦੀ ਰਿਜ਼ਰਵੇਸ਼ਨ ਵਿਚ ਰਾਜ ਸਰਕਾਰ ਵੱਲੋਂ ਵਾਲਮੀਕ ਅਤੇ ਮਜ਼ਬੀ ਸਿੱਖਾਂ ਨੂੰ ਅੱਧਾ, ਯਾਨਿ 12.5 ਫੀਸਦੀ ਅਤੇ ਬਾਕੀ 37 ਅਨੁਸੂਚਿਤ ਜਾਤੀਆਂ ਨੂੰ 12.5 ਫੀਸਦੀ ਰਿਜ਼ਰਵੇਸ਼ਨ ਹੈ।

ਪੰਜਾਬ ਵਿਚ ਪਹਿਲਾਂ 37 ਅਨੁਸੂਚਿਤ ਜਾਤੀਆਂ ਸਨ ਪਰ ਅਕਾਲੀ–ਭਾਜਪਾ ਦੇ 2007–12 ਦੇ ਕਾਰਜਕਾਲ ਵਿਚ ਰਾਏ ਸਿੱਖ ਅਤੇ ਮਹਾਤਮਾ ਦੋ ਹੋਰ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਕਰ ਲਿਆ ਗਿਆ।

ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਿਹਾ ਕਿ ਪੰਜਾਬ ਸ਼ਡਿਊਲਡ ਕਾਸਟ ਐਂਡ ਬੈਕਵਾਰਡ ਕਲਾਸਿਜ਼ ਰਿਜ਼ਰਵੇਸ਼ਨ ਇਨ ਸਰਵਿਸ ਐਕਟ 2006 ਦੇ ਸੈਕਸ਼ਨ 45 ਦੇ ਤਹਿਤ ਅਨੁਸੂਚਿਤ ਵਰਗ ਨੂੰ ਨੌਕਰੀਆਂ ਵਿਚ ਮਿਲਣ ਵਾਲੀ ਰਿਜ਼ਰਵੇਸ਼ਨ ਦੀਆਂ 50 ਫੀਸਦੀ ਸੀਟਾਂ ਵਾਲਮੀਕ ਅਤੇ ਮਜਬੀ ਸਿੱਖਾਂ ਨੂੰ ਦਿੱਤੇ ਜਾਣ ਦੀ ਵਿਵਸਥਾ ਕੀਤੀ ਗਈ ਸੀ। ਹਾਈਕੋਰਟ ਨੇ ਇਸ ਵਿਵਸਥਾ ਨੂੰ ਗੈਰ ਸੰਵਿਧਾਨਕ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਸੁਪਰੀਮ ਕੋਰਟ ਨੇ ਈ. ਵੀ. ਚੇਨਈਆ ਬਨਾਮ ਆਂਧਰਾ ਪ੍ਰਦੇਸ਼ ਮਾਮਲੇ ਵਿਚ ਦਿੱਤੇ ਗਏ ਫੈਸਲੇ ਨੂੰ ਆਧਾਰ ਬਣਾਉਂਦੇ ਕਿਹਾ ਸੀ ਕਿ ਐਸ. ਸੀ. ਨੂੰ ਮਿਲਣ ਵਾਲੀ ਰਿਜ਼ਰਵੇਸ਼ਨ ਨੂੰ ਅੱਗੇ ਹੋਰ ਵਰਗੀਕ੍ਰਿਤ ਨਹੀਂ ਕਰ ਸਕਦੇ। ਪੰਜਾਬ ਸਰਕਾਰ ਨੇ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ, ਜਿਸਨੂੰ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਨੇ 2014 ਵਿਚ ਵੱਡੇ ਬੈਂਚ ਨੂੰ ਭੇਜਦੇ ਹੋਏ ਕਿਹਾ ਸੀ ਕਿ ਸੀਨੀਅਰ ਬੈਂਚ ਇਸ ਗੱਲ ’ਤੇ ਫੈਸਲਾ ਕਰੇ ਕਿ ਕੀ ਈ. ਵੀ. ਚੇਨਈਆ ਮਾਮਲੇ ਵਿਚ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਦੇ ਆਦੇਸ਼ਾਂ ’ਤੇ ਸੰਵਿਧਾਨਕ ਬੈਂਚ ਦੁਆਰਾ ਇੰਦਰਾ ਸਾਹਨੀ ਮਾਮਲੇ ਦੇ ਆਦੇਸ਼ਾਂ ਦੀ ਰੌਸ਼ਨੀ ਵਿਚ ਵਿਚਾਰ ਹੋਣਾ ਚਾਹੀਦਾ ਹੈ। ਇੰਦਰਾ ਸਾਹਨੀ ਮਾਮਲੇ ਵਿਚ ਸੁਪਰੀਮ ਕੋਰਟ ਦੇ 9 ਜੱਜਾਂ ਵਾਲੇ ਬੈਂਚ ਵਿਚ ਸ਼ਾਮਲ ਜੱਜਾਂ ਨੇ ਮੰਨਿਆ ਸੀ ਕਿ ਪਿਛੜੀ ਜਾਤੀਆਂ ਨੂੰ ਮਿਲਦੀ ਰਿਜ਼ਰਵੇਸ਼ਨ ਨੂੰ ਰਾਜ ਸਰਕਾਰ ਸੰਵਿਧਾਨ ਦੇ ਅਨੁਛੇਦ 16(4) ਦੇ ਤਹਿਤ ਵਰਗੀਕ੍ਰਿਤ ਕਰ ਸਕਦੀ ਹੈ।


‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com



## ‘ਦੇਸ਼ ਦੁਆਬਾ’

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ–ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ–ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ–ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com



BERKSHIRE HATHAWAY Home Services

BH HS



Shangara Ram

ELITE REAL ESTATE

Realtor CalBRE# 01969522

Cell: 916-479-5587
Fax # 916-721-2373
Office: 916-681-5112
shangararam2@gmail.com

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ

7412 Elsie Ave., Sacramento, CA 95828

# ਕਾਂਗਰਸ ਦਾ ਕੁਝ ਮਿੰਟਾਂ ਦਾ ਵਿਧਾਨ ਸਭਾ ਇਜਲਾਸ ਲੋਕਤੰਤਰ ਲਈ ਖ਼ਤਰੇ ਦੀ ਘੰਟੀ- ਗੜ੍ਹੀ

## ਕਾਂਗਰਸ ਭਾਜਪਾ ਸਰਕਾਰਾਂ ਦੇ ਦਿੱਤੇ ਪੰਜਾਬੀਆਂ ਨੂੰ ਦੁੱਖ ਬਸਪਾ ਬਿਨਾਂ ਕਿਸੇ ਜਾਤੀ ਵਿਤਕਰੇ ਤੋਂ ਖਤਮ ਕਰੇਗੀ

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕੈਪਟਨ ਦੁਆਰਾ ਕਾਹ੍ਲੀ ਕਾਹ੍ਲੀ ਵਿੱਚ ਰੱਖੇ ਇੱਕ ਦਿਨਾਂ ਪੰਜਾਬ ਵਿਧਾਨ ਸਭਾ ਦੇ ਇਜਲਾਸ ਅਤੇ ਇਸ ਵਿੱਚ ਕਰੋਨਾ ਦਾ ਬਹਾਨਾ ਬਣਾ ਕੇ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਜਬਰੀ ਸ਼ਾਮਲ ਨਾ ਹੋਣ ਦੇਣ ਨੂੰ ਗ਼ੈਰ -ਲੋਕਤੰਤਰੀ ਕਾਰਨਾਮਾ ਕਰਾਰ ਦਿੱਤਾ ਤੇ ਇਸਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਉਨ੍ਹਾਂ ਦੱਸਿਆ ਭਾਵੇਂ ਬਸਪਾ ਪੰਜਾਬ ਦੀਆਂ ਵਿਧਾਨ ਸਭਾ ਵਿਚ ਵਿਰੋਧੀ ਪਾਰਟੀਆਂ ਨਾਲ ਵਿਚਾਰਕ ਤੌਰ ਤੇ ਕੋਈ ਸਾਂਝ ਨਹੀਂ ਰੱਖਦੀ ਪਰ ਵਿਧਾਨ ਸਭਾ ਜਿਥੇ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦਿਆ ਨੇ ਲੋਕਾਂ ਦੀਆਂ ਦੁੱਖਾਂ ਤਕਲੀਫ਼ਾਂ, ਜਨਤਕ ਮੁੱਦੇ ਤੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਸੰਵਿਧਾਨਿਕ ਤੌਰ ਦੇ ਵਿਰੋਧ ਦਰਜ਼ ਕਰਵਾਉਣਾ ਹੁੰਦਾ, ਉਥੇ ਕਾਂਗਰਸੀ ਮੁੱਖ ਮੰਤਰੀ ਦੇ ਇਸ਼ਾਰੇ ਤੇ ਵਿਰੋਧ ਦੀ ਅਵਾਜ਼ ਦਬਾਉਣ ਲਈ ਵਿਰੋਧੀ ਧਿਰ ਦੇ ਲੀਡਰਾਂ ਨੂੰ ਵੀ ਜਬਰੀ ਵਿਧਾਨ ਸਭਾ ਵਿਚ ਦਾਖ਼ਲ ਨਾ ਹੋਣ ਦੇਣਾ, ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਸ਼ਰਮਨਾਕ ਕਾਰਨਾਮਾ ਤੇ ਲੋਕਤੰਤਰੀ ਪ੍ਰਬੰਧ ਤੇ ਕਰਾਰੀ ਸੱਟ ਹੈ। ਗੜ੍ਹੀ ਜੀ ਨੇ ਦੱਸਿਆ ਕਿ ਅੱਜ ਪੰਜਾਬ ਅੰਦਰ ਕੈਪਟਨ ਸਰਕਾਰ ਬੁਰੀ ਤਰ੍ਹਾ ਫੇਲ ਸਾਬਿਤ ਹੋਈ ਹੈ ਜਿਸ ਦੀ ਤਾਜ਼ਾ ਪ੍ਰਤੱਖ ਉਦਾਹਰਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ 303 ਕਰੋੜ ਰੁਪਏ ਦਾ ਘੁਟਾਲਾ ਹੈ ਜੋ ਮੁੱਖ ਮੰਤਰੀ ਦੇ ਖਾਸਮ -ਖਾਸ ਕੈਬਿਨੇਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਦਾਅ ਤੇ ਲਾਕੇ ਆਪਣੀ ਹਿੱਸੇਪੱਤੀ ਲਈ ਆਪਣੀਆਂ ਚਹੇਤੀਆ ਸੰਸਥਾਵਾਂ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਵੰਡਕੇ ਪੰਜਾਬ ਦੇ ਖ਼ਜ਼ਾਨੇ



ਨੂੰ ਸ਼ਰੇਆਮ ਚੂਨਾ ਲਾਇਆ, ਜਿਸ ਦੇ ਖਿਲਾਫ 28 ਅਗਸਤ ਨੂੰ ਬਸਪਾ ਨੇ ਪੂਰੇ ਪੰਜਾਬ ਵਿਚ ਵਿਦਿਆਰਥੀ ਹੱਕਾਂ ਲਈ ਜਬਰਦਸਤ ਵਿਰੋਧ ਪ੍ਰਦਰਸ਼ਨ ਕੀਤੇ ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਅਜੇ ਤੱਕ ਵੀ ਘੁਟਾਲੇ ਵਿੱਚ ਦੋਸ਼ੀ ਮੰਤਰੀ ਨੂੰ ਨਾ ਤਾਂ ਕੈਬਿਨੇਟ ਵਿਚੋਂ ਬਾਹਰ ਕੀਤਾ ਗਿਆ ਹੈ ਤੇ ਨਾ ਹੀ ਕੋਈ ਕਾਨੂੰਨੀ ਕਰਵਾਈ ਮੰਤਰੀ ਖਿਲਾਫ ਕੈਪਟਨ ਅਮਰਿੰਦਰ ਸਿੰਘ ਨੇ ਅਰੰਭੀ ਹੈ , ਜਿਸ ਤੋਂ ਸਪੱਸ਼ਟ ਸਿੱਧ ਹੁੰਦਾ ਹੈ ਕਿ ਕਾਂਗਰਸ ਸਰਕਾਰ ਦੋਸ਼ੀ ਮੰਤਰੀ ਤੇ ਅਫਸਰਾਂ ਨੂੰ ਬਚਾਉਣ ਵਿਚ ਲੱਗੀ ਹੋਈ ਹੈ ਅਤੇ ਇੰਝ ਜਾਪ ਰਿਹਾ ਕਿ ਇਸ ਸਕਾਲਰਸ਼ਿਪ ਘੁਟਾਲੇ ਦੀ ਜਾਂਚ ਜਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ 130 ਤੇ ਕਰੀਬ ਮੌਤਾਂ ਵਾਂਗ ਕੀਤੇ ਫਾਇਲਾਂ ਵਿੱਚ ਹੀ ਨਾ ਦੱਬ ਕੇ ਰਹਿ ਜਾਵੇ। ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਨੇ ਅਕਾਲੀ ਭਾਜਪਾ ਤੇ ਕਾਂਗਰਸੀ ਸਰਕਾਰ ਵੱਲੋਂ ਦਿੱਤੇ ਪੰਜਾਬੀਆਂ ਨੂੰ ਦੁੱਖਾਂ ਦੀ ਦਾਸਤਾਨ ਬਾਰੇ ਕਿਹਾ ਕਿ 2022 ਵਿਚ ਬਸਪਾ ਪੰਜਾਬ ਸਰਕਾਰ ਵਿਚ ਹਿੱਸੇਦਾਰ ਬਣਕੇ ਸਾਰੇ ਵਰਗਾਂ ਦੇ ਦੁੱਖ ਬਿਨਾਂ ਕਿਸੇ ਜਾਤੀ ਧਰਮ ਦੇ ਵਿਤਕਰੇ ਤੋਂ ਹਰ ਸਮੱਸਿਆ ਦਾ ਹੱਲ ਕਰੇਗੀ।

ਅਖੀਰ ਵਿੱਚ ਗੜ੍ਹੀ ਜੀ ਨੇ ਪੰਜਾਬ ਦੀ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਜੇ ਪੰਜਾਬੀ ਲੋਕ ਡਰੱਗ ਮਾਫੀਆ, ਰੇਤ ਮਾਫੀਆ, ਸ਼ਰਾਬ ਮਾਫੀਆ ਤੇ ਟਰਾਂਸਪੋਰਟ ਮਾਫੀਆ ਆਦਿ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਨੇ ਤਾਂ ਪੰਜਾਬ ਤੇ ਪੰਜਾਬੀਅਤ ਦੇ ਭਲੇ ਲਈ ਬਸਪਾ ਦੇ ਨੀਲੇ ਝੰਡੇ ਥੱਲੇ ਲਾਜ਼ਮੀ ਤੌਰ ਤੇ ਲਾਮਬੰਦ ਹੋਣ ਦਾ ਮਨ ਬਣਾਉਣ।

**ਲਾਲ ਸਿੰਘ ਸੁਲਹਾਣੀ**
**ਸੂਬਾ ਜਰਨਲ ਸਕੱਤਰ**
**ਬਹੁਜਨ ਸਮਾਜ ਪਾਰਟੀ ਪੰਜਾਬ**

# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਘਪਲਾ 6391 ਕਰੋੜ ਦਾ ਨਹੀ 303 ਕਰੋੜ ਦਾ ਹੈ - ਬਸਰਾ, ਜੀ ਕੇ, ਸੰਗੋਵਾਲ

## ਬਸਪਾ ਨੇ ਪੰਜਾਬ ਭਰ ਵਿੱਚ ਡਿਪਟੀ ਕਮਿਸ਼ਨਰਾਂ ਰਾਹੀ ਗਵਰਨਰ ਪੰਜਾਬ ਨੂੰ ਦਿੱਤੇ ਮੈਮੋਰੰਡਮ

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਦੇ ਅਦੇਸ਼ਾ ਉੱਤੇ ਬਸਪਾ ਦੀ ਜਿਲਾ ਲੀਡਰਸਿਪ ਨੇ ਐਸ.ਸੀ., ਬੀ.ਸੀ. ਘੱਟ ਗਿਣਤੀਆਂ ਅਤੇ ਗਰੀਬ ਵਿਦਿਆਰਥੀਆ ਲਈ ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵਿਚ ਹੋਏ ਤਾਜਾ ਲਗਭਗ 303 ਕਰੋੜ ਰੁਪਏ ਦੇ ਘੁਟਾਲੇ ਕਾਰਨ ਤੇ ਪੰਜਾਬ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਲਾਗੂ ਕਰਨ ਵਿਚ ਸਰਕਾਰੀ ਨਾਕਾਮੀ ਖਿਲਾਫ ਅੱਜ ਮਾਨਯੋਗ ਗਵਰਨਰ ਪੰਜਾਬ ਨੂੰ ਡਿਪਟੀ ਕਮਿਸ਼ਨਰ ਰਹੀ ਮੈਮੋਰੰਡਮ ਦਿਤਾ ਗਿਆ। ਇਸ ਮੌਕੇ ਲੀਡਰਸਿਪ ਨੇ ਕਾਂਗਰਸ ਸਰਕਾਰ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਤੇ ਵਿਭਾਗ ਨਾਲ ਸੰਬੰਧਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਕੈਬਨਿਟ ਵਿਚੋਂ ਬਰਖ਼ਾਸਤ ਕਰਨ ਦੀ ਮੰਗ ਕੀਤੀ । ਉਨਾਂ ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਦੇ ਕੰਮਕਾਜ ਤੇ ਉਂਗਲੀ ਉਠਦਿਆ ਕਿਹਾ ਲੋਕਡੌਨ ਦੌਰਾਨ ਰਕਮ 303ਕਰੋੜ ਦੇ ਕਰੀਬ ਵਿਦਿਆਰਥੀਆਂ ਦਾ ਵਜ਼ੀਫਾ ਮੰਤਰੀ ਵਲੋਂ ਆਪਣੀ ਮਨਮਰਜੀ ਨਾਲ ਆਪਣੇ ਚਾਹੇਤੇ ਕਾਲਜਾਂ ਨੂੰ ਚੂਜ ਐਂਡ ਪਿਕ ਤਰੀਕੇ ਨਾਲ ਵੰਡਕੇ ਵਿਦਿਆਰਥੀਆਂ ਦੇ ਹਿੱਤਾਂ ਨਾਲ ਖਿਲਵਾੜ ਕੀਤਾ ਤੇ ਉਸ ਵਿਚੋਂ ਲੱਗਪੱਗ 63.91 ਕਰੋੜ ਰੁਪਏ ਦਾ ਵਿਭਾਗ ਕੋਲ ਕੋਈ ਵੀ ਪੁਖਤਾ ਹਿਸਾਬ ਕਿਤਾਬ ਨਹੀਂ ਮਿਲ ਰਿਹਾ, ਜਿਸਦੇ ਜਿੰਮੇਵਾਰ ਸਿੱਧੇ ਤੌਰ ਤੇ ਮੰਤਰੀ ਕੈਬਿਨੇਟ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਮੁੱਖ ਮੰਤਰੀ ਸਭ ਕੁਝ ਮੂਕ ਦਰਸ਼ਕ ਬਣਕੇ ਦੇਖ ਰਹੇ ਹਨ। ਜੇ ਇਸ ਘੁਟਾਲੇ ਦੇ ਬਾਵਜੂਦ ਵੀ ਕੈਬੈਨਿਟ ਮੰਤਰੀ ਖਿਲਾਫ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਇਸ ਦਾ ਮਤਲਬ ਹੈ ਕਿ ਭ੍ਰਿਸ਼ਟਾਚਾਰ ਦਾ ਹਿੱਸਾ ਪੱਤੀ ਮੋਤੀ ਮਹਿਲਾ ਤੱਕ ਵੀ ਪੁੱਜੀ ਹੈ। ਉਹਨਾਂ ਕਿਹਾ ਕਿ ਮੌਜੂਦਾ ਕੈਪਟਨ ਸਰਕਾਰ ਕਮਜ਼ੋਰ ਵਰਗਾਂ ਦੇ ਹਿੱਤਾਂ ਨਾਲ ਲਗਾਤਰ ਸਾਢੇ ਤਿੰਨ ਸਾਲਾਂ ਤੋਂ ਧੱਕਾ ਕਰਦੀ ਆਈ ਤੇ ਬਸਪਾ ਹੁਣ ਇਹਨਾਂ ਵਰਗਾ ਨਾਲ ਹੋਰ ਧੱਕਾ ਨਹੀਂ ਹੋਣ ਦੇਵੇਗੀ। ਬਸਪਾ ਨੇ ਲਲਕਾਰ ਕੇ ਕਿਹਾ ਕਿ ਕੈਪਟਨ ਸਰਕਾਰ ਨੂੰ ਹਰੇਕ ਫ਼ਰੰਟ ਤੇ ਮੂੰਹ ਤੋੜ ਜਵਾਬ ਦੇਵੇਗੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਕਰੋ ਵਰਨਾ ਕੁਰਸੀ ਖਾਲੀ ਕਰੋ ਦੇ ਨਾਹਰੇ ਤਹਿਤ ਅੰਦੋਲਨ ਕਰੇਗੀ।



ਇਸ ਮੌਕੇ ਬਸਪਾ ਦੇ ਜਿਲਾ ਪ੍ਰਧਾਨ ਜੀਤਰਾਮ ਬਸਰਾ, ਦੇਹਾਤੀ ਪ੍ਰਧਾਨ ਬੂਟਾ ਸਿੰਘ ਸੰਗੋਵਾਲ ਅਤੇ ਸੂਬਾ ਸਕੱਤਰ ਗੁਰਮੇਲ ਸਿੰਘ ਜੀ ਕੇ ਨੇ ਦੱਸਿਆ ਕਿ ਕਿੰਨੀ ਸ਼ਰਮ ਦੀ ਗੱਲ ਹੈਂ ਕਿ ਭਲਾਈ ਵਿਭਾਗ ਦਾ ਮੰਤਰੀ ਦਲਿਤ ਭਾਈਚਾਰੇ ਨਾਲ ਸੰਬੰਧਤ ਹੋਣ ਦੇ ਬਾਵਜੂਦ ਵੀ ਸਿਰਫ ਆਪਣੀ ਹੀ ਭਲਾਈ ਕਰਨ ਵਿੱਚ ਲੱਗਿਆ ਰਿਹਾ ਪਰ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਦੀ ਭਲਾਈ ਨੂੰ ਲਗਾਤਾਰ ਵਿਸਾਰਦਾ ਰਿਹਾ। ਉਹਨਾਂ ਦੱਸਿਆ ਕਿ ਘੁਟਾਲਾ ਸਿਆਸੀ ਤੇ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਹੋਇਆ ਹੈ, ਨਹੀਂ ਤਾਂ ਜਿਸ ਪ੍ਰਾਈਵੇਟ ਕਾਲਜ ਖਿਲਾਫ ਆਡਿਟ ਟੀਮ ਨੇ 8 ਕਰੋੜ ਦਾ ਬਕਾਇਆ ਕੱਢਿਆ ਹੋਇਆ ਸੀ ਮੰਤਰੀ ਦੇ ਇਸ਼ਾਰੇ ਉਪਰ ਰਿ-ਆਡਿਟ ਕਰਕੇ ਮੁੜ 16.91 ਕਰੋੜ ਮਰਜੀ ਨਾਲ ਹੀ ਕਾਲਜ ਨੂੰ ਦੇ ਦਿੱਤੇ ਗਏ , ਜਿਸ ਨਾਲ ਕੁੱਲ ਮਿਲਾਕੇ ਸਰਕਾਰੀ ਖਜ਼ਾਨੇ ਨੂੰ 24.91 ਕਰੋੜ ਦਾ ਚੂਨਾ ਲਗਵਾਇਆ ਗਿਆ ਜੋ ਕਿ ਭਲਾਈ ਵਿਭਾਗ ਦੀ ਐਡਿਸ਼ਨਲ ਚੀਫ਼ ਸੇਕ੍ਰੇਟਰੀ ਕ੍ਰਿਪਾ ਸ਼ੰਕਰ ਦੀ ਰਿਪੋਰਟ ਜੋ ਉਸਨੇ ਚੀਫ਼ ਸੇਕ੍ਰੇਟਰੀ ਵਿਨੀ ਮਹਾਜਨ ਨੂੰ 33 ਪੰਨਿਆਂ ਦੀ ਬਣਾ ਕੇ ਸੌਂਪੀ ਹੈ ਇਸਦਾ ਪ੍ਰਤੱਖ ਸਬੂਤ ਹੈ ਤੇ ਰਿਪੋਰਟ ਮੁਤਾਬਕ ਤਾਂ 39 ਕਰੋੜ ਰਕਮ ਦੀਆਂ ਵਜ਼ੀਫ਼ੇ ਨਾਲ ਸੰਬੰਧਤ ਫਾਈਲਾ ਗੁੰਮਸ਼ੁਦਾ ਹਨ ਤੇ ਜਿਸ ਤੋਂ ਇਸ ਰਕਮ ਦਾ ਬੇਨਾਮ ਸੰਸਥਾਵਾਂ ਨੂੰ ਦਿੱਤੇ ਹੋਣ ਦਾ ਪੂਰਾ ਖ਼ਦਸ਼ਾ ਹੈ।

ਇਹਨਾਂ ਕੰਮਾਂ ਵਿਚ ਡਿਪਟੀ ਡਾਇਰੈਕਟਰ ਪਰਮਿੰਦਰ ਸਿੰਘ ਗਿੱਲ ਤੇ ਵਿਭਾਗ ਦੇ ਸਾਬਕਾ ਡਾਇਰੈਕਟਰ ਬਲਵਿੰਦਰ ਸਿੰਘ ਧਾਲੀਵਾਲ ਜੋ ਹੁਣ ਫਗਵਾੜਾ ਤੋਂ ਵਿਧਾਇਕ ਹਨ ਓਹਨਾ ਨੇ ਮੰਤਰੀ ਨਾਲ ਮਿਲਕੇ ਕਰੋੜਾਂ ਰੁਪਇਆ ਨਿੱਜੀ ਸੰਸਥਾਵਾਂ ਵਿੱਚ ਤਬਦੀਲ ਕਰਨ ਦਾ ਕੰਮ ਕੀਤਾ, ਜਿਹਨਾਂ ਦਾ ਕੋਈ ਵੀ ਰਿਕਾਰਡ ਨਹੀ ਮਿਲ ਰਿਹਾ। ਰਾਜਨੀਤਿਕ- ਅਫਸਰਸ਼ਾਹੀ ਭ੍ਰਿਸ਼ਟਾਚਾਰ ਦਾ ਇਹ ਗਠਜੋੜ ਐਸ ਸੀ, ਬੀਸੀ ਭਾਈਚਾਰੇ, ਘੱਟ ਗਿਣਤੀਆਂ ਅਤੇ ਗਰੀਬਾਂ ਤੇ ਖਾਸ ਤੌਰ ਤੇ ਪੰਜਾਬ ਰਾਜ ਲਈ ਚਿੰਤਾ ਜਨਕ ਹੈ।

ਉਹਨਾਂ ਇਸ ਘੁਟਾਲੇ ਦੀ ਜਾਚ ਨਿਰਪੱਖ ਤੌਰ ਤੇ ਕਰਵਾਉਣ ਲਈ ਮਾਨਯੋਗ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋ ਕਰਵਾਉਣ ਅਪੀਲ ਕੀਤੀ ਤਾਂ ਜੋ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲ ਸਕੇ। ਇਸ ਮੌਕੇ ਰਮੇਸ਼ ਪਾਲ, ਰਜਿੰਦਰ ਨਿੱਕਾ, ਜਸਵੀਰ ਪੌਲ, ਬਾਬਾ ਚੁੰਬਰ, ਨਿਰਮਲ ਸੋਖੀ, ਸੋਨੂੰ ਅੰਬੇਡਕਰ, ਇੰਦਰੋ ਕੁਮਾਰ, ਮੈਡਮ ਸੁਖਵਿੰਦਰ ਕੌਰ, ਲੇਖ ਰਾਜ, ਸੁਰਿੰਦਰ ਪਾਲ, ਪ੍ਰਗਣ ਬਿਲਗਾ ਆਦਿ ਹੋਰ ਆਗੂ ਮੌਜੂਦ ਸਨ।

# ਬਸਪਾ ਮਨਾਏਗੀ 5 ਸਤੰਬਰ ਨੂੰ ਸ਼ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਵਸ

**ਸਤਿਕਾਰਯੋਗ ਸਾਥੀਓ**

ਪੰਜਾਬ ਗੁਰੂਆਂ ਦੇ ਬਖਸ਼ਿੰਦ ਸਿੱਖ ਸਮਾਜ ਬਹੁਲ ਧਰਤੀ ਹੈ, ਪੰਜਾਬ ਵਿੱਚ ਲਗਭਗ 58% ਆਬਾਦੀ ਸਿੱਖ ਸਮਾਜ ਦੀ ਹੈ। ਸਿੱਖ ਸਮਾਜ ਵਿੱਚ ਬਹੁਲ ਹਿੱਸਾ ਦਲਿਤ ਅਤੇ ਪਛੜੇ ਵਰਗਾਂ ਦੇ ਸਿੱਖ ਦਾ ਹੈ, ਜਿਸ ਵਿਚ ਮਜ੍ਹਬੀ ਸਿੱਖ ਸਮਾਜ ਦਾ ਨਾਮ ਬਹੁਤ ਸਤਿਕਾਰਯੋਗ ਹੈ। ਸਿੱਖ ਧਰਮ ਵਿੱਚ ਗੁਰੂਆਂ ਦੇ ਸਮੇਂ ਕਾਲ ਤੋਂ ਹੀ ਮਜ੍ਹਬੀ ਸਿੱਖ ਸਮਾਜ ਦੀਆ ਬੇਅੰਤ ਕੁਰਬਾਨੀਆਂ ਹਨ। ਗੁਰੂਆਂ ਨੇ ਮਜ੍ਹਬੀ ਸਿੱਖ ਕੌਮ ਨੂੰ *ਰੰਘਰੇਟੇ ਗੁਰੂ ਕੇ ਬੇਟੇ* ਦਾ ਖਿਤਾਬ ਦਿੱਤਾ। ਪਰੰਤੂ ਗੁਰੂਆਂ ਦੀਆ ਕੁਰਬਾਨੀਆਂ ਤੋਂ ਬਾਅਦ ਸਿੱਖ ਧਰਮ ਦਾ ਪ੍ਰਬੰਧ ਸਾਧਨ ਸੰਪੰਨ ਜਾਤੀ ਹੰਕਾਰ ਵਿਚ ਡੁੱਬੇ ਵਰਗਾਂ ਦੇ ਹੱਥ ਵਿਚ ਆਇਆ। ਮਾਨਸ ਕੀ ਜਾਤਿ ਸਭੇ ਏਕੇ ਪਹਿਚਾਨਬੋ ਦੇ ਧਾਰਨੀ ਸਿੱਖ ਦਬਾ ਲਾਏ ਗਏ, ਮਨੂੰ ਦੀ ਜਾਤੀਵਾਦੀ ਸੋਚ ਦੇ ਧਾਰਨੀ ਸਿੱਖ ਲੀਡਰ ਬਣ ਗਏ। ਅਜਿਹੇ ਹਾਲਾਤਾਂ ਵਿੱਚ ਰੰਘਰੇਟੇ ਗੁਰੂ ਕੇ ਬੇਟੇ, ਮਜ੍ਹਬੀ ਸਿੱਖ ਸਮਾਜ ਨੂੰ ਸ਼ੀਰੀ ਸਮਾਜ ਤੇ ਵਿਹੜਿਆ ਵਾਲੇ ਬਣਾ ਦਿੱਤਾ। ਗੁਰੂ ਸਾਹਿਬਾਨਾਂ ਦਾ ਸੁਪਨਾ ਸੀ ਇਨ ਗਰੀਬ ਸਿਖਨ ਕੋ ਦੂ ਪਾਤਸਾਹੀ, ਬੇਗਮਪੁਰਾ, ਹਲੀਮੀ ਰਾਜ, ਖਾਲਸਾ ਨਿਆਰਾ ਆਦਿ। ਪਰੰਤੂ ਪੰਜਾਬ ਦੇ ਸਾਧਨ ਸੰਪੰਨ ਉੱਚ ਜਾਤੀ ਦੇ ਜਾਤੀਵਾਦੀ ਸਿੱਖਾਂ ਨੇ ਮਜ੍ਹਬੀ ਸਿੱਖ ਕੌਮ ਨੂੰ ਪਾਤਸਾਹੀ ਨਹੀਂ ਸ਼ੀਰੀ ਬਣਾ ਦਿੱਤਾ। ਸੈਕੜੇ ਸਾਲਾਂ ਤੋਂ ਮਜ੍ਹਬੀ ਸਿੱਖ ਸਮਾਜ ਤਰ੍ਹਾ ਤਰ੍ਹਾ ਦੇ ਦੁੱਖ ਭੋਗ ਰਿਹਾ ਹੈ, ਜਿਸ ਵਿਚ ਸਭ ਤੋਂ ਵੱਡਾ ਦੁੱਖ ਸਮਾਜਿਕ ਅਤੇ ਆਰਥਿਕ ਤੌਰ ਉਪਰ ਪਛੜਿਆਪਨ ਹੈ। ਸਮਾਜਿਕ ਉੱਚ ਨੀਚ ਦਾ ਸ਼ਿਕਾਰ ਮਜ੍ਹਬੀ ਸਿੱਖ ਅੱਜ ਵੀ ਵਿ-ਦਅਕ, ਸਮਾਜਿਕ, ਆਰਥਿਕ ਰਾਜਨੀਤਿਕ ਤੇ ਧਾਰਮਿਕ ਤੌਰ ਉਪਰ ਪੱਛੜਿਆ ਹੋਇਆ ਸਮਾਜ ਹੈ।

ਗੁਰੂ ਸਾਹਿਬਾਨਾਂ ਦਾ ਫ਼ਰਮਾਨ ਹੈ ਕਿ ਬ੍ਲ ਹੋਇ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ ਅਨੁਸਾਰ ਅੱਜ ਮਜ੍ਹਬੀ ਸਿੱਖ ਸਮਾਜ ਜੋਕਿ ਪੰਜਾਬ ਵਿੱਚ ਵਾਲਮੀਕਿ (ਹਿੰਦੂ ਬਹੁਲ) ਅਤੇ ਮਜ੍ਹਬੀ ਸਿੱਖ ਸਮਾਜ ਵਿਚ ਵੰਡਿਆ ਹੋਇਆ ਹੈ। ਪੰਜਾਬ ਵਿੱਚ 2.5% ਵਾਲਮੀਕਿਨ ਅਤੇ 10% ਮਜ੍ਹਬੀ ਸਿੱਖ ਸਮਾਜ ਦੀ ਆਬਾਦੀ ਹੈ। ਵਾਲਮੀਕਿਨ ਤੇ ਮਜ੍ਹਬੀ ਸਿੱਖ ਸਮਾਜ ਸਮਾਜਿਕ ਅਤੇ ਧਾਰਮਿਕ ਰੂਪ ਵਿਚ ਇਕ ਸੂਤਰ ਵਿਚ ਹੈ, ਪ੍ਰੰਤੂ ਰਾਜਨੀਤਿਕ ਤੌਰ ਉਪਰ ਵਿਖਰਿਆ ਹੋਇਆ ਸਮਾਜ ਹੈ। ਵੱਖ ਵੱਖ ਰਾਜਨੀਤਿਕ ਪਾਰਟੀਆਂ ਜੋਕਿ ਦਲਿਤ ਵਿਰੋਧੀ ਹਨ, ਜਿਹਨਾਂ ਨੇ ਅਜਾਦੀ ਦੇ ਸੱਤਰ ਸਾਲਾਂ ਤੋਂ ਪੰਜਾਬ ਉਪਰ ਬਦਲ ਬਦਲਕੇ ਰਾਜ ਕੀਤਾ ਹੈ, ਪਰੰਤੂ ਵਾਲਮੀਕਿਨ ਮਜ੍ਹਬੀ ਸਿੱਖ ਕੌਮ ਦੀ ਤਕਦੀਰ ਨਹੀਂ ਬਦਲੀ ਗਈ। ਰਾਜ ਭਾਗ ਦੇਣਾ ਤਾਂ ਦੂਰ, ਹਿੱਸੇਦਾਰੀ ਵੀ ਨਹੀਂ ਦਿੱਤੀ ਹੈ।

ਅੱਜ ਮੌਕਾ ਜੁੜਿਆ ਹੈ ਸਿੱਖ ਸਮਾਜ ਦੇ ਮਹਾਨ ਸਹੀਦ ਰੰਘਰੇਟੇ ਗੁਰੂ ਕੇ ਬੇਟੇ ਸ਼ਿਰੋਮਣੀ ਸਹੀਦ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਪੰਜ ਸਤੰਬਰ ਨੂੰ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਉਪਰਾਲਾ ਕੀਤਾ ਗਿਆ ਹੈ ਕਿ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਸਮੂਹ ਮਜ੍ਹਬੀ ਸਿੱਖ ਸਮਾਜ ਦੀ ਅਗਵਾਈ ਵਿਚ ਸਮੂਹ ਸਿੱਖ ਪੰਥ ਦੀ ਸਮੂਲੀਅਤ ਨਾਲ ਇੱਕ ਵਿਸ਼ਾਲ ਵੇਬਿਨਾਰ ਕਾਨਫਰੰਸ ਦੇ ਰੂਪ ਵਿਚ ਫੇਸ-ਬੁਕ ਲਾਈਵ ਰਾਹੀਂ ਅਤੇ ਜ਼ੂਮ ਐਪ ਰਾਹੀਂ ਮਨਾਇਆ ਜਾਵੇ, ਤਾਂਕਿ ਬਿਖਰੇ ਹੋਏ ਵਾਲਮੀਕਿਨ ਮਜ੍ਹਬੀ ਸਿੱਖ ਸਮਾਜ ਨੂੰ ਰਾਜਨੀਤਿਕ ਤੌਰ ਉਪਰ ਵੀ ਇਕੱਠਾ ਕੀਤਾ ਜਾ ਸਕੇ ਅਤੇ ਆਪਣੇ ਸਮਾਜ ਦੇ ਮਹਾਨ ਰਹਿਬਰ ਸ਼ਿਰੋਮਣੀ ਸਹੀਦ ਬਾਬਾ ਜੀਵਨ ਸਿੰਘ ਜੀ ਨੂੰ ਵੀ ਯਾਦ ਕੀਤਾ ਜਾਵੇ।

ਆਓ ਸਾਰੇ ਆਪਣੇ ਆਪਣੇ ਪਰਿਵਾਰਾਂ ਸਮੇਤ 5 ਸਤੰਬਰ ਨੂੰ ਸ਼ਾਮ 6ਵਜੇ , ਸਾਰੇ ਗੁਰੂ ਘਰ ਕਮੇਟੀਆਂ ਦੇ ਪ੍ਰਬ-ਧਕ ਆਪਣੇ ਆਪਣੇ ਪਿੰਡ ਮੁਹੱਲੇ ਵਿੱਚ ਇਕੱਠੇ ਹੋਕੇ ਇਸ ਵਿਸ਼ਾਲ ਵੇਬੀਨਾਰ ਕਾਨਫਰੰਸ ਦਾ ਹਿੱਸਾ ਬਣੀਏ। ਪ੍ਰੋਗਰਾਮ ਸਿਰਫ ਦੋ ਘੰਟੇ ਦਾ ਹੋਵੇਗਾ, ਜਿਸ ਨੂੰ ਮਜ੍ਹਬੀ ਸਿੱਖ ਸਮਾਜ ਦੇ ਸਤਿਕਾਰਯੋਗ ਆਗੂ ਸੰਬੋਧਨ ਕਰਨਗੇ -

ਸੂਬਾ ਜਨਰਲ ਸਕੱਤਰ ਬਸਪਾ ਪੰਜਾਬ*

1. ਸ. ਲਾਲ ਸਿੰਘ ਸੁਲਹਾਣੀ, ਫਿਰੋਜ਼ਪੁਰ
2. ਸ. ਸਵਿੰਦਰ ਸਿੰਘ ਛੱਜਲਵੱਡੀ, ਬਾਬਾ ਬਕਾਲਾ
3. ਸ. ਮਨਜੀਤ ਸਿੰਘ ਅਟਵਾਲ, ਅੰਮ੍ਰਿਤਸਰ
4. ਸ਼੍ਰੀ ਰੋਹਿਤ ਖੋਖਰ, ਅੰਮ੍ਰਿਤਸਰ

ਸੂਬਾ ਸਕੱਤਰ ਬਸਪਾ ਪੰਜਾਬ*

5. ਸ. ਸੰਤ ਰਾਮ ਮੱਲੀਆਂ, ਮੋਗਾ
6. ਸ. ਸੁਖਦੇਵ ਸਿੰਘ ਸ਼ੀਰਾ, ਜ਼ੀਰਾ (ਫਿਰੋਜ਼ਪੁਰ)
7. ਸ. ਗੁਰਮੇਲ ਸਿੰਘ ਘਖ, ਗਿੱਲ (ਲੁਧਿਆਣਾ)

ਪ੍ਰੋਗਰਾਮ ਦੀ ਪ੍ਰਧਾਨਗੀ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਅਤੇ ਪ੍ਰੋਗਰਾਮ ਦੀ ਸਟੇਜ ਸਕੱਤਰ ਸੇਵਾ ਡਾਕਟਰ ਨਛੱਤਰ ਪਾਲ ਜੀ ਕਰਨਗੇ।

ਸਮੁੱਚੀ ਲੀਡਰਸ਼ਿਪ, ਵਰਕਰ ਸਾਹਿਬਾਨ ਅਤੇ ਸ਼ੁਭਚਿੰਤਕਾਂ ਨੂੰ ਬੇਨਤੀ ਹੈ ਕਿ ਸਾਰੇ ਸਾਥੀ ਵੱਡੀ ਕੋਸ਼ਿਸ਼ ਕਰਨ ਤਾਂਕਿ ਪਿੰਡਾ ਦੀਆਂ ਯੂਨਿਟਾਂ ਆਪਣੇ ਆਪਣੇ ਪਿੰਡ, ਬਸਤੀ, ਗਲੀ ਅਤੇ ਗੁਰੂ ਘਰਾਂ ਨੂੰ ਪ੍ਰੋਗਰਾਮ ਵਿਚ ਸ਼ਾਮਿਲ ਕਰਾਉਣ ਲਈ ਅੱਜ ਤੋਂ ਹੀ ਦੋ ਘੰਟੇ ਚੱਲ ਸਕੇ ਇੰਟਰਨੈਂਟ ਡਾਟਾ, ਲੈਪਟਾਪ, ਛਧ ਸਕਰੀਨਾਂ, ਸਪੀਕਰ ਆਦਿ ਦਾ ਪ੍ਰਬੰਧ ਕਰਾਉਣ ਤਾਂਕਿ ਸਮੂਹ ਪੰਜਾਬੀ ਭਾਈਚਾਰਾ, ਸਿੱਖ ਸਮਾਜ, ਵਾਲਮੀਕਿਨ ਮਜ੍ਹਬੀ ਸਿੱਖ ਸਮਾਜ ਆਦਿ ਸ਼ਾਮਿਲ ਹੋ ਸਕੇ। ਸਮੁੱਚੇ ਰੰਘਰੇਟਾ ਸਮਾਜ ਨੂੰ ਸ਼ਾਮਿਲ ਹੋਣ ਲਈ ਅਤੇ ਸਮੁੱਚੇ ਗੁਰੂ ਸਿੱਖਾਂ ਨੂੰ ਪ੍ਰੋਗਰਾਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਜਾਂਦੀ ਹੈ।

ਪ੍ਰੋਗਰਾਮ ਦੀ ਸਫਲਤਾ ਹਿਤ ਬਸਪਾ ਲੀਡਰਸ਼ਿਪ ਅਤੇ ਵਰਕਰ ਸਾਹਿਬਾਨ ਨੂੰ ਬੇਨਤੀ ਕਿ ਵਿਧਾਨ ਸਭਾ ਪੱਧਰ ਦੇ ਵੱਡੇ 20 ਲੀਡਰ ਸਾਹਿਬਾਨ ਇਕ ਇਕ ਸੈਕਟਰ ਦੀ ਜਿੰਮੇਵਾਰੀ ਵੰਡ ਲੈਣ ਤਾਂਕਿ ਇਕ ਲੀਡਰ ਦੀ ਪ੍ਰੋਗਰਾਮ ਦੀ ਸਫਲਤਾ ਲਈ ਜਿੰਮੇਵਾਰੀ ਬਣ ਸਕੇ।

ਹਰ ਸੈਕਟਰ ਵਿਚੋਂ 100 ਸਾਥੀ ਸ਼ਾਮਿਲ ਹੋ ਸਕਣ, ਅਜਿਹਾ ਪ੍ਰਬੰਧ ਤੁਰੰਤ ਕੀਤਾ ਜਾਵੇ।

ਲੀਡਰਸ਼ਿਪ ਅੱਗੇ ਬੇਨਤੀ ਹੈਕਿ ਵਾਲਮੀਕਿਨ ਤੇ ਮਜ਼੍ਹਬੀ ਸਿੱਖ ਭਾਈਚਾਰੇ ਵਿੱਚ ਹੱਦੋਂ ਵੱਧ ਜੋਰ ਲਗਾਇਆ ਜਾਵੇ ਤਾਂਕਿ ਸ਼ਿਰੋਮਣੀ ਸਹੀਦ ਬਾਬਾ ਜੀਵਨ ਸਿੰਘ ਜੀ ਦੀ ਮਹਿਮਾ ਅਤੇ ਸੰਕਲਪ ਦਾ ਪੂਰਾ ਪ੍ਰਚਾਰ ਬਸਪਾ ਦੀ ਅਗਵਾਈ ਵਿੱਚ ਹੋ ਸਕੇ, ਤਾ ਕਿ ਪੰਜਾਬ ਵਿੱਚ ਵਾਲਮੀਕੀ ਤੇ ਮਜ੍ਹਬੀ ਸਿੱਖ ਭਾਈਚਾਰੇ ਨੂੰ ਬਣਦਾ ਰੁਤਬਾ ਦੁਵਾਇਆ ਜਾ ਸਕੇ।

ਕਿ ਸ਼ਿਰੋਮਣੀ ਸਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਮ ਉਪਰ ਬਣੀਆਂ ਕਮੇਟੀਆਂ, ਕਲੱਬਾਂ ਅਤੇ ਗੁਰੂ ਘਰਾਂ ਨਾਲ ਸੰਪਰਕ ਕਰਨ ਦਾ ਕੰਮ ਹਨੇਰੀ ਦੀ ਤੇਜ਼ੀ ਵਾਂਗ ਕੀਤਾ ਜਾਵੇ, ਰਜਿਸਟਰ K ਡਾਟਾ ਆਦਿ ਤਿਆਰ ਕੀਤਾ ਜਾਵੇ ਅਤੇ ਸਾਰੀਆਂ ਗੁਰੂ ਘਰ ਕਮੇਟੀਆਂKਕਲੱਬਾਂ ਆਦਿ ਨੂੰ ਪ੍ਰੋਗਰਾਮ ਵਿਚ ਸ਼ਾਮਿਲ ਕਰਵਾਇਆ ਜਾਵੇ। ਇਕੱਠਾ ਕੀਤਾ ਡਾਟਾ ਪਾਰਟੀ ਦਫਤਰ ਨੂੰ ਦਿੱਤਾ ਜਾਵੇ, ਅਤਿ ਜਰੂਰੀ ਹੈ ਕਿ ਆਉਂਦੇ ਪੰਜ ਦਿਨ ਹਰ ਰੋਜ਼ ਸਵੇਰੇ ਸ਼ਾਮ ਸੋਸਲ ਮੀਡੀਆ, ਫੇਸਬੁਕ ਪੇਜ ਰਾਹੀਂ, ਵੱਟਸਐਪ ਗਰੁੱਪਾਂ ਵਿਚ ਪ੍ਰੋਗਰਾਮ ਦੇ ਪਰਚਾਰ ਹਿਤ ਮੈਸੇਜ ਸੁਨੇਹੇ ਲਗਾਤਾਰ ਸੇਅਰ ਕੀਤੇ ਜਾਣ ਅਤੇ ਅੱਗੇ ਵੀ ਸਾਥੀਆਂ ਨੂੰ ਸੇਅਰ ਕਰਨ ਦੇ ਕੰਮ ਉਪਰ ਲਗਾਇਆ ਜਾਵੇ ਤਾਂਕਿ ਹਰ ਰੰਗਰੇਟੇ ਗੁਰੂ ਕੇ ਬੇਟੇ ਤੱਕ ਪ੍ਰੋਗਰਾਮ ਦੀ ਸੂਚਨਾ ਪੁੱਜ ਸਕੇ।

**ਬਹੁਜਨ ਸਮਾਜ ਪਾਰਟੀ ਪੰਜਾਬ**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### ਸ਼ਹੀਦੀ ਦਿਵਸ 'ਤੇ ਵਿਸ਼ੇਸ

# ਮਹਾਨ ਸ਼ਹੀਦ ਬੱਬਰ ਕਰਮ ਸਿੰਘ ਜੀ (ਦੌਲਤਪੁਰ)

ਹੁਸਨ ਲੜੋਆ ਬੰਗਾ
(916) 308-7997

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਬੱਬਰ ਲਹਿਰ ਦੁਆਬੇ ਚੋਂ ਪਰਚੰਡ ਹੋ ਕਿ ਪੂਰੇ ਭਾਰਤ ਵਿੱਚ ਇਹ ਲਹਿਰ ਮਿਸਾਲ ਬਣੀ ਤੇ ਇਸ ਲਹਿਰ ਦੇ ਜਿਥੇ ਕਿਸ਼ਨ ਸਿੰਘ ਗੜਗੱਜ ਤੇ ਮਾਸਟਰ ਮੋਤਾ ਸਿੰਘ ਨੂੰ ਸੂਤਰਧਾਰ ਮੰਨਿਆ ਗਿਆ ਉਥੇ ਦੁਆਬੇ ਚ ਇਸ ਬੱਬਰ ਲਹਿਰ ਦੇ ਪੈਰ ਜਮਾਉਣ ਵਿੱਚ ਮਹਾਨ ਸ਼ਹੀਦ ਬੱਬਰ ਕਰਮ ਸਿੰਘ ਜੀ (ਪਹਿਲਾ ਨਾਂ ਨਰੈਣ ਸਿੰਘ) ਦੌਲਤਪੁਰ ਨੂੰ ਮੋਹਰੀ ਮੰਨਿਆਂ ਗਿਆ ਹੈ। 1880 ਵਿੱਚ ਜਨਮੇ ਦੁਆਬੇ ਦੇ ਪਿੰਡ ਦੌਲਤਪੁਰ (ਜੋ ਨਵਾਂ ਸ਼ਹਿਰ ਲਾਗੇ ਹੈ) ਵਿੱਚ ਨੱਥਾ ਸਿੰਘ ਥਾਂਦੀ ਤੇ ਮਾਤਾ ਮਾਈ ਦੁੱਲੀ ਦੇ ਘਰ ਜਨਮੇਂ ਇਸ ਮਹਾਨ ਸਪੂਤ ਸ਼ਹੀਦ ਬੱਬਰ ਕਰਮ ਸਿੰਘ ਨੂੰ ਬਬੇਲੀ ਕਾਂਡ ਦਾ ਮਹਾਂ ਨਾਇਕ ਮੰਨਿਆ ਜਾਂਦਾ ਰਿਹਾ ਹੈ। ਪਹਿਲਾਂ ਤਾਂ ਭਾਈ ਕਰਮ ਸਿੰਘ ਨੇ ਕਰੀਬ ਅੱਠ ਕੁ ਸਾਲ ਫੌਜ ਵਿੱਚ ਨੌਕਰੀ ਕਤੀ ਤੇ ਫਿਰ 26 ਸਾਲ ਦੀ ਉਮਰ ਵਿੱਚ ਕਨੇਡਾ ਆ ਗਏ ਤੇ 1907 ਦੇ ਕਰੀਬ ਉਨਾਂ ਨੂੰ ਦੇਸ਼ ਭਗਤੀ ਦੀ ਚੇਟਕ ਇਥੋਂ ਹੀ ਲੱਗੀ ਇਥੇ ਹੀ ਇਨਾਂ ਨੇ ਭਾਰਤ ਨੂੰ ਅਜ਼ਾਦ ਕਰਵਾਉਣ ਵਾਲੇ ਦੇਸ਼ ਭਗਤਾਂ ਨਾਲ ਰਾਬਤਾ ਕਾਇਮ ਕੀਤਾ। 1913 ਵਿੱਚ ਉਹ ਗਦਰ ਪਾਰਟੀ ਵਿੱਚ ਸ਼ਾਮਿਲ ਹੋ ਗਏ। 1914 ਵਿੱਚ ਬੱਬਰ ਕਰਮ ਸਿੰਘ ਕਨੇਡਾ ਤੋਂ ਭਾਰਤ ਨੂੰ ਚੱਲ ਪਏ। ਇਸ ਉਪਰੰਤ ਉਨਾਂ ਭਾਰਤ ਨੂੰ ਜਾਂਦੇ ਸਮੇਂ ਆਪਣੀ ਜਮੀਨ ਜਾਇਦਾਦ ਵੀ ਗੁਰਦੁਆਰਾ ਸਾਹਿਬ ਨੂੰ ਦਾਂਨ ਕਰ ਦਿੱਤੀ ਸੀ। ਅਬਟਸਫੋਰਡ ਗੁਰਦੁਆਰਾ ਸਾਹਿਬ ਅੱਜ ਵੀ ਉਨਾਂ ਇਨਾਂ ਬੱਬਰਾਂ ਦੀ ਗਵਾਹੀ ਭਰਦਾ ਹੈ। ਕਨੇਡਾ ਤੋਂ ਵਾਪਿਸ ਭਾਰਤ ਪਹੁੰਚਦਿਆਂ ਇਨਾਂ ਨੂੰ ਗਿਰਫਤਾਰ ਕਰ ਲਿਆ ਜਾਂਦਾ ਹੈ। ਫਿਰ ਤੋਂ ਛੁੱਟਣ ਤੋਂ ਬਾਅਦ ਫਿਰ ਵੀ ਉਨਾਂ ਲਹਿਰ ਦੀਆਂ ਸਰਗਰਮੀਆਂ ਜਾਰੀ ਰੱਖੀਆਂ ਤੇ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਇਨਾਂ ਨੇ ਬਾਕੀ ਬੱਬਰਾਂ ਨਾਲ ਅਮ੍ਰਿਤਪਾਨ ਕੀਤਾ ਇਸੇ ਦੌਰਾਨ ਹੀ ਇਨਾ ਨੇ ਅਮ੍ਰਿਤਪਾਨ ਤੋਂ ਬਾਦ ਹੀ ਆਪਣਾ ਨਾਂ ਕਰਮ ਸਿੰਘ ਰੱਖਿਆ ਤੇ ਪਹਿਲਾਂ ਇਨਾਂ ਦਾ ਨਾਂ ਨਰੈਣ ਸਿੰਘ ਸੀ। ਆਪ ਜੀ ਨੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਵੀ ਪੂਰੀਆਂ ਸਰਗਰਮੀਆਂ ਨਾਲ ਹਿੱਸਾ ਲਿਆ। ਵੱਖ ਵੱਖ ਸਰਗਰਮੀਆਂ ਅਤੇ ਅੰਗਰੇਜਾਂ ਦੇ ਖਿਲਾਫ ਇਨਾਂ ਨਾਲ ਕਨੇਡਾ ਤੋਂ ਆਏ ਹੋਰ ਬੱਬਰਾਂ ਜਿਨਾਂ ਚ ਬੱਬਰ ਕਰਮ ਸਿੰਘ ਝਿੰਗੜ, ਬੱਬਰ ਭਾਈ ਆਸਾ ਸਿੰਘ ਤੇ ਹੋਰ ਬੱਬਰਾਂ ਨੇ ਇਨਾਂ ਦਾ ਪੂਰਾ ਸਾਥ ਦਿੱਤਾ। ਜਿਥੇ ਬਾਕੀ ਹੋਰ ਬੱਬਰਾਂ ਨੇ ਵੱਖ ਵੱਖ ਇਲਾਕੇ ਸੰਭਾਲ ਲਏ ਸਨ ਉਥੇ ਬੱਬਰ ਕਰਮ ਸਿੰਘ ਨੇ "ਚੱਕਰਵਾਤੀ ਜੱਥਾ" ਬਣਾ ਕੇ ਸਾਰੇ ਨਵਾਂ ਸ਼ਹਿਰ ਇਲਾਕੇ ਦੇ ਪਿੰਡਾਂ ਨੂੰ ਆਪਣੀ ਗੁੱਠ ਚ ਲੈ ਲਿਆ ਤੇ ਅੰਗਰੇਜਾਂ ਖਿਲਾਫ ਰੋਹ ਹੋਰ ਮਘਾ ਦਿੱਤਾ ਤੇ ਦੂਸਰੇ ਪਾਸੇ ਗਾਂਧੀ ਦੀ ਪਾਲਿਸੀ ਦਾ ਵੀ ਵਿਰੋਧ ਕੀਤਾ। 22ਅਗਸਤ 1922 ਨੂੰ ਉਨਾਂ ਨੇ ਇੱਕ ਬੱਬਰਾਂ ਦੀਆਂ ਸਰਗਰਮੀਆਂ ਨੂੰ ਤੇਜ ਕਰਨ ਲਈ ਇੱਕ ਅਖਬਾਰ ਵੀ ਕੱਢੀ ਜਿਸ ਦੇ ਇਹ ਪਹਿਲੇ ਐਡੀਟਰ ਸਨ। ਦੂਸਰੇ ਪਾਸੇ ਆਪਣੇ ਹੀ ਕੁਝ ਲੋਕ ਅੰਗਰੇਜਾਂ ਦੇ ਸੂਹੀਏ ਬਣ ਗਏ ਜਿਨਾਂ ਦਾ ਬਾਅਦ ਚ ਬੱਬਰਾਂ ਵਲੋਂ ਹੀ ਸੋਧਾ ਲਾਇਆ ਗਿਆ। ਅੰਗਰੇਜ ਸਰਕਾਰ ਦੀ ਪੁਲਿਸ ਬੱਬਰ ਕਰਮ ਸਿੰਘ ਦੀ ਰਾਤ ਦਿੰਨ ਭਾਲ ਵਿੱਚ ਸੀ ਆਖਿਰ 31 ਅਗਸਤ 1923 ਨੂੰ ਮਹਾਨ ਸ਼ਹੀਦ ਬੱਬਰ ਕਰਮ ਸਿੰਘ ਤੇ ਬੱਬਰ ਭਾਈ ਬਿਸ਼ਨ ਸਿੰਘ ਵੀ ਇੱਕ ਵਿਸ਼ਵਾਸ਼ਘਾਤੀ ਸੂਹੀਏ ਅਨੂਪ ਸਿੰਘ ਦੀ ਗਦਾਰੀ ਕਰਕੇ ਪਿੰਡ ਬਬੇਲੀ ਦੇ ਪੈਂਦੇ ਚੋਅ ਚ ਪੁਲੀਸ ਦੇ ਦੇ ਘੇਰੇ ਚ ਆ ਗਏ ਤੇ ਉਥੇ ਹੀ ਪੁਲਿਸ ਨਾਲ ਮੁਕਾਬਲਾ ਕਰਦੇ ਸ਼ਹੀਦ ਹੋ ਗਏ। ਦੁਸਰੇ ਪਾਸੇ ਉਨਾਂ ਦੇ ਵਾਰਿਸ ਸੈਕਰਾਮੈਂਟੋ ਚ ਰਹਿੰਦੇ ਨਰਿੰਦਰ ਸਿੰਘ ਥਾਂਦੀ ਨੇ ਦੁੱਖ ਦਾ ਇਜਹਾਰ ਕਰਦਿਆਂ ਕਿਹਾ ਕਿ ਭਾਵੇ ਅਸੀਂ ਸ਼ਹੀਦ ਬੱਬਰ ਕਰਮ ਸਿੰਘ ਜੀ ਦੀ ਬਰਸੀ ਹਰ ਸਾਲ ਮਨਾਉਂਦੇ ਹਾਂ ਪਰ ਕੁਝ ਸਿਆਸੀ ਲੋਕਾਂ ਨੇ ਇਨਾਂ ਦੀ ਸ਼ਹੀਦੀ ਨੂੰ ਆਪਣੇ ਤੱਕ ਹੀ ਸੀਮਤ ਕਰ ਦਿੱਤਾ ਜੋ ਕਿ ਮੰਦਭਾਗਾ ਹੈ। ਉਨਾਂ ਸਮੁੱਚੀ ਪੰਜਾਬੀ ਕੌਮ ਨੂੰ ਅਪੀਲ ਕੀਤੀ ਕਿ ਸ਼ਹੀਦ ਸਭ ਦੇ ਸਾਂਝੇ ਹਨ ਤੇ ਸਭ ਨੂੰ ਇਨਾਂ ਸਹੀਦਾਂ ਦੀ ਬਰਸੀ ਮਨਾਉਣੀ ਚਾਹੀਦੀ ਹੈ ਸਭ ਨੂੰ ਇਨਾਂ ਦੀ ਬਰਸੀ ਤੇ ਆਉਣਾ ਚਾਹੀਦਾ ਹੈ। ਐਤਕਾਂ ਵੀ ਸ਼ਹੀਦੀ ਬਰਸੀ ਉਨਾਂ ਦੇ ਜੱਦੀ ਪਿੰਡ ਦੋਲਤ ਪੁਰ ਵਿਖੇ ਮਨਾਈ ਜਾ ਰਹੀ ਹੈ।



# ਉਈਗਰ ਮੁਸਲਮਾਨਾਂ ਨੇ ਵਾਸ਼ਿੰਗਟਨ ਵਿਚ ਅਮਰੀਕੀ ਸੂਬਾ ਵਿਭਾਗ ਦੇ ਅੱਗੇ ਪ੍ਰਦਰਸ਼ਨ ਕੀਤਾ ਤੇ ਚੀਨ ਵਲੋਂ ਹੋ ਰਹੀ ਵਧੀਕੀ ਦਾ ਵਿਰੋਧ ਕੀਤਾ





**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ** ਵਾਸ਼ਿੰਗਟਨ (ਅਮਰੀਕਾ) ਚੀਨ ਵਲੋਂ ਹੋ ਰਹੀ ਵਧੀਕੀ ਦਾ ਵਿਰੋਧ ਕਰਨ ਲਈ ਉਈਗਰ ਮੁਸਲਮਾਨਾਂ ਨੇ ਵਾਸ਼ਿੰਗਟਨ ਵਿਚ ਅਮਰੀਕੀ ਸੂਬਾ ਵਿਭਾਗ ਦੇ ਅੱਗੇ ਉੱਤਰੀ ਤੁਰਕਸਤਾਨ ਦੇ ਝੰਡੇ ਦੇ ਰੰਗ ਨਾਲ ਬਣੇ ਮਾਸਕ ਪਾ ਕੇ ਪ੍ਰਦਰਸ਼ਨਕਾਰੀਆਂ ਨੇ ਉਈਗਰਾਂ ਦੀ ਹੋ ਰਹੀ ਨਸਲਕੁਸ਼ੀ ਦੇ ਵਿਰੋਧ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕੀਤਾ। ਬਲੈਕ ਲਾਈਵਜ਼ ਮੈਟਰ' ਦੀ ਤਰਜ਼ 'ਤੇ ਪ੍ਰਦਰਸ਼ਨਕਾਰੀ 'ਉਈਗਰ ਲਾਈਵਜ਼ ਮੈਟਰ' ਦੇ ਪੋਸਟਰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ। ਇਸ ਵਿਚ ਬੱਚਿਆਂ ਨੇ ਵੀ ਹਿੱਸਾ ਲਿਆ ਤੇ ਉੱਤਰੀ ਤੁਰਕਸਤਾਨ ਨੂੰ ਆਜ਼ਾਦ ਦੇਸ਼ ਵਜੋਂ ਤਵੱਜੋ ਦੇਣ ਦੀ ਮੰਗ ਕੀਤੀ। ਉਈਗਰ ਕਾਰਕੁੰਨ ਹੈਦਰ ਜੈਨ ਨੇ ਇਸ ਪ੍ਰਦਰਸ਼ਨ ਵਿਚ ਹਿੱਸਾ ਲਿਆ ਤੇ ਵਿਸ਼ਵ ਭਰ ਦੇ ਉਈਗਰਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਸਾਥ ਦੇਣ।

ਜ਼ਿਕਰਯੋਗ ਹੈ ਕਿ ਚੀਨ ਤੋਂ ਪਰੇਸ਼ਾਨ ਹੋਏ ਲੋਕ ਅਮਰੀਕਾ ਸਣੇ ਦੁਨੀਆ ਭਰ ਦੇ ਕਈ ਦੇਸ਼ਾਂ ਵਿਚ ਸ਼ਰਣ ਲੈ ਕੇ ਬੈਠੇ ਹਨ। ਚੀਨ ਵਿਚ ਉਈਗਰ ਲੋਕਾਂ ਦੀ ਹਾਲਤ ਤਰਸਯੋਗ ਬਣੀ ਹੈ। ਇਨ੍ਹਾਂ ਲੋਕਾਂ ਉੱਤੇ ਤਸ਼ੱਦਦ ਕੀਤੇ ਜਾ ਰਹੇ ਹਨ ਅਤੇ ਗੁਲਾਮ ਬਣਾਇਆ ਗਿਆ ਹੈ।

ਉਨ੍ਹਾਂ ਦਾ ਕਤਲ ਕੀਤਾ ਜਾਂਦਾ ਹੈ। 3 ਲੱਖ ਧਾਰਮਿਕ ਘੱਟ ਗਿਣਤੀ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟ ਕੇ ਜਾਂ ਲੇਬਰ ਕੈਂਪਾਂ ਵਿਚ ਕੰਮ ਕਰਵਾਉਣ ਲਈ ਕੁੱਟਿਆ-ਮਾਰਿਆ ਜਾਂਦਾ ਹੈ।

# ਕੋਰੋਨਾ ਵੈਕਸੀਨ ਦੀ ਹੰਗਾਮੀ ਵਰਤੋਂ ਦੀ ਇਜਾਜ਼ਤ ਦੇ ਸਕਦੈ ਅਮਰੀਕਾ

**ਨਿਊਯਾਰਕ –** ਰੂਸ ਅਤੇ ਚੀਨ ਪਿੱਛੋਂ ਅਮਰੀਕਾ ਵੀ ਕੋਰੋਨਾ ਵੈਕਸੀਨ ਦੇ ਤੀਜੇ ਪੜਾਅ ਦਾ ਤਜਰਬਾ ਖ਼ਤਮ ਹੋਣ ਤੋਂ ਪਹਿਲੇ ਹੀ ਉਸ ਦੀ ਹੰਗਾਮੀ ਹਾਲਾਤ ਵਿਚ ਵਰਤੋਂ ਦੀ ਇਜਾਜ਼ਤ ਦੇਣ 'ਤੇ ਵਿਚਾਰ ਕਰ ਰਿਹਾ ਹੈ। ਅਮਰੀਕਾ ਦੇ ਖਾਧ ਅਤੇ ਮੈਡੀਸਨ ਪ੍ਰਸ਼ਾਸਨ (ਐੱਫਡੀਏ) ਦੇ ਮੁਖੀ ਨੇ ਇਹ ਜਾਣਕਾਰੀ ਦਿੱਤੀ। ਐਤਵਾਰ ਨੂੰ ਫਾਇਨੈਂਸ਼ੀਅਲ ਟਾਈਮਜ਼ ਵਿਚ ਪ੍ਰਕਾਸ਼ਿਤ ਇੰਟਰਵਿਊ ਵਿਚ ਐੱਫਡੀਏ ਦੇ ਕਮਿਸ਼ਨਰ ਸਟੀਫਨ ਹਾਨ ਨੇ ਕਿਹਾ ਕਿ ਜੇਕਰ ਜੋਖ਼ਮ ਤੋਂ ਲਾਭ ਮਿਲਦਾ ਹੈ ਤਾਂ ਕੋਰੋਨਾ ਵੈਕਸੀਨ ਦੇ ਹੰਗਾਮੀ ਇਸਤੇਮਾਲ ਦੀ ਇਜਾਜ਼ਤ ਦੇਣਾ ਸਹੀ ਫ਼ੈਸਲਾ ਹੋਵੇਗਾ। ਐੱਫਡੀਏ ਮੁਖੀ ਦਾ ਇਹ ਬਿਆਨ ਅਜਿਹੇ ਸਮੇਂ ਵਿਚ ਆਇਆ ਹੈ ਜਦੋਂ ਇਕ ਹਫ਼ਤਾ ਪਹਿਲੇ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਵੈਕਸੀਨ ਦੇ ਟ੍ਰਾਇਲ ਲਈ ਦਵਾਈ ਕੰਪਨੀਆਂ ਨੂੰ ਮਨਜ਼ੂਰੀ ਦੇਣ ਦੇ ਉਸ ਦੇ ਤੌਰ ਤਰੀਕਿਆਂ ਦੀ ਆਲੋਚਨਾ ਕਰ ਚੁੱਕੇ ਹਨ।




ਟਰੰਪ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਦੀ ਚੋਣ ਨੂੰ ਪ੍ਰਭਾਵਿਤ ਕਰਨ ਲਈ ਐੱਫਡੀਏ ਮਨਜ਼ੂਰੀ ਦੇਣ ਵਿਚ ਦੇਰੀ ਕਰ ਰਿਹਾ ਹੈ। ਹਾਨ ਨੇ ਇਸ ਦੋਸ਼ ਨੂੰ ਖ਼ਾਰਜ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਫ਼ੈਸਲੇ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਨਹੀਂ ਕੀਤੇ ਜਾਂਦੇ।

# ਪੰਜਾਬ ਅਚੀਵਮੈਂਟ ਸਰਵੇ 2020

ਅੰਕੜੇ ਸਾਨੂੰ ਕਈ ਤਰ੍ਹਾਂ ਦੀਆਂ ਗਿਣਤੀਆਂ-ਮਿਣਤੀਆਂ ਕਰਨ, ਮੁਲਾਂਕਣ ਕਰਨ, ਭਵਿੱਖਤ ਲੋਕ ਭਲਾਈ ਯੋਜਨਾਵਾਂ ਤਿਆਰ ਕਰਨ, ਕੀਤੀ ਮਿਹਨਤ ਜਾਂ ਕਾਰਗੁਜ਼ਾਰੀ ਨੂੰ ਆਂਕਣ ਅਤੇ ਸਰਬਪੱਖੀ ਤੇ ਸਰਵ-ਹਿਤਕਾਰੀ ਯੋਜਨਾਵਾਂ ਨੂੰ ਤਿਆਰ ਕਰਨ ਅਤੇ ਨੇਪਰੇ ਚਾੜ੍ਹਨ ਲਈ ਮੀਲ-ਪੱਥਰ ਸਿੱਧ ਹੁੰਦੇ ਆਏ ਹਨ। ਅੰਕੜਿਆਂ ਦੀ ਸਹੀ ਵਿਸ਼ਵਸਨੀਅਤਾ ਕਿਸੇ ਰਾਜ ਜਾਂ ਦੇਸ਼ ਦੇ ਭਵਿੱਖ ਦਾ ਸਹੀ ਮੂੰਹ-ਮੁਹਾਂਦਰਾ ਤੈਅ ਕਰਨ ਹਿੱਤ ਹਿੱਤਕਾਰੀ ਹੋ ਨਿੱਬੜਦੀ ਹੈ। ਅੱਜ ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਜੋ ਤਰੱਕੀ ਦੀਆਂ ਬੁਲੰਦੀਆਂ ਸਰ ਕੀਤੀਆਂ ਹਨ, ਉਨ੍ਹਾਂ ਤੋਂ ਹਰ ਆਮ-ਜਨ ਭਲੀਭੀਤ ਜਾਣੂੰ ਹੈ। ਸਕੂਲ ਸਿੱਖਿਆ ਦੇ ਖੇਤਰ ਵਿੱਚ ਬਹੁਤ ਤਬਦੀਲੀਆਂ ਆਈਆਂ ਹਨ। ਸਕੂਲੀ ਸਿੱਖਿਆ ਸਮੇਂ ਦੀ ਹਾਣੀ ਬਣੀ ਹੈ। ਅੱਜ ਪੜ੍ਹਾਈ "ਬੱਚਾ ਤੇ ਰੰਬਾ ਚੰਡਿਆਂ ਹੀ ਸਿੱਧੇ ਹੁੰਦੇ ਨੇ" ਦੇ ਪੁਰਾਤਨ ਰੂੜ੍ਹੀਵਾਦੀ ਰਾਹ ਤੋਂ ਹਟ ਕੇ ਖੇਡ ਵਿਧੀ, ਵਿਦਿਆਰਥੀ-ਕੇਂਦਰਤ ਅਤੇ ਦੋਸਤਾਨਾ-ਮਾਹੌਲ ਵਾਲੀ ਬਣੀ ਹੈ। ਇਸੇ ਤਹਿਤ ਸਕੂਲ ਸਿੱਖਿਆ ਵਿਭਾਗ ਵਿੱਚ "ਸਿੱਖਣ-ਪਰਿਣਾਮਾਂ" ਨੂੰ ਕਾਫੀ ਤਵੱਜੋਂ ਦਿੱਤੀ ਜਾਣ ਲੱਗੀ ਹੈ, ਭਾਵ ਕਿ ਬੱਚਾ ਜੋ ਕੁਝ ਵੀ ਅਧਿਆਪਕ ਪਾਸੋਂ ਵਿਦਿਆਰਥੀ-ਜੀਵਨ ਵਿੱਚ ਸਕੂਲੀ ਸਮੇਂ ਦੇ ਦੌਰਾਨ ਸਿੱਖਦਾ ਹੈ, ਉਹ ਉਸ ਪ੍ਰਾਪਤ ਕੀਤੇ ਗਿਆਨ ਤੇ ਪ੍ਰਾਪਤ ਕੀਤੀ ਸਿੱਖਿਆ ਨੂੰ ਜੀਵਨ ਦੇ ਵਿੱਚ ਦੁਨਿਆਵੀ ਤੌਰ 'ਤੇ ਜੀਵਨ-ਬਸਰ ਕਰ ਕਰਦੇ ਹੋਏ ਵਰਤੋਂ ਵਿੱਚ ਲਿਆਵੇ, ਤਾਂ ਹੀ ਸਿੱਖਿਆ ਦਾ ਮਨੋਰਥ ਸਿੱਧ ਹੋ ਸਕਦਾ ਹੈ; ਕਿਉਂ ਜੋ ਪ੍ਰਾਪਤ ਕੀਤੀ ਸਿੱਖਿਆ ਨੂੰ ਜੀਵਨ ਵਿੱਚ ਉਪਯੋਗ ਕਰਨਾ ਅਤੇ ਉਸ ਅਨੁਸਾਰ ਸਮੇਂ ਦੇ ਹਾਣੀ ਬਣ ਕੇ ਸਮਝ ਵਿਕਸਿਤ ਕਰਨਾ ਅਤੇ ਦੇਸ਼ ਦੇ ਚੰਗੇ ਤੇ ਜ਼ਿੰਮੇਵਾਰ ਨਾਗਰਿਕ ਬਣ ਕੇ ਆਪਣੇ ਫ਼ਰਜ਼ਾਂ ਨੂੰ ਪਛਾਣਨਾ ਤੇ ਨਿਭਾਉਣਾ ਹੀ ਸਿੱਖਿਆ ਦਾ ਟੀਚਾ ਹੋ ਨਿੱਬੜਦਾ ਹੈ। ਇਹ ਤਦ ਹੀ ਸੰਭਵ ਹੈ ਜਦੋਂ ਬੱਚਿਆਂ ਦੇ ਸਿੱਖਣ ਦੇ ਸਿੱਖਣ-ਪੱਧਰ, ਉਨ੍ਹਾਂ ਦੇ ਅਰਜਿਤ ਕੀਤੇ ਗਿਆਨ ਤੇ ਉਨ੍ਹਾਂ ਦੀ ਵਿਕਸਿਤ ਹੋਈ ਸਮਝ ਨੂੰ ਅੰਕਿਆ ਜਾ ਸਕੇ। ਇਸੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਕੂਲ ਸਿੱਖਿਆ ਵਿਭਾਗ ਪੰਜਾਬ ਸਰਕਾਰ ਨੇ ਆਪਣੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦੇ ਹੋਏ PAS (ਪੰਜਾਬ ਅਚੀਵਮੈਂਟ ਸਰਵੇ) ਕਰਵਾਉਣ ਦੀ ਠੋਸ ਤੇ ਵਿਧੀਵੱਧ ਯੋਜਨਾ ਉਲੀਕੀ ਹੈ, ਜੋ ਕਿ ਆਪਣੇ-ਆਪ ਵਿੱਚ ਇੱਕ ਸਰਾਹੁਣਯੋਗ ਤੇ ਪ੍ਰਸੰਸਾ ਵਾਲੀ ਰੂਪ-ਰੇਖਾ ਅਤੇ ਗੱਲ ਹੈ। ਖ਼ੁਸ਼ੀ ਦੀ ਗੱਲ ਹੈ ਕਿ ਸਕੂਲ ਸਿੱਖਿਆ ਵਿਭਾਗ ਕਾਫ਼ੀ ਅਰਸਾ ਪਹਿਲਾਂ ਤੋਂ ਹੀ ਇਸ ਪੰਜਾਬ ਅਚੀਵਮੈਂਟ ਸਰਵੇ (PAS) ਲਈ ਪੱਬਾਂ ਭਾਰ ਹੋ ਗਿਆ ਹੈ ਅਤੇ ਸਾਡੇ ਬਹੁਤ ਹੀ ਮਿਹਨਤੀ, ਸਮਰਪਿਤ ਤੇ ਸਤਿਕਾਰਯੋਗ ਅਧਿਆਪਕ ਸਾਹਿਬਾਨ ਇਸ ਕਰੋਨਾ ਮਹਾਂਮਾਰੀ ਦੇ ਔਖੇ ਸਮੇਂ ਵਿੱਚ ਵੀ ਆਨਲਾਈਨ-ਪੜ੍ਹਾਈ ਕਰਵਾ ਕੇ ਪੰਜਾਬ ਅਚੀਵਮੈਂਟ ਸਰਵੇ (PAS) ਦੀ ਤਿਆਰੀ ਬੱਚਿਆਂ ਨੂੰ ਕਰਵਾ ਰਹੇ ਹਨ। ਵੱਡੀ ਗੱਲ ਇਹ ਵੀ ਹੈ ਕਿ ਸ਼ਹਿਰੀ ਖੇਤਰਾਂ ਦੇ ਨਾ਼ਲ-ਨਾ਼ਲ ਪੰਜਾਬ ਦੇ ਪੇਂਡੂ ਖੇਤਰਾਂ ਦੇ ਬਹੁਤੇਰੇ ਵਿਦਿਆਰਥੀ ਵੀ ਆਨਲਾਈਨ-ਪੜ੍ਹਾਈ ਨਾਲ ਜੁੜੇ ਹਨ ਅਤੇ ਨਵੀਂ ਤਕਨੀਕ ਅਪਣਾ ਰਹੇ ਹਨ। ਪੰਜਾਬ ਅਚੀਵਮੈਂਟ ਸਰਵੇ (PAS) ਪ੍ਰਤੀ ਬੱਚਿਆਂ, ਅਧਿਆਪਕਾਂ, ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ, ਪੰਜਾਬ ਸਰਕਾਰ ਦੇ ਵਿੱਦਿਅਕ ਪ੍ਰੋਜੈਕਟ "ਪੜ੍ਹੋ ਪੰਜਾਬ-ਪੜ੍ਹਾਓ ਪੰਜਾਬ" ਟੀਮਾਂ ਅਤੇ ਸਕੱਤਰ, ਸਕੂਲ ਸਿੱਖਿਆ ਵਿਭਾਗ ਪੰਜਾਬ ਸਰਕਾਰ ਸ੍ਰੀ ਕ੍ਰਿਸ਼ਨ ਕੁਮਾਰ ਜੀ (IAS) ਦਾ ਯੋਗਦਾਨ, ਸਮਰਪਣ- ਭਾਵ, ਕਾਰਜ ਤੇ ਦ੍ਰਿੜ੍ਹ ਇਰਾਦਾ ਸੱਚਮੁੱਚ ਬਹੁਤ ਸਰਾਹੁਣਯੋਗ ਤੇ ਪ੍ਰਸ਼ੰਸਨੀਯਾ ਹੈ।




"PAS (ਪੈਸ) ਵਿੱਚ ਹੈ ਅੱਵਲ ਆਉਣਾ,
ਪੰਜਾਬ ਆਪਣੇ ਨੂੰ ਮੋਹਰੀ ਬਣਾਉਣਾ,
ਪੜ੍ਹ-ਲਿਖ "ਗਿਆਨ ਦਾ ਦੀਪ" ਜਗਾਉਣਾ,
PAS (ਪੈਸ) ਨੂੰ ਹੈ ਕਾਮਯਾਬ ਬਣਾਉਣਾ।

-ਮਾਸਟਰ ਸੰਜੀਵ ਧਰਮਾਣੀ
91-94785-61356

# ਭਾਰਤ ਸਰਕਾਰ ਨੇ ਉਚੇਰੀ ਸਿੱਖਿਆ 'ਚ ਕੁੱਲ ਦਾਖ਼ਲਾ ਦਰ ਨੂੰ 2035 ਤੱਕ 50 ਫ਼ੀਸਦੀ ਤੱਕ ਵਧਾਉਣ ਦਾ ਟੀਚਾ ਮਿੱਥਿਆ: ਕੇਂਦਰੀ ਮੰਤਰੀ ਰਮੇਸ਼ ਪੋਖਰਿਆਲ

ਕੇਂਦਰ ਸਰਕਾਰ ਵੱਲੋਂ ਦਹਾਕਿਆਂ ਪੁਰਾਣੀ ਸਿੱਖਿਆ ਨੀਤੀ ਨੂੰ ਨਵਾਂ ਰੂਪ ਦਿੰਦੇ ਹੋਏ ਜਾਰੀ ਕੀਤੀ ਨਵੀਂ 'ਰਾਸ਼ਟਰੀ ਸਿੱਖਿਆ ਨੀਤੀ-2020' ਦਾ ਟੀਚਾ ਪੇਸ਼ੇਵਰ ਸਿੱਖਿਆ ਸਮੇਤ ਉਚੇਰੀ ਸਿੱਖਿਆ ਵਿੱਚ ਕੁੱਲ ਦਾਖ਼ਲਾ ਦਰ ਨੂੰ ਵਧਾ ਕੇ ਸਾਲ 2035 ਤੱਕ 50 ਫ਼ੀਸਦੀ ਕਰਨ ਦਾ ਟੀਚਾ ਮਿੱਥਿਆ ਹੈ ਜਦਕਿ ਉਚੇਰੀ ਸਿੱਖਿਆ ਸੰਸਥਾਵਾਂ ਵਿੱਚ 3.5 ਤੋਂ 4 ਕਰੋੜ ਨਵੀਂਆਂ ਸੀਟਾਂ ਜੋੜਨ ਦਾ ਟੀਚਾ ਵੀ ਨਵੀਂ ਸਿੱਖਿਆ ਨੀਤੀ ਦਾ ਹਿੱਸਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੇਂਦਰੀ ਸਿੱਖਿਆ ਮੰਤਰੀ ਸ਼੍ਰੀ ਰਮੇਸ਼ ਪੋਖਰਿਆਲ 'ਨਿਸ਼ਾਂਕ' ਨੇ ਸਿੱਖਿਆ ਸੰਸਥਾਵਾਂ ਦੀ ਰਾਸ਼ਟਰ ਪੱਧਰੀ ਸੰਸਥਾ ਐਜੂਕੇਸ਼ਨ ਪ੍ਰਮੋਸ਼ਨ ਸੁਸਾਇਟੀ ਫ਼ਾਰ ਇੰਡੀਆ ਅਤੇ ਪੰਜਾਬ ਦੀਆਂ 13 ਐਸੋਸੀਏਸ਼ਨਾਂ ਅਤੇ ਲਗਭਗ 5000 ਸਿੱਖਿਆ ਸੰਸਥਾਵਾਂ ਦੀ ਸੰਯੁਕਤ ਨੁਮਾਇੰਗੀ ਕਰਨ ਵਾਲੀ ਜੁਆਇੰਟ ਐਸੋਸੀਏਸ਼ਨ ਆਫ਼ ਕਾਲਜਿਜ਼ (ਜੈਕ) ਵੱਲੋਂ ਰਾਸ਼ਟਰੀ ਸਿੱਖਿਆ ਨੀਤੀ 2020 ਸਬੰਧੀ ਕਰਵਾਏ ਪ੍ਰੋਗਰਾਮ 'ਸਿੱਖਿਆ ਸੰਵਾਦ' ਦੌਰਾਨ ਕੀਤਾ। ਜ਼ਿਕਰਯੋਗ ਹੈ ਕਿ ਵਿਚਾਰ ਗੋਸ਼ਟੀ ਦੌਰਾਨ ਕੇਂਦਰੀ ਸਿੱਖਿਆ ਰਾਜ ਮੰਤਰੀ ਸੰਜੇ ਸ਼ਾਮਰਾਓ ਧੋਤਰੇ ਤੋਂ ਇਲਾਵਾ ਪੰਜਾਬ ਦੀਆਂ ਸਾਰੀਆਂ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕਾਂ, ਸਿੱਖਿਆ ਸ਼ਾਸ਼ਤਰੀਆਂ, ਵਿਦਵਾਨਾਂ ਸਮੇਤ ਐਜੂਕੇਸ਼ਨ ਪ੍ਰਮੋਸ਼ਨ ਸੁਸਾਇਟੀ ਫ਼ਾਰ ਇੰਡੀਆ ਦੇ ਉਪ ਪ੍ਰਧਾਨ, ਜੈਕ ਦੇ ਚੀਫ਼ ਪੈਟਰਨ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ, ਡਾ. ਵਿਸ਼ਵਾਨਾਥਨ ਚਾਂਸਲਰ ਵੀ.ਆਈ.ਟੀ ਅਤੇ ਏ.ਪੀ.ਐਸ.ਆਈ ਪ੍ਰਧਾਨ, ਜਗਜੀਤ ਸਿੰਘ ਪ੍ਰਧਾਨ ਜੈਕ ਅਤੇ ਸਕੂਲ ਅਤੇ ਬੀ.ਐਡ ਫੈਡਰੇਸ਼ਨ ਪ੍ਰੈਜੀਡੈਂਟ, ਜੈਕ ਦੇ ਚੇਅਰਮੈਨ ਅਤੇ ਪੁਟੀਆ ਪ੍ਰਧਾਨ ਡਾ. ਗੁਰਮੀਤ ਸਿੰਘ ਧਾਲੀਵਾਲ ਅਤੇ ਜੈਕ ਦੇ ਕੋ-ਚੇਅਰਮੈਨ ਅੰਸ਼ੂ ਕਟਾਰੀਆ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਵਿਚਾਰ ਗੋਸ਼ਟੀ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਰਮੇਸ਼ ਪੋਖਰਿਆਲ ਨੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਸਮੁੱਚੇ ਰਾਸ਼ਟਰੀ ਨੇ ਵਿਆਪਕ ਰੂਪ ਵਿੱਚ ਸਵੀਕਾਰਿਆ ਹੈ ਅਤੇ ਇਸ ਦੀ ਪ੍ਰਸੰਸਾ ਕੀਤੀ ਹੈ, ਕਿਉਂਕਿ ਇਸ ਨੀਤੀ ਦਾ ਖਰੜਾ ਤਿਆਰ ਕਰਦੇ ਸਮੇਂ ਭਾਰਤ ਦੇ ਪਿੰਡ ਤੋਂ ਲੈ ਕੇ ਸੰਸਦ ਤੱਕ, ਜਿਸ ਵਿੱਚ 33 ਕਰੋੜ ਵਿਦਿਆਰਥੀਆਂ, 1 ਕਰੋੜ ਤੋਂ ਵੱਧ ਸਿਖਿਆ ਸ਼ਾਸ਼ਤਰੀਆਂ ਅਤੇ ਇੱਕ ਹਜ਼ਾਰ ਤੋਂ ਵੱਧ ਕੁਲਪਤੀਆਂ ਨੇ ਵਿਚਾਰ ਅਤੇ ਸੁਝਾਅ ਦਰਸਾਏ ਹਨ ਅਤੇ ਸਵਾ ਦੋ ਲੱਖ ਤੋਂ ਵੱਧ ਸੁਝਾਵਾਂ ਦੀ ਸਮੀਖਿਆ ਤੇ ਮੁਲਾਕਣ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਬਹੁ-ਅਨੁਸ਼ਾਸ਼ਨੀ ਸਿੱਖਿਆ ਦੇ ਮਾਡਲਾਂ ਦੇ ਰੂਪ ਵਿੱਚ ਆਈ.ਆਈ.ਟੀ.ਆਈਆਈਐਮ ਦੇ ਅੱਗੇ ਬਹੁ-ਅਨੁਸ਼ਾਸਨੀ ਸਿੱਖਿਆ ਅਤੇ ਰਿਸਰਚ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਦੇਸ਼ ਦੀ ਸਿੱਖਿਆ ਨੂੰ ਗੁਣਵੱਤਾ ਭਰਪੂਰ ਰੂਪ ਦੇਣ ਦੇ ਉਦੇਸ਼ ਨਾਲ ਖੋਜ ਸੱਭਿਆਚਾਰ ਅਤੇ ਖੋਜ ਹੁਨਰ ਨੂੰ ਉਤਸ਼ਾਹਿਤ ਕਰਨ ਲਈ ਇੱਕ ਮੋਹਰੀ ਸੰਸਥਾ ਦੇ ਰੂਪ ਵਿੱਚ ਰਾਸ਼ਟਰੀ ਖੋਜ ਸੰਸਥਾ ਸਥਾਪਿਤ ਕੀਤੀ ਜਾਵੇਗੀ।ਜਿਸ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਖੋਜ ਕਾਰਜਾਂ ਵੱਧ ਜੋੜਨ ਲਈ 20 ਹਜ਼ਾਰ ਕਰੋੜ ਖਰਚਣ ਦਾ ਟੀਚਾ ਨਵੀਂ ਸਿੱਖਿਆ ਨੀਤੀ ਅਧੀਨ ਉਲੀਕਿਆ ਗਿਆ ਹੈ।

ਕੇਂਦਰੀ ਮੰਤਰੀ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਰਾਸ਼ਟਰੀ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ ਅਤੇ ਮਾਨਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਭਾਰਤ ਨੂੰ ਸਿੱਖਿਆ ਦੇ ਖੇਤਰ 'ਚ ਸੁਪਰਪਾਵਰ ਦੇਸ਼ ਬਣਾਉਣ ਦੇ ਉਦੇਸ਼ ਨਾਲ ਬਣਾਈ ਨਵੀਂ ਸਿੱਖਿਆ ਨੀਤੀ 21ਵੀਂ ਦੇ ਸਦੀ 'ਚ ਨਵੇਂ ਭਾਰਤ ਨਿਰਮਾਣ ਲਈ ਆਧਾਰ ਸਾਬਿਤ ਹੋਵੇਗੀ।ਉਨ੍ਹਾਂ ਕਿਹਾ ਕਿ ਵਿਕਾਸ ਦੀ ਇੱਕ ਮਜ਼ਬੂਤ ਨੀਂਹ ਬਣਾਉਣ ਲਈ ਸਕੂਲੀ ਬੱਚਿਆਂ ਨੂੰ ਮਾਂ ਬੋਲੀ ਦੇ ਮਹੱਤਵ ਨੂੰ ਸਮਝਾਉਣਾ ਬਹੁਤ ਅਹਿਮੀਅਤ ਰੱਖਦਾ ਹੈ ਅਤੇ ਭਾਰਤ ਦੀਆਂ ਵੱਖ-ਵੱਖ 22 ਭਾਸ਼ਾਵਾਂ ਵਿਚੋਂ ਦੇਸ਼ ਦੀ ਖੂਬਸੂਰਤੀ ਝਲਕਦੀ ਹੈ।ਉਨ੍ਹਾਂ ਦੱਸਿਆ ਕਿ ਨਵੀਂ ਸਿੱਖਿਆ ਨੀਤੀ ਅਨੁਸਾਰ 5ਵੀਂ ਕਲਾਸ ਤੱਕ ਮਾਤ ਭਾਸ਼ਾ ਅਤੇ ਖੇਤਰੀ ਭਾਸ਼ਾਵਾਂ ਤਹਿਤ ਪੜ੍ਹਾਈ ਕਰਵਾਈ ਜਾਵੇਗੀ।ਨਵੀਂ ਸਿੱਖਿਆ ਨੀਤੀ ਨੂੰ ਅਤੀਤ ਅਤੇ ਵਰਤਮਾਨ ਦਾ ਸੁਮੇਲ ਦੱਸਦਿਆਂ ਉਨ੍ਹਾਂ ਕਿਹਾ ਕਿ ਚੰਗੇ ਰਾਸ਼ਟਰ ਨਿਰਮਾਣ ਲਈ ਆਪਣੀ ਸੱਭਿਅਤਾ ਦੀਆਂ ਜੜ੍ਹਾਂ ਨਾਲ ਜੁੜ ਰਹਿਣ ਦੀ ਜ਼ਰੂਰਤ ਹੈ ਜੋ ਅਸੀ ਵਿਸ਼ਵ ਨੂੰ ਇੱਕ ਵਿਸ਼ਾਲ ਸ਼ਕਤੀ ਦੇ ਰੂਪ ਵਿੱਚ ਉਭਰ ਕੇ ਸਿੱਧ ਕੀਤਾ ਹੈ ਜਦਕਿ ਸਿੱਖਿਆ ਦੇ ਖੇਤਰ 'ਚ ਪੈਦਾ ਹੋਈਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਲਗਾਤਾਰ ਯਤਨਸ਼ੀਲ ਹੈ।

ਕੇਂਦਰੀ ਮੰਤਰੀ ਨੇ ਕਿਹਾ ਕਿ ਭਾਰਤ ਗਿਆਨ ਦਾ




ਨਵੀਂ ਸਿੱਖਿਆ ਨੀਤੀ ਸਬੰਧੀ ਕਰਵਾਏ ਰਾਸ਼ਟਰ ਪੱਧਰੀ 'ਸਿੱਖਿਆ ਸੰਵਾਦ' ਨੂੰ ਸੰਬੋਧਨ ਕਰਦੇ ਕੇਂਦਰੀ ਸਿੱਖਿਆ ਮੰਤਰੀ ਰਮੇਸ਼ ਪੋਖਰਿਆਲ ਅਤੇ ਨਾਲ ਐਜੂਕੇਸ਼ਨ ਪ੍ਰਮੋਸ਼ਨ ਸੁਸਾਇਟੀ ਫ਼ਾਰ ਇੰਡੀਆ ਦੇ ਉਪ ਪ੍ਰਧਾਨ, ਜੈਕ ਦੇ ਚੀਫ਼ ਪੈਟਰਨ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ, ਡਾ. ਵਿਸ਼ਵਾਨਾਥਨ ਚਾਂਸਲਰ ਵੀ.ਆਈ.ਟੀ ਅਤੇ ਏ.ਪੀ.ਐਸ.ਆਈ ਪ੍ਰਧਾਨ, ਜਗਜੀਤ ਸਿੰਘ ਪ੍ਰਧਾਨ ਜੈਕ ਅਤੇ ਸਕੂਲ ਅਤੇ ਬੀ.ਐਡ ਫੈਡਰੇਸ਼ਨ ਪ੍ਰੈਜੀਡੈਂਟ, ਜੈਕ ਦੇ ਚੇਅਰਮੈਨ ਅਤੇ ਪੁਟੀਆ ਪ੍ਰਧਾਨ ਡਾ. ਗੁਰਮੀਤ ਸਿੰਘ ਧਾਲੀਵਾਲ ਅਤੇ ਜੈਕ ਦੇ ਕੋ-ਚੇਅਰਮੈਨ ਅੰਸ਼ੂ ਕਟਾਰੀਆ ਅਤੇ ਡਾ. ਐਚ ਚੁਤਰਵੇਦੀ ਡਾਇਰੈਕਟਰ ਬਿਮਟੈਕ, ਵਿਕਲਪਕ ਪ੍ਰਧਾਨ ਏ.ਪੀ.ਐਸ.ਆਈ।

ਬਹੁਤ ਵੱਡਾ ਸਰੋਤ ਹੈ ਅਤੇ ਵਿਦਿਆ ਦੇ ਖੇਤਰ ਵਿੱਚ ਵਿਸ਼ਵ ਵਿਆਪੀ ਪੱਧਰ 'ਤੇ ਲੀਡਰ ਬਣਨ ਦੀ ਸਮਰੱਥਾ ਰੱਖਦਾ ਹੈ।ਉਨ੍ਹਾਂ ਕਿਹਾ ਨਵੀਂ ਸਿੱਖਿਆ ਨੀਤੀ ਦਾ ਉਦੇਸ਼ ਸਕਿੱਲ ਇੰਡੀਆ ਨੂੰ ਵੀ ਪ੍ਰੋਤਸ਼ਾਹਿਤ ਕਰਨਾ ਹੈ, ਜਿਸ ਲਈ ਛੇਵੀਂ ਜਮਾਤ ਤੋਂ ਵਿਦਿਆਰਥੀਆਂ ਨੂੰ ਵੋਕੇਸ਼ਨਲ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ ਅਤੇ ਭਾਰਤ ਪਹਿਲਾ ਦੇਸ਼ ਹੋਵੇਗਾ ਜਿਥੇ ਸਕੂਲੀ ਸਿੱਖਿਆ ਦੌਰਾਨ ਆਰਟੀਫ਼ੀਸ਼ੀਅਲ ਇੰਟੈਲੀਜੈਂਸੀ ਸਿੱਖਿਆ ਦੀ ਸ਼ੁਰੂਆਤ ਕੀਤੀ ਗਈ ਹੈ।

ਉਨ੍ਹਾਂ ਕਿਹਾ ਨੀਤੀ ਦਾ ਉਦੇਸ਼ ਹੈ ਕਿ ਹਰ ਵਿਦਿਆਰਥੀ ਸਕੂਲ ਤੋਂ ਆਤਮ ਨਿਰਭਰ ਹੋ ਕੇ ਨਿਕਲੇ।ਉਨ੍ਹਾਂ ਕਿਹਾ ਸਿੱਖਿਆ ਨੀਤੀ ਦੇ ਕੋਰਸਾਂ ਦੀ ਲਚਕਤਾ ਵਿਦਿਆਰਥੀਆਂ ਨੂੰ ਆਪਣੀ ਦਿਲਚਸਪੀ ਦੇ ਵਿਸ਼ਿਆਂ ਦੀ ਚੋਣ ਕਰਕੇ ਸ਼ਕਤੀਸ਼ਾਲੀ ਬਣਾਏਗੀ ਅਤੇ ਉਨ੍ਹਾਂ ਦੇ ਕੋਰਸ ਦੇ ਆਧਾਰ 'ਤੇ ਡਿਪਲੋਪਾ/ਡਿਗਰੀ ਪ੍ਰਾਪਤ ਕਰ ਸਕਦੀ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ ਦੇ ਮਿਆਰੀਕਰਨ ਲਈ ਇੱਕ ਕੌਂਸਲ ਦੀ ਸਥਾਪਨਾ ਕੀਤੀ ਜਾਵੇਗੀ ਜੋ ਪਾਠਕ੍ਰਮ, ਵਿੱਤੀ, ਪ੍ਰਬੰਧਨ ਅਤੇ ਕਾਰਜਕਾਰੀ ਪਹਿਲੂਆਂ 'ਤੇ ਕੰਮ ਕਰੇਗੀ।ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ 'ਸਟੱਡੀ ਇਨ ਇੰਡੀਆ' ਦੇ ਨਾਲ-ਨਾਲ 'ਸਟੇਅ ਇੰਨ ਇੰਡੀਆ' ਮੁਹਿੰਮ ਬਾਰੇ ਜਾਗਰੂਕ ਕਰਨ ਲਈ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਵਿਦਿਆਰਥੀ ਵਿਦੇਸ਼ ਪੜ੍ਹਨ ਦੀ ਬਜਾਏ ਦੇਸ਼ 'ਚ ਹੁਨਰਵੰਦ ਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਮੈਡੀਕਲ ਅਤੇ ਕਾਨੂੰਨੀ ਸਿੱਖਿਆ ਨੂੰ ਛੱਡ ਕੇ ਸਮੁੱਚੀ ਉਚੇਰੀ ਸਿੱਖਿਆ ਲਈ ਇੱਕ ਵਿਆਪਕ ਸੰਸਥਾ ਦੇ ਰੂਪ ਵਿੱਚ ਭਾਰਤੀ ਉਚੇਰੀ ਸਿੱਖਿਆ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।

ਇਸ ਮੌਕੇ ਕੇਂਦਰੀ ਸਿੱਖਿਆ ਰਾਜ ਮੰਤਰੀ ਸੰਜੇ ਸ਼ਾਮਰਾਓ ਧੋਤਰੇ ਨੇ ਕਿਹਾ ਕਿ ਚੰਗੇ ਰਾਸ਼ਟਰ ਨਿਰਮਾਣ ਲਈ ਕਈ ਦਹਾਕਿਆਂ ਬਾਅਦ ਨਵੀਂ ਸਿੱਖਿਆ ਨੀਤੀ ਦੇ ਰੂਪ 'ਚ ਭਾਰਤ ਦੇ ਸਿੱਖਿਆ ਖੇਤਰ ਨੂੰ ਨਵੀਂ ਦਿਸ਼ਾ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਅਕਾਦਮਿਕ ਅਤੇ ਵਾਧੂ ਪਾਠਕ੍ਰਮ ਦੀਆਂ ਗਤੀਵਿਧੀਆਂ ਵਿੱਚ ਕੋਈ ਅੰਤਰ ਨਹੀਂ ਸੀ, ਜਿਸ ਸਬੰਧੀ ਨਵੀਂ ਸਿੱਖਿਆ ਨੀਤੀ ਵਿੱਚ ਵੱਡਾ ਸੁਧਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਰਾਸ਼ਟਰੀ ਸਿੱਖਿਆ ਨੀਤੀ ਦਾ ਉਦੇਸ਼ ਸਾਡੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੈ ਅਤੇ 21ਵੀਂ ਸਦੀ ਦੇ ਵਿਦਿਆਰਥੀਆਂ 'ਚ ਚੰਗੀਆਂ ਕਦਰਾਂ ਕੀਮਤਾਂ ਪੈਦਾ ਕਰਨ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਮਾਜਿਕ ਅਤੇ ਭਾਵਨਾਤਮਕ ਸਮਰੱਥਾ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਜਦਕਿ ਅਧਿਆਪਕ ਦੇਸ਼ ਦੀ ਨੌਜਵਾਨੀ ਨੂੰ ਸੇਧ ਦਿੰਦੇ ਹਨ, ਇਸ ਲਈ ਉਨ੍ਹਾਂ ਨੂੰ ਆਪਣੇ ਪੇਸ਼ੇ ਨੂੰ ਉਚਿਤ ਮਹੱਤਤਾ ਦੇਣ ਅਤੇ ਉਨ੍ਹਾਂ ਦੀ ਇੱਜ਼ਤ ਬਣਾਈ ਰੱਖਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਸਿੱਖਿਆ ਸਿਰਫ਼ ਪਿੰਡਾਂ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ ਬਲਕਿ ਨੌਜਵਾਨਾਂ ਨੂੰ ਸਮਾਜਿਕ ਕੰਮਾਂ ਵਿੱਚ ਸ਼ਾਮਲ ਕਰਕੇ ਜਾਗਰੂਕਤਾ ਫੈਲਾਉਣ ਦੀ ਲੋੜ ਹੈ।

ਇਸ ਦੌਰਾਨ ਐਜੂਕੇਸ਼ਨ ਪ੍ਰਮੋਸ਼ਨ ਸੁਸਾਇਟੀ ਫ਼ਾਰ ਇੰਡੀਆ ਦੇ ਉਪ ਪ੍ਰਧਾਨ, ਜੈਕ ਦੇ ਚੀਫ਼ ਪੈਟਰਨ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਵਿਚਾਰ ਗੋਸ਼ਟੀ ਦੌਰਾਨ ਸ਼ਮੂਲੀਅਤ ਕਰਨ ਵਾਲੇ 10 ਹਜ਼ਾਰ ਤੋਂ ਵੱਧ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕਾਂ, ਸਿੱਖਿਆ ਸ਼ਾਸ਼ਤਰੀਆਂ, ਵਿਦਵਾਨਾਂ, ਪ੍ਰਿੰਸੀਪਲਾਂ ਅਤੇ ਅਧਿਆਪਕਾਂ ਤੋਂ ਇਲਾਵਾ ਸਿੱਖਿਆ ਜਗਤ ਨਾਲ ਜੁੜੀਆਂ ਵੱਡੀ ਗਿਣਤੀ ਸਖ਼ਸ਼ੀਅਤਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਮਾਨਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਸਿੱਖਿਆ ਮੰਤਰੀ ਦੀ ਅਗਵਾਈ 'ਚ ਜਾਰੀ ਕੀਤੀ ਗਈ ਸਿੱਖਿਆ ਨੀਤੀ ਸ਼ਲਾਘਾਯੋਗ ਹੈ। ਉਨ੍ਹਾਂ ਜ਼ੋਰ ਦਿੰਦਿਆ ਕਿਹਾ ਕਿ ਨਵੀਂ ਸਿੱਖਿਆ ਨੀਤੀ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਇੱਕ ਵੱਡਾ ਸੁਧਾਰ ਹੈ।ਉਨ੍ਹਾਂ ਸੁਝਾਅ ਦਿੰਦਿਆਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਵਾਲੇ ਲੋਕਾਂ ਲਈ ਵੱਖ ਵੱਖ ਹਿੱਸੇਦਾਰਾਂ ਲਈ ਅਕਾਦਮਿਕ ਅਗਵਾਈ ਅਤੇ ਸੁਧਾਰ ਸਿਖਲਾਈ ਦੀ ਲੋੜ ਹੈ ਅਤੇ ਸਿੱਖਿਆ ਨੀਤੀ ਦੇ ਲਾਗੂ ਹੋਣ ਦਾ ਸਮਾਂ ਵੀ ਤੈਅ ਕਰਨ ਦੀ ਜ਼ਰੂਰਤ ਹੈ।

ਇਸ ਮੌਕੇ ਲਵਲੀ ਯੂਨੀਵਰਸਿਟੀ ਦੇ ਚਾਂਸਲਰ ਸ਼੍ਰੀ ਅਸ਼ੋਕ ਮਿੱਤਲ ਨੇ ਨਵੀਂ ਸਿੱਖਿਆ ਨੀਤੀ ਦਾ ਸਵਾਗਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਗਈ ਨੀਤੀ ਵਿੱਚ ਕੋਈ ਵਰਗ ਲੁਕਿਆ ਨਹੀਂ ਰਿਹਾ, ਜੋ ਵਰਗ ਦੀਆਂ ਲੋੜਾਂ ਦੇ ਅਨੁਸਾਰ ਤਿਆਰ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਵੱਖ-ਵੱਖ ਰੈਗੂਲੇਟਰੀ ਸੰਸਥਾਵਾਂ ਵਿੱਚ ਪ੍ਰਾਈਵੇਟ ਸੰਸਥਾਵਾਂ ਦੀ 50 ਫ਼ੀਸਦੀ ਨੁਮਾਇੰਦਗੀ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਵਿਚਾਰ ਗੋਸ਼ਟੀ ਦੇ ਸੰਚਾਲਕ ਵਜੋਂ ਭੂਮਿਕਾ ਨਿਭਾਉਂਦਿਆਂ ਜੈਕ ਪ੍ਰਧਾਨ ਅਤੇ ਸਕੂਲ ਫੈਡਰੇਸ਼ਨ ਅਤੇ ਬੀ.ਐਡ ਫੈਡਰੇਸ਼ਨ ਪ੍ਰਧਾਨ ਜਗਜੀਤ ਸਿੰਘ ਨੇ ਕਿਹਾ ਨਵੇਂ ਭਾਰਤ ਦੀ ਵਿਲੱਖਣ ਛਵੀ ਰਾਸ਼ਟਰੀ ਸਿੱਖਿਆ ਨੀਤੀ ਵਿਚੋਂ ਝਲਕਦੀ ਹੈ ਅਤੇ ਭਾਰਤ ਨੂੰ ਸਿੱਖਿਆ ਦੇ ਖੇਤਰ 'ਚ ਸੁਪਰਪਾਵਰ ਦੇਸ਼ ਬਣਾਉਣ ਲਈ ਦਹਾਕਿਆਂ ਪੁਰਾਣੀ ਸਿੱਖਿਆ ਨੀਤੀ ਵਿੱਚ ਬਦਲਾਅ ਜ਼ਰੂਰੀ ਸੀ।ਇਸ ਮੌਕੇ ਡਾ. ਐਚ ਚੁਤਰਵੇਦੀ (ਡਾਇਰੈਕਟਰ ਬਿਮਟੈਕ, ਵਿਕਲਪਕ ਪ੍ਰਧਾਨ ਏ.ਪੀ.ਐਸ.ਆਈ) ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਨੂੰ ਅਗਲੇ 10-15 ਸਾਲਾਂ ਵਿੱਚ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਜ਼ਰੂਰਤ ਹੈ ਅਤੇ ਨਵੀਂ ਟੈਕਨਾਲੋਜੀ ਨੂੰ ਇਸ ਨਵੀਂ ਸਿੱਖਿਆ ਨੀਤੀ ਵਿੱਚ ਸ਼ਾਮਲ ਕੀਤਾ ਗਿਆ ਹੈ ਜੋ ਅਗਲੇ ਸਾਲਾਂ ਵਿੱਚ ਨੌਕਰੀਆਂ ਪੈਦਾ ਕਰਨ ਲਈ ਰੋਡਮੈਪ ਹੈ।ਇਸ ਮੌਕੇ ਡਾ. ਵਿਸ਼ਵਾਨਾਥਨ ਚਾਂਸਲਰ ਵੀ.ਆਈ.ਟੀ ਅਤੇ ਏ.ਪੀ.ਐਸ.ਆਈ ਪ੍ਰਧਾਨ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਨਵੇਂ ਭਾਰਤ ਦੇ ਨਿਰਮਾਣ ਲਈ ਚੰਗੀ ਸ਼ੁਰੂਆਤ ਅਤੇ ਪਰਿਵਰਤਨ ਲੈ ਕੇ ਆਈ ਹੈ।

ਇਸ ਮੌਕੇ ਜੈਕ ਦੇ ਕੋ-ਚੇਅਰਮੈਨ ਅਤੇ ਪੁੱਕਾ ਦੇ ਪ੍ਰਧਾਨ ਅੰਸ਼ੂ ਕਟਾਰੀਆਂ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਨਾਲ ਸਿੱਖਿਆ ਦੇ ਖੇਤਰ ਵਿੱਚ ਨਵੀਂ ਕ੍ਰਾਂਤੀ ਆਵੇਗੀ ਅਤੇ ਅੱਜ ਪੰਜਾਬ ਤੋਂ ਵੱਡੀ ਗਿਣਤੀ ਸਕੂਲ/ਕਾਲਜਾਂ ਦੇ ਨੁਮਾਇੰਦਿਆਂ ਅਤੇ ਵਿਦਿਆਰਥੀਆਂ ਨੇ ਇਸ ਵਿਚਾਰ ਗੋਸ਼ਟੀ ਵਿੱਚ ਸ਼ਮੂਲੀਅਤ ਕੀਤੀ ਹੈ।ਇਸ ਮੌਕੇ ਜੈਕ ਦੇ ਚੇਅਰਮੈਨ ਅਤੇ ਪੁਟੀਆ ਪ੍ਰਧਾਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਨਵੀਂ ਸਿੱਖਿਆ ਨੀਤੀ ਸਬੰਧੀ ਵਿਚਾਰ ਵਟਾਂਦਰੇ ਲਈ ਇੱਕ ਮੰਚ ਮੁਹੱਈਆ ਕਰਵਾਉਣ ਲਈ ਮਾਨਯੋਗ ਸਿੱਖਿਆ ਮੰਤਰੀ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਵਿਚਾਰ ਗੋਸ਼ਟੀ ਦੌਰਾਨ ਡਾਇਰੈਕਟਰ ਆਈ.ਆਈ.ਟੀ ਰੋਪੜ ਪ੍ਰੋ. ਸਾਰਿਤ ਕੁਮਾਰ ਦਾਸ, ਪ੍ਰੋ-ਚਾਂਸਲਰ ਚਿਤਕਾਰਾ ਯੂਨੀਵਰਸਿਟੀ ਡਾ. ਮਧੂ ਚਿਤਕਾਰਾ, ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੇ ਪ੍ਰਧਾਨ ਰਛਪਾਲ ਸਿੰਘ ਧਾਲੀਵਾਲ, ਸ. ਚਰਨਜੀਤ ਸਿੰਘ ਵਾਲੀਆ ਪੈਟਰਨ ਜੈਕ, ਮਨਜੀਤ ਸਿੰਘ ਪੈਟਰਲ ਜੈਕ, ਚੇਅਰਮੈਨ ਜੈਕ, ਨਿਰਮਲ ਸਿੰਘ ਸੀਨੀਅਰ ਉਪ ਪ੍ਰਧਾਨ ਜੈਕ, ਜਸਨੀਕ ਸਿੰਘ ਕੱਕੜ ਉਪ ਪ੍ਰਧਾਨ ਜੈਕ, ਡਾ. ਸਤਵਿੰਦਰ ਸਿੰਘ ਸੰਧੂ ਉਪ ਪ੍ਰਧਾਨ ਜੈਕ, ਵਿਪਨ ਸ਼ਰਮਾ ਵਾਈਸ ਪ੍ਰੈਜੀਡੈਂਟ ਜੈਕ, ਸੁਖਮੰਦਰ ਸਿੰਘ ਚੱਠਾ ਸੈਕਟਰੀ ਜਨਰਲ ਜੈਕ, ਸ਼੍ਰੀ ਸ਼ੀਮਾਂਸ਼ੂ ਗੁਪਤਾ ਸੈਕਟਰੀ ਫਾਈਨਾਂਸ ਜੈਕ, ਰਾਜਿੰਦਰ ਸਿੰਘ ਧਨੋਆ ਸੈਕਟਰੀ ਜੈਕ, ਪ੍ਰੈਜੀਡੈਂਟ ਐਮ.ਆਰ.ਈ.ਆਈ ਅਤੇ ਈ.ਪੀ.ਐਸ.ਆਈ ਦੇ ਖ਼ਜ਼ਾਨਚੀ ਡਾ. ਪ੍ਰਸ਼ਾਂਤ ਭੱਲਾ, ਉਪ ਕੁਲਪਤੀ ਪੰਜਾਬ ਯੂਨੀਵਰਸਿਟੀ ਪ੍ਰੋ. ਰਾਜ ਕੁਮਾਰ, ਐਗਜ਼ੀਕਿਊਟਿਵ ਸੈਕਟਰੀ ਈ.ਪੀ.ਐਸ.ਆਈ ਸ਼੍ਰੀ ਪੀ. ਪਲਾਨੀਵਲ, ਜੁਆਇੰਟ ਕਰਾਸਪੌਡੈਂਟ ਕੁਮਾਰਗੁਰੂ ਕਾਲਜ ਆਫ ਟੈਕਨਾਲੋਜੀ ਸ਼ੰਕਰ ਵਨਾਵਰਾਰ ਆਦਿ ਨੇ ਉਚੇਚੇ ਤੌਰ 'ਤੇ ਵਿਚਾਰ ਗੋਸ਼ਟੀ 'ਚ ਸ਼ਮੂਲੀਅਤ ਕੀਤੀ।

# ਨਿੱਕੀਆ ਕਰੂੰਬਲਾਂ ਦਾ ਆਜ਼ਾਦੀ ਵਿਸ਼ੇਸ਼ ਅੰਕ ਜਾਰੀ ਕੀਤਾ ਗਿਆ

**ਮਾਹਿਲਪੁਰ-** ਸੁਰ ਸੰਗਮ ਵਿੱਦਿਅਕ ਟਰੱਸਟ ਵਲੋਂ ਪ੍ਰਿੰ.ਮਨਜੀਤ ਕੌਰ ਦੀ ਅਗਵਾਈ ਹੇਠ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਨੂੰ ਕਰੂੰਬਲਾਂ ਭਵਨ ਵਿਚ ਜਾਰੀ ਕੀਤਾ ਗਿਆ।ਇਸ ਮੌਕੇ ਉੱਘੇ ਸ਼ਾਇਰ ਅਤੇ ਚਿੰਤਕ ਮਦਨ ਵੀਰਾ, ਡਾ.ਸ਼ਮਸ਼ੇਰ ਮੋਹੀ, ਜਸਵੀਰ ਧੀਮਾਨ ਅਤੇ



ਅਸ਼ੋਕ ਪੁਰੀ ਉਚੇਚੇ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਮਦਨ ਵੀਰਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਸਾਹਿਤ ਜਗਤ ਨੂੰ ਇਸ ਗੱਲ ਤੇ ਮਾਣ ਹੈ ਕਿ ਪੰਜਾਬੀ ਵਿਚ ਨਿਜੀ ਖੇਤਰ ਦਾ ਇਕੋ ਇਕ ਬਾਲ ਰਸਾਲਾ ਪਿਛਲੇ 25 ਸਾਲ ਤੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।ਸ.ਗੁਬਖਸ਼ ਸਿੰਘ ਪ੍ਰੀਤਲੜੀ ਦੇ ਬਾਲ ਸੰਦੇਸ਼ ਤੋਂ ਬਾਅਦ ਇਹ ਪ੍ਰਾਪਤੀ ਬਲਜਿੰਦਰ ਮਾਨ ਦੀ ਘਾਲਣਾ ਨਾਲ ਹੋਈ ਹੈ। ਇਸ ਮੌਕੇ ਡਾ.ਮੋਹੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਅਸੀਂ ਨਰੋਏ ਬਾਲ ਸਾਹਿਤ ਰਾਹੀਂ ਬੱਚਿਆਂ ਨੂੰ ਭਿੰਨ-ਭਿੰਨ ਪ੍ਰਕਾਰ ਦੀਆਂ ਅਲਾਮਤਾਂ ਤੋਂ ਬਚਾਅ ਸਕਦੇ ਹਾਂ। ਅਜੋਕੇ ਸਮੇਂ ਵਿਚ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਣ ਵਾਸਤੇ ਉਹਨਾਂ ਹੱਥ ਰੌਚਕ ਬਾਲ ਪੁਸਤਕਾਂ ਅਤੇ ਰਸਾਲੇ ਦੇਣੇ ਸਮੇਂ ਦੀ ਮੁੱਖ ਲੋੜ ਹੈ। ਸ਼੍ਰੀ ਧੀਮਾਨ ਨੇ ਨਿੱਕੀਆਂ ਕਰੂੰਬਲਾਂ ਰਸਾਲੇ ਵਿਚ ਸ਼ਾਮਲ ਰਚਨਾਵਾਂ ਬਾਰੇ ਕਿਹਾ ਕਿ ਇਹ ਸਾਡੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਭਰਦੀਆਂ ਹਨ।ਅਸ਼ੋਕ ਪੁਰੀ ਨੇ ਚਿੱਤਰਕਾਰੀ ਵਾਲੇ ਪੱਖ ਨੂੰ ਉਜਾਗਰ ਕਰਦਿਆਂ ਰਸਾਲੇ ਵਿਚ ਛਪੇ ਰੌਚਕ ਚਿਤਰਾਂ ਨੂੰ ਬਾਲ ਮਾਨਸਿਕਤਾ ਦੇ ਹਾਣੀ ਆਖਦਿਆਂ ਸ਼ਲਾਘਾ ਕੀਤੀ।

ਜ਼ਿਲ੍ਹਾ ਨੋਡਲ ਅਫ਼ਸਰ ਬੇਅੰਤ ਸਿੰਘ ਅਤੇ ਨਰੇਸ਼ ਕੁਮਾਰ ਨੇ ਕਿਹਾ ਕਿ ਸਿੱਖਿਆ ਅਤੇ ਸਾਹਿਤ ਦਾ ਨਹੁੰ ਮਾਸ ਦਾ ਰਿਸ਼ਤਾ ਹੈ। ਇਸ ਲਈ ਹਰ ਬੱਚੇ ਨੂੰ ਨਰੋਏ ਅਤੇ ਰੌਚਕ ਬਾਲ ਸਾਹਿਤ ਨਾਲ ਜੋੜਨਾ ਚਾਹੀਦਾ ਹੈ। ਲੋਕ ਕਵੀ ਪੰਮੀ ਖੁਸ਼ਹਾਲਪੁਰੀ ਅਤੇ ਚਿੱਤਰਕਾਰ ਸੁਖਮਨ ਸਿੰਘ ਖੜੌਦੀ ਨੇ ਆਪਣੀਆਂ ਬਾਲ ਸਾਹਿਤਕ ਵੰਨਗੀਆਂ ਪੇਸ਼ ਕੀਤੀਆਂ। ਬੱਗਾ ਸਿੰਘ ਆਰਟਿਸਟ, ਨਰੇਸ਼ ਕੁਮਾਰ, ਹਰਮਨਪ੍ਰੀਤ ਕੌਰ, ਰਵਨੀਤ ਕੌਰ, ਨਿਧੀ ਅਮਨ ਸਹੋਤਾ ਆਦਿ ਨੇ ਵੀ ਆਪੋ ਆਪਣੇ ਢੰਗ ਨਾਲ ਆਪਣੀ ਹਾਜ਼ਰੀ ਲਗਵਾਈ। ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵਲੋਂ ਕੀਤਾ ਗਿਆ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928


# ਕਾਗਹੁ ਹੰਸ ਕਰਹਿ (ਪੁਸਤਕ ਸਮੀਖਿਆ)



ਗੁਰਿੰਦਰਜੀਤ ਸਿੰਘ
'ਨੀਟਾ ਮਾਛੀਕੇ'
559-333-5776

ਪਿਛਲੇ ਦਿਨੀਂ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਜਗਤਾਰ ਸਿੰਘ ਬਰਾੜ ਅਤੇ ਪਿੰਦਾ ਕੋਟਲਾ ਦੇ ਸਹਿਯੋਗ ਨਾਲ ਪ੍ਰੋ. ਧਰਮਵੀਰ ਸਿੰਘ ਚੱਠਾ ਦੀ ਪੁਸਤਕ "ਕਾਗਹੁ ਹੰਸ ਕਰਹਿ" ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਰਲੀਜ਼ ਕੀਤੀ ਗਈ। ਇਹ ਪੁਸਤਕ ਜੇ.ਪੀ. ਪਬਲੀਸ਼ਰ ਪਟਿਆ.ਲਾ ਵੱਲੋਂ ਪਬਲਿਸ਼ ਕੀਤੀ ਗਈ ਹੈ। ਇਹ ਪੁਸਤਕ ਬਠਿੰਡੇ ਵਾਲੇ ਕਾਂ ਦੇ ਨਾਮ ਨਾਲ ਮਸ਼ਹੂਰ ਬਦਮਾਸ਼ ਦੇ ਜੀਵਨ ਤੇ ਅਧਾਰਤ ਹੈ, ਕਿ ਕਿਵੇਂ ਬੰਦੇ ਦੀ ਜ਼ਿੰਦਗੀ ਬਦਲਦਿਆਂ ਦੇਰ ਨਹੀਂ ਲਗਦੀ ਅਤੇ ਗੁਰੂ ਦੀ ਮਿਹਰ ਸਦਕਾ ਬਠਿੰਡੇ ਵਾਲਾ ਕਾਂ ਵਿਗੜੇ ਬਦਮਾਸ਼ ਤੋਂ ਰਜਿੰਦਰਪਾਲ ਸਿੰਘ ਖਾਲਸਾ ਬਣ ਗਿਆ। ਕਾਂ ਦੀ ਜੀਵਨੀ ਤੇ ਅਧਾਰਤ ਇਹ ਪੁਸਤਕ ਕਰੀਬ 112 ਪੇਜ ਦੀ ਹੈ। ਅਤੇ ਲੇਖਕ ਨੇ ਸਾਰੇ ਵਰਤਾਂਤ ਬਹੁਤ ਵਧੀਆ ਤਰੀਕੇ ਨਾਲ ਕਲਮਬੰਧ ਕੀਤੇ ਹਨ। ਲੇਖਕ ਦੀ ਸਰਲ ਲੇਖਣੀ ਪਾਠਕ ਨੂੰ ਆਪਣੇ ਨਾਲ ਉਂਗਲ ਫੜਕੇ ਤੋਰਨ ਦੀ ਸਮਰੱਥਾ ਰੱਖਦੀ ਹੈ। ਇਹ ਪੁਸਤਕ ਪੜ੍ਹਦਿਆਂ ਜੋ ਕੁਝ ਬਠਿੰਡੇ ਕਾਂ ਤੋਂ ਰਜਿੰਦਰਪਾਲ ਸਿੰਘ ਖਾਲਸੇ ਦੇ ਸਫਰ ਦੀ ਪੂਰੀ ਕਹਾਣੀ ਬਾਰੇ ਮੈਂ ਮਹਿਸੂਸ ਕੀਤਾ, ਉਹ ਤੁਹਾਡੇ ਨਾਲ ਸ਼ੇਅਰ ਕਰ ਰਿਹਾ ਹਾਂ।

ਰੱਬ ਨੇ ਇਨਸਾਨ ਨੂੰ ਇਸ ਦੁਨੀਆਂ ਤੇ ਫਰਿਸ਼ਤਾ ਬਣਾਕੇ ਭੇਜਿਆ ਹੈ। ਕਈ ਵਾਰ ਇਨਸਾਨ ਦੀ ਜਿੰਦਗੀ ਲਫ਼ਜ਼ਾਂ ਦੇ ਪਹਿਰਾਵੇ ਤੋ ਬਾਹਰ ਚਲੀ ਜਾਂਦੀ ਹੈ। ਜਿਸ ਮਹੌਲ ਵਿੱਚੋਂ ਤੁਸੀਂ ਗੁਜ਼ਰਦੇ ਹੋ, ਉਸੇ ਨਾਲ ਹੀ ਤੁਰ ਪੈਂਦੇ ਹੋ। ਵਕਤ ਦਾ ਝੰਬਿਆਂ ਮਨੁੱਖ ਸਮਾਜ ਵਿੱਚ ਆਪਣੇ ਫਰਜ਼ ਨਹੀਂ ਨਿੱਭਾ ਸਕਦਾ। ਬੁਰੇ ਦੌਰ ਦੀ ਜਦੋਂ ਚੱਕੀ ਚਲਦੀ ਹੈ, 'ਤਾਂ ਲੋਕ ਤੁਹਾਨੂੰ ਵੇਖਕੇ ਘਰਾਂ ਨੂੰ ਜਿੰਦਰੇ ਮਾਰ ਲੈਂਦੇ ਹਨ। ਵਕਤ ਦੀਆਂ ਕਰਵਟਾਂ ਆਪਣਾ ਫਰਜ਼ ਨਿਭਾਉਂਦੀਆਂ ਰਹਿੰਦੀਆਂ ਹਨ। ਵਕਤ ਤੋਂ ਖੁੰਝਣਾ ਤੁਰਨਾ ਨਹੀਂ ਭਟਕਣਾ ਰਹਿ ਜਾਂਦਾ ਹੈ। ਮੈ ਗੱਲ ਕਰਨ ਲੱਗਾ ਹਾਂ, ਉਸ ਸ਼ਕਸ਼ ਦੀ ਜਿਹੜਾ ਜ਼ਿੰਦਗੀ ਦੀ ਮੰਜਿਲ ਤੋ ਭਟਕ ਕਿ ਦੁਬਾਰਾ ਗੁਰੂਆਂ ਵੱਲੋਂ ਦੱਸੇ ਮਾਗਰ ਤੇ ਆਣ ਖਲੋਤਾ। 1997 ਤੋਂ ਲੈਕੇ 2007 ਤੱਕ ਖ਼ੌਫ਼ ਦਾ ਦੂਜਾ ਨਾਂ ਬਠਿੰਡੇ ਵਾਲਾ ਕਾਂ ਜੋ ਬਠਿੰਡੇ ਦੇ ਨਵੇਂ ਵਸੇ ਇਲਾਕੇ ਭਾਈ ਮਤੀ ਦਾਸ ਨਗਰ ਦਾ ਵਸਨੀਕ ਸੀ। ਇਕੱਲਾ ਪੁੱਤ ਮਾਪਿਆਂ ਨੇ ਬੜੇ ਹੀ ਚਾਵਾਂ ਨਾਲ ਪਾਲਿਆ ਸੀ। ਪਿਤਾ ਫੌਜ ਵਿੱਚ ਕੈਪਟਨ ਸੀ। ਮਾਂ ਪਿਓ ਅਤੇ ਭੈਣਾਂ ਦੇ ਸੁਪਨੇ ਘਰਦੇ ਇਕਲੌਤੇ ਚਿਰਾਗ਼ ਵਿੱਚ ਸਮੋਏ ਹੋਏ ਸਨ। ਪੜਾਈ ਦੇ ਨਾਲ ਨਾਲ ਮਾਪਿਆ ਨੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਬਾਬੇ ਫਰੀਦ ਦੇ ਅਖਾੜੇ ਫਰੀਦਕੋਟ ਭੇਜਿਆ। ਕੋਚ ਜਗਦੇਵ ਸਿੰਘ ਨੇ ਆਪ ਨੂੰ ਮਾਨਸਿਕ ਅਤੇ ਸਰੀਰਕ ਤੌਰ ਤੇ ਤਿਆਰ ਕੀਤਾ। ਭਲਵਾਨੀ ਕਰਦਿਆਂ ਉਸਨੇ ਕੁਝ ਜਿੱਤਾਂ ਵੀ ਦਰਜ ਕੀਤੀਆਂ। ਸਟੇਟ ਲੈਵਲ ਤੇ ਘੁਲਣ ਤੋਂ ਬਾਅਦ ਜਦੋਂ ਉਹੋ ਵਾਪਸ ਬਠਿੰਡੇ ਆਇਆ, ਉਸ ਉੱਪਰੋਂ ਭਲਵਾਨੀ ਦਾ ਨਸ਼ਾ ਉਤਰਨ ਲੱਗਾ। ਘਰਦਾ ਮਹੌਲ ਬੇਹੱਦ ਧਾਰਮਿਕ ਸੀ। ਕਾਂ ਸ਼ੁਰੂ ਤੋਂ ਹੀ ਭਿੰਡਰਾਂਵਾਲੇ ਸੰਤਾਂ ਦਾ ਉਪਾਸ਼ਕ ਸੀ। ਉਸ ਉੱਪਰ ਫਿਲਮਾਂ ਦਾ ਪ੍ਰਭਾਵ ਹੋਣ ਕਰਕੇ ਸੰਜੇ ਦੱਤ ਵਾਂਗ ਲੰਮੇ ਵਾਲ ਰੱਖੇ ਹੋਏ ਸਨ। ਇੱਥੇ ਉਸਦੀ ਸਮਝ ਗੋਤਾ ਖਾ ਗਈ। ਬਣਨਾ ਤਾਂ ਉਸਨੂੰ ਨਾਇਕ ਚਾਹੀਦਾ ਸੀ, ਪਰ ਸੁਪਨੇ ਖਲਨਾਇਕ ਬਣਨ ਦੇ ਲੈਣ ਲੱਗ ਪਿਆ। ਪੌਲੀਟੈਕਨਿਕ ਕਾਲਜ ਬਠਿੰਡਾ ਪੜ੍ਹਦਿਆਂ ਭਾਗੂ ਰੋਡ ਤੇ ਇੱਕ ਗਹਿਗੱਚ ਲੜਾਈ ਹੋਈ। ਇਸ ਲੜਾਈ ਵਿੱਚ ਪੁਰਾਤਨ ਹਥਿਆਰਾਂ ਨਾਲ ਪੂਰੀ ਵੱਢ-ਟੁੱਕ ਹੋਈ। ਇਸ ਪਿੱਛੋਂ ਉਸਦੀ ਦਲੇਰੀ ਅਤੇ ਦਹਿਸ਼ਤ ਦੇ ਚਰਚੇ ਇਲਾਕੇ ਵਿੱਚ ਸ਼ੁਰੂ ਹੋ ਗਏ। ਫਿਰ ਇਸ ਨਾਲ ਆਸੇ ਪਾਸੇ ਪਿੰਡਾਂ ਦੇ ਮੁੰਡੇ ਜੁੜਨੇ ਸ਼ੁਰੂ ਹੋ ਗਏ। ਮਤੀ ਦਾਸ ਨਗਰ ਵਿੱਚ ਰਹਿਣ ਕਰਕੇ ਇਹ ਮਤੀ ਦਾਸ ਗਰੁੱਪ ਨਾਲ ਮਸ਼ਹੂਰ ਹੋ ਗਏ। ਸਿਆਣੇ ਕਹਿੰਦੇ ਬਰੂਦ ਹੋਵੇ ਨਾ ਫਟੇ, 'ਤੇ ਸੂਰਮਾ ਹੋਵੇ ਪਾਸਾ ਵੱਟੇ... ਇਹ ਵੀ ਕਦੇ ਕਦੇ ਹੋ ਜਾਂਦਾ ਹੈ। ਆਪਣਿਆਂ ਵੱਲੋਂ ਰੋਕਣ ਦੇ ਬਾਵਜੂਦ ਦੁਸ਼ਮਣ ਨੂੰ ਕਮਜ਼ੋਰ ਸਮਝਣ ਵਾਲੀ ਬੇਸਮਝੀ ਦਾ ਸ਼ਿਕਾਰ ਹੋ ਗਿਆ। ਪੰਪ ਤੇ ਇਕੱਲਾ ਤੇਲ ਪਵਾਉਦਾ ਮਾਰ ਖਾ ਗਿਆ। ਇਹਨਾਂ ਜ਼ਖ਼ਮਾਂ ਦੀ ਪੀੜ ਨੇ ਸਰੀਰ ਦੀ ਤਾਕਤ ਅਤੇ ਦਲੇਰੀ ਨੂੰ ਇਹੋ ਜਿਹਾ ਕੁਰਾਹੇ ਪਾਇਆ ਉਸਦੀ ਲੰਮੀ ਡਾਂਗ ਵਾਲਾ ਚੰਡਿਆ ਹੋਇਆ ਗੰਡਾਸਾ ਦਸ ਸਾਲ ਖੁੰਢਾ ਨਹੀਂ ਹੋਇਆ। ਉਸਨੇ ਵਿਰੋਧੀ ਗੁੱਟਾਂ ਨਾਲ ਅਨੇਕਾਂ ਹੀ ਲੜਾਈਆਂ ਲੜੀਆਂ। ਚਾਹੇ ਉਹ ਕਾਲਜ ਦੀ ਪ੍ਰਧਾਨਗੀ ਹੋਵੇ, ਯਾਰੀ ਪਿੱਛੇ ਜ਼ਮੀਨ ਦੇ ਕਬਜ਼ੇ, ਟਰੱਕ ਯੂਨੀਅਨ ਦੀ ਪ੍ਰਧਾਨਗੀ, ਪਿੰਡ ਦੀ ਸਰਪੰਚੀ, ਮਿੰਨੀ ਬੱਸਾਂ ਦੇ ਟਾਇਮ ਦੇ ਮਸਲੇ,ਚੋਣਾਂ ਆਦਿ...! ਇੱਕ ਵਾਰੀ ਕਾਲਜ ਦੀ ਪ੍ਰਧਾਨਗੀ ਸਮੇਂ ਅਨੇਕਾਂ ਮੁੰਡਿਆ ਦੀ ਮੌਜੂਦਗੀ ਵਿੱਚ ਸਿਰਫ ਦੋ ਮੁੰਡਿਆ ਨੂੰ ਨਾਲ ਲੈਕੇ ਪੋਸਟਰ ਲੈ ਆਏ ਸਨ, ਅਤੇ ਇਹਨਾਂ ਪੋਸਟਰਾਂ ਨੂੰ ਉਤਾਰਨ ਦੀ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ ਸੀ। ਅਖੀਰਲੀ ਗੱਲ ਕਿ ਇਲਾਕੇ ਦੀ ਹਰ ਬਦਮਾਸ਼ੀ ਵਿੱਚ ਕਾਂ ਨੇ ਆਪਣਾ ਦਬਦਬਾ ਬਣਾਈ ਰੱਖਿਆ। ਇਹਨਾਂ ਲੜਾਈਆਂ ਦੌਰਾਨ ਕਾਂ ਤੇ ਅਣਗਿਣਤ ਕੇਸ ਪਏ। ਅਨੇਕਾਂ ਵਾਰ ਜੇਲ੍ਹ ਯਾਤਰਾਵਾਂ ਕੀਤੀਆਂ। ਪਹਿਲੀ ਵਾਰ ਜੇਲ੍ਹ ਦੀ ਕਾਲ ਕੋਠੜੀ ਦੀ ਠੰਢੀ ਫ਼ਰਸ਼ ਨੇ ਕਾਫ਼ੀ ਤੰਗ ਪਰੇਸ਼ਾਨ ਕੀਤਾ। ਲਗਾਤਾਰ ਜੇਲ੍ਹ ਅੰਦਰ ਆਉਣ ਜਾਣ ਕਰਕੇ ਸਾਰਾ ਡਰ ਖਤਮ ਹੋ ਗਿਆ। ਕਾਂ ਲਈ ਜੇਲ੍ਹ ਛੁੱਟੀਆਂ ਕੱਟਣ ਵਾਲੀ ਸੁਰੱਖਿਅਤ ਜਗ੍ਹਾ ਬਣ ਗਈ। ਜੇਲ੍ਹ ਅੰਦਰ ਹਰ ਤਰਾਂ ਦੀ ਬੁਰਾਈ ਨਾਲ ਜੁੜੇ ਇਨਸਾਨ ਨਾਲ ਵਾਹ ਪਿਆ। ਪੈਸੇ ਅਤੇ ਦਬਦਬਾ ਵਾਲੇ ਇਨਸਾਨ ਲਈ ਜੇਲ੍ਹ ਦੇ ਕੋਈ ਵੀ ਅਰਥ ਨਹੀਂ ਹਨ। ਇਹ ਸਧਾਰ ਘਰ ਦੀ ਵਜਾਏ ਬਿਮਾਰ ਘਰ ਬਣ ਗਏ ਹਨ। ਹੌਲੀ ਹੌਲੀ ਮਤੀ ਦਾਸ ਗਰੁੱਪ ਨਸ਼ਿਆ ਦਾ ਸ਼ਿਕਾਰ ਹੋ ਗਿਆ। ਫਿਰ ਸਾਰਾ ਸਾਰਾ ਦਿਨ ਖੋਖਿਆਂ ਤੇ ਬੈਠਕੇ ਸਿਗਰਟ, ਬੀੜੀ, ਫੈਂਨਸੀ , ਜਰਦੇ ਅਤੇ ਹੋਰ ਅਨੇਕਾਂ ਕਿਸਮ ਦੇ ਨਸ਼ੇ ਚੱਲਦੇ। ਵੇਚਣ ਵਾਲ਼ਿਆ ਦੀ ਚਾਂਦੀ ਤੇ ਮਾਂਵਾਂ ਦੇ ਪੁੱਤਾਂ ਦੀ ਬਰਬਾਦੀ, ਨਸ਼ਿਆ ਦਾ ਕੋਈ ਟਿਕਾਣਾ ਨਾ ਰਿਹਾ। ਗੱਲ ਖਤਮ ਕਿ ਭੈਣਾਂ ਦੀਆਂ ਡੋਲੀਆਂ ਤੋਰਨ ਵੇਲੇ ਵੀ ਨਸ਼ੇ ਵਿੱਚ ਗੁਲਤਾਨ ਰਿਹਾ। ਲੋਹੇ ਵਰਗਾ ਸਰੀਰ ਸੁੱਕਕੇ ਪਿੰਜਰ ਬਣਦਾ ਜਾ ਰਿਹਾ ਸੀ। ਕਾਂ ਦਾ ਵਿਆਹ 2006 ਵਿੱਚ ਬੀਬੀ ਸੁਖਪਾਲ ਕੌਰ ਨਾਲ ਹੋਇਆ। ਉਹ ਪ੍ਰਮਾਤਮਾਂ ਤੇ ਵਿਸ਼ਵਾਸ ਰੱਖਣ ਵਾਲੀ ਧਾਰਮਿਕ ਕੁੜੀ ਸੀ। ਇਸ ਤਰਾਂ ਨਸ਼ੇ ਦੀ ਮਦਹੋਸ਼ੀ ਵਿੱਚ ਕਾਂ ਦਾ ਐਕਸੀਡੈਂਟ ਹੋ ਗਿਆ। ਹਸਪਤਾਲ ਵਿੱਚ ਉਸਦੀ ਦੋਸਤੀ ਹਰਪਿੰਦਰ ਸਿੰਘ ਗਿਆਨੀ ਨਾਲ ਹੋਈ। ਉਹ ਧਾਰਮਿਕ ਅਤੇ ਭਿੰਡਰਾਵਾਲੇ ਸੰਤਾਂ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਸੀ। ਉਸਨੇ ਨੇ ਸੰਤਾਂ ਬਾਰੇ ਕੁਝ ਕਿਤਾਬਾਂ ਪੜ੍ਹਨ ਲਈ ਦਿੱਤੀਆਂ। ਅਸਲ ਵਿੱਚ ਇਹ ਦੁਰਘਟਨਾਂ ਨਹੀਂ ਸੀ ਬਲਕਿ ਇਸ ਦੁਰਘਟਨਾ ਨੇ ਉਸਦੀ ਜ਼ਿੰਦਗੀ ਨੂੰ ਇੱਕ ਨਵਾਂ ਮੋੜ ਦਿੱਤਾ। ਮਾਂ ਪਿਓ ਅਤੇ ਘਰਵਾ.ਲੀ ਦੀਆਂ ਅਰਦਾਸਾਂ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ। ਹੌਲੀ ਹੌਲੀ ਉਸਦੇ ਅੰਦਰਲੇ ਇਨਸਾਨ ਨੇ ਜਾਗਣਾ ਸ਼ੁਰੂ ਕਰ ਦਿੱਤਾ। ਲੰਬਾ ਸਮਾਂ ਉਸਦੇ ਅੰਦਰ ਨੇਕੀ ਅਤੇ ਬਦੀ ਦੀ ਲੜਾਈ ਹੋਈ। ਗੁਰੂ ਭਰੋਸੇ ਉਸਦੇ ਅੰਦਰਲੇ ਸ਼ਿੱਦਕ ਨੇ ਇੱਕ ਦਿਨ ਬੁਰਾਈ ਨੂੰ ਹਰਾ ਦਿੱਤਾ। ਜਿਸ ਦੇ ਬਾਪ ਦਾ ਸਿਰੜ ਸਰਹੱਦਾਂ ਦੀਆਂ ਲਕੀਰਾਂ ਬਦਲ ਦਿੰਦਾ ਹੋਵੇ ਉਸਦੇ ਪੁੱਤਰ ਦੀ ਜ਼ਿੰਦਗੀ ਬਦਲਣੀ ਕੋਈ ਵੱਡੀ ਗੱਲ ਨਹੀਂ ਸੀ।




ਖੰਖਾਰੂ ਬਿਰਤੀ ਵਾਲਾ ਕਾਂ 2014 ਵਿੱਚ ਆਪਣੇ ਦੋਵੇਂ ਪੁੱਤਰਾ ਅਤੇ ਧਰਮ ਪਤਨੀ ਨਾਲ ਅੰਮ੍ਰਿਤਪਾਨ ਕਰਕੇ ਨਿਮਰਤਾ ਦਾ ਪੁੰਜ ਰਜਿੰਦਰਪਾਲ ਸਿੰਘ ਖਾਲਸਾ ਬਣ ਗਿਆ। ਇਸ ਵਿੱਚ ਆਪਣੇ ਮਾਂ ਬਾਪ ਅਤੇ ਪੁਰਖਿਆਂ ਦਾ ਅਣਖੀ ਅਤੇ ਜੰਝਾਰੂ ਖੂੰਨ ਸੀ। ਜਿਸ ਨੂੰ ਇਸਨੇ ਸਹੀ ਰਸਤੇ ਤੇ ਲਿਆ ਖੜਾ ਕੀਤਾ। ਰਜਿੰਦਰਪਾਲ ਸਿੰਘ ਖਾਲਸਾ ਦੀ ਆਪਣੇ ਗੁਨਾਹ ਕਬੂਲਣ ਵਾਲੀ ਦਲੇਰੀ ਦੀ ਦਾਦ ਦੇਣੀ ਬਣਦੀ ਹੈ।

ਹੁਣ ਉਸਦੀ ਜ਼ਿੰਦਗੀ ਦਾ ਹੁਸੀਨ ਸਫਰ ਜ਼ਿੰਦਗੀ ਦੀਆਂ ਨਵੀਂਆਂ ਲੀਹਾਂ ਵੱਲ ਤੁਰ ਪਿਆ ਹੈ। ਅਨੰਦ ਦੀ ਪ੍ਰਪਤੀ ਵੱਲ ਤੁਰੇ ਗੁਰਸਿੱਖ ਦਾ ਰਸਤਾ ਕਦੇ ਖਤਮ ਨਹੀਂ ਹੁੰਦਾ, ਮੈ ਆਸ ਕਰਦਾ ਜੁਝਾਰੂ ਨੌਜਵਾਨ ਸਮਾਜ ਦੀਆਂ ਬੁਰੀਆਂ ਨਾਲ ਲੜਕੇ ਇੱਕ ਨਵਾਂ ਇਤਿਹਾਸ ਲਿਖੇਗਾ। ਸਾਡੇ ਸਮਾਜ ਸਮਾਜ ਨੂੰ ਇਸ ਵੀਰ ਦੇ ਕੌੜੇ ਤਜਰਬਿਆਂ ਦਾ ਲਾਭ ਲੈਣਾ ਚਾਹੀਦਾ ਹੈ।

ਇਸ ਵੀਰ ਨੂੰ ਪਿੰਡਾਂ ਵਿੱਚ ਸਤਿਕਾਰ ਦੇਕੇ, ਪ੍ਰੋ. ਧਰਮਵੀਰ ਚੱਠਾ ਵੱਲੋਂ ਲਿਖੀ ਕਿਤਾਬ "ਕਾਗਹੁ ਹੰਸੁ ਕਰੇਇ" ਉੱਪਰ ਸੈਮੀਨਰ ਕਰਵਾਉਣੇ ਚਾਹੀਦੇ ਹਨ। ਅਤੇ ਨੌਜਵਾਨਾਂ ਅੰਦਰ ਇਹ ਕਿਤਾਬ ਜਾਗ੍ਰਿਤੀ ਵਜੋਂ ਵੰਡਣੀ ਚਾਹੀਦੀ ਹੈ, ਤਾਂ ਜੋ ਲੋਕਾਂ ਦੇ ਪੁੱਤ ਆਪਣੀ ਕੀਮਤੀ ਜ਼ਿੰਦਗੀ ਤੋ ਭਟਕਕੇ ਬਰਬਾਦੀ ਤੋ ਬਚ ਸਕਣ।



**11-12 ਜੂਨ 1926 ਨੂੰ ਯਾਦ ਕਰਦਿਆਂ**

# ਆਦਿ ਧਰਮ ਲਹਿਰ ਦੇ ਸਿਰਜਕ ਬਾਬੂ ਮੰਗੂ ਰਾਮ ਮੁੱਗੋਵਾਲੀਆ

**ਕਿਸ਼ਤ 13ਵੀਂ**



ਡਾ. ਜੀ. ਸੀ. ਕੌਲ
91-94632-23223

## ਇੰਤਕਾਲ ਇਰਾਜ਼ੀ ਐਕਟ, ਸਰ ਛੋਟੂ ਰਾਮ ਅਤੇ ਅਛੂਤ

ਬਾਬੂ ਮੰਗੂ ਰਾਮ ਅਤੇ ਯੂਨੀਅਨਿਸਟ ਪਾਰਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਤੱਤਕਾਲੀਨ ਮੁੱਖ ਮੰਤਰੀ ਸਰ ਸਿਕੰਦਰ ਹਿਯਾਤ ਖਾਨ ਦੇ ਆਪਸੀ ਸਬੰਧ ਸਨ। ਪਰ ਆਮ ਤੌਰ ਤੇ ਸਿਆਸੀ ਲੋਕਾਂ ਦੇ ਨਿੱਜੀ ਸਵਾਰਥ ਦੋਸਤੀ 'ਤੇ ਭਾਰੂ ਹੁੰਦੇ ਹਨ। ਨਾਲੇ ਜਿੱਥੇ ਸਰ ਛੋਟੂ ਰਾਮ ਵਰਗੇ ਹੋਰ ਵੀ ਅਨੇਕਾਂ ਵੱਡੇ ਜ਼ਿਮੀਂਦਾਰ ਆਗੂ ਪਾਰਟੀ ਅਤੇ ਸਰਕਾਰ ਦੇ ਮਹੱਤਵਪੂਰਨ ਅਹੁਦਿਆਂ ਤੇ ਕਾਬਜ਼ ਹੋਣ, ਉਥੇ ਸਦੀਆਂ ਤੋਂ ਲਤਾੜੇ ਅਛੂਤਾਂ ਦੀ ਕੀ ਪੁੱਛ ਪੜਤਾਲ ਹੋਣੀ ਸੀ। 1937 ਦੀ ਜਿੱਤ ਉਪਰੰਤ, ਸਰਕਾਰ ਵਿਚ ਭਾਈਵਾਲ ਹੋਣ ਦੇ ਬਾਵਜੂਦ ਪੰਜਾਬ ਦੇ ਅਛੂਤਾਂ ਦੀ ਆਪਣੇ ਰਹਿਣ ਲਈ ਮਕਾਨ ਬਣਾਉਣ ਅਤੇ ਡੰਗਰ-ਵੱਛਾ ਬੰਨ੍ਹਣ ਜੋਗੀ ਜਮੀਨ ਖਰੀਦਣ ਦੀ ਮੰਗ ਜਿਉਂ ਦੀ ਤਿਉਂ ਕਾਇਮ ਸੀ।

## ਇੰਤਕਾਲ ਇਰਾਜ਼ੀ ਐਕਟ ਕੀ ਸੀ?

ਅੰਗਰੇਜ਼ਾਂ ਵੱਲੋਂ ਇਹ ਐਕਟ ਜ਼ਿਮੀਂਦਾਰਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ 1900 ਈ. ਵਿਚ ਬਣਾਇਆ ਗਿਆ ਸੀ। ਜ਼ਿਮੀਂਦਾਰ ਆਮ ਤੌਰ 'ਤੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਲੈਂਦੇ ਸਨ, ਜਿਸ ਉਪਰ ਸੂਦ-ਦਰ-ਸੂਦ ਨਾਲ ਕਰਜ਼ੇ ਦੀਆਂ ਰਕਮਾਂ ਏਨੀਆਂ ਵੱਧ ਜਾਂਦੀਆਂ ਸਨ ਕਿ ਕਿਸਾਨਾਂ ਦੀਆਂ ਜ਼ਮੀਨਾਂ ਸਮੇਤ ਉਹਨਾਂ ਦੇ ਮਕਾਨ ਅਤੇ ਡੰਗਰ ਵੀ ਮਹਾਜਨਾਂ ਦੇ ਹੱਥ ਚਲੇ ਜਾਂਦੇ ਸਨ। ਸ਼ਾਹੂਕਾਰਾਂ ਵੱਲੋਂ ਪੰਜਾਬ ਦੇ ਜ਼ਿਮੀਂਦਾਰਾਂ ਦੇ ਹੋ ਰਹੇ ਇਸ ਸ਼ੋਸ਼ਣ ਨੂੰ ਰੋਕਣ ਲਈ, ਅੰਗਰੇਜ਼ਾਂ ਵੱਲੋਂ ਇਸ ਐਕਟ ਦੀ ਸਿਰਜਣਾ ਕੀਤੀ ਗਈ। ਭਾਰਤ ਦੇ ਤੱਤਕਾਲੀਨ ਗਵਰਨਰ ਜਨਰਲ ਨੇ 19 ਅਕਤੂਬਰ 1900 ਨੂੰ ਆਪਣੀ ਪ੍ਰਵਾਨਗੀ ਦਿੱਤੀ ਅਤੇ 'ਪੰਜਾਬ ਐਲੀਨੇਸ਼ਨ ਆਫ ਲੈਂਡ ਐਕਟ' ਵਜੋਂ ਇਸਨੂੰ ਪੰਜਾਬ ਵਿਚ ਲਾਗੂ ਕੀਤਾ ਗਿਆ। ਇਸ ਐਕਟ ਅਧੀਨ ਪੰਜਾਬ ਦੀਆਂ ਕੇਵਲ 12 ਕਾਸ਼ਤਕਾਰ ਜਾਤਾਂ ਨੂੰ ਹੀ ਕਾਸ਼ਤਕਾਰੀ ਜ਼ਮੀਨ ਦੀ ਮਾਲਕੀ ਦਾ ਹੱਕ ਪ੍ਰਦਾਨ ਕੀਤਾ ਗਿਆ। ਇਹਨਾਂ ਵਿਚ ਅਹੀਰ, ਅਰਾਈ, ਅਵਾਣ, ਮੀਏਂ, ਪਠਾਣ, ਕਨੈਤ, ਗੁੱਜਰ, ਜੱਟ, ਕੰਬੋਜ, ਰਾਜਪੂਤ, ਰਾਠੀ, ਸੈਣੀ ਆਦਿ 12 ਜਾਤਾਂ ਸ਼ਾਮਲ ਸਨ। ਇਹ 12 ਜਾਤਾਂ ਆਪਸ ਵਿਚ ਜ਼ਮੀਨ ਖਰੀਦ ਤੇ ਵੇਚ ਸਕਦੀਆਂ ਸਨ, ਪਰ ਇਹਨਾਂ ਤੋਂ ਇਲਾਵਾ ਦੂਜੀਆਂ ਜਾਤਾਂ ਨੂੰ ਕਾਸ਼ਤਕਾਰ ਜ਼ਮੀਨ ਦੀ ਮਾਲਕੀ ਦਾ ਕੋਈ ਹੱਕ ਨਹੀਂ ਸੀ। ਉਂਝ ਤਾਂ 1937 ਦੀ ਚੋਣ ਤੋਂ ਪਹਿਲਾਂ ਹੀ ਸਰ ਛੋਟੂ ਰਾਮ ਅਛੂਤਾਂ ਦੀ ਮੰਗ ਨੂੰ ਰੱਦ ਕਰ ਚੁੱਕੇ ਸਨ, ਪਰ ਆਦਿ ਧਰਮ ਮੰਡਲ ਨੂੰ ਇਹ ਪੱਕੀ ਆਸ ਸੀ ਕਿ ਇਸ ਐਕਟ ਵਿਚ ਤਰਮੀਮ ਕਰਕੇ ਅਛੂਤਾਂ ਨੂੰ ਆਪਣੇ ਰਹਿਣ ਲਈ ਮਕਾਨ ਬਣਾਉਣ ਜੋਗੀ ਜ਼ਮੀਨ ਖਰੀਦਣ ਦੀ ਪ੍ਰਵਾਨਗੀ ਤਾਂ ਮਿਲ ਹੀ ਜਾਵੇਗੀ।

ਅਛੂਤਾਂ ਦੀ ਇਸ ਜਾਇਜ਼ ਅਤੇ ਹੱਕੀ ਮੰਗ ਪ੍ਰਤੀ 2 ਅਪ੍ਰੈਲ 1936 ਨੂੰ ਅੰਮ੍ਰਿਤਸਰ ਤੋਂ ਛਪਦੇ 'ਖਾਲਸਾ ਸਮਾਚਾਰ' ਦੇ ਪੰਨਾ 9 ਉਪਰ ਸਰ ਛੋਟੂ ਰਾਮ ਦੇ ਵਤੀਰੇ ਪ੍ਰਤੀ ਪ੍ਰਕਾਸ਼ਿਤ ਖ਼ਬਰ ਵਾਚਣਯੋਗ ਹੈ। 'ਪੰਜਾਬ ਜ਼ਿਮੀਂਦਾਰਾ ਯੰਗ ਮੈਨਜ਼ ਲੀਗ' ਵੱਲੋਂ ਲਾਹੌਰ ਵਿਖੇ ਵਾਈ. ਐਸ. ਸੀ. ਏ. ਵਿਚ ਇੰਤਕਾਲ ਇਰਾਜ਼. ਐਕਟ ਸਬੰਧੀ ਆਯੋਜਿਤ ਇਕ ਸਮਾਗਮ ਵਿਚ ਭਾਸ਼ਣ ਦਿੰਦਿਆਂ ਅਛੂਤਾਂ ਨਾਲ ਫੋਕੀ ਹਮਦਰਦੀ ਪ੍ਰਗਟਾਉਂਦਿਆਂ, ਉਹਨਾਂ ਵੱਲੋਂ ਜ਼ਮੀਨ ਖਰੀਦਣ ਦੀ ਮੰਗ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਸ੍ਰੀ ਛੋਟੂ ਰਾਮ ਨੇ ਕਿਹਾ:-

"ਹੁਣ ਰਿਹਾ ਅਛੂਤਾਂ ਦਾ ਸਵਾਲ। ਮੈਨੂੰ ਉਨ੍ਹਾਂ ਨਾਲ ਹਮਦਰਦੀ ਹੈ। ਹੁਣ ਕਿਹਾ ਜਾਂਦਾ ਹੈ ਕਿ ਅਛੂਤਾਂ ਨੂੰ ਕਾਸ਼ਤਕਾਰ ਕਰਾਰ ਦੇ ਦਿੱਤਾ ਜਾਵੇ, ਕਿਉਂਕਿ ਬਹੁਤ ਸਾਰੇ ਅਛੂਤ ਵੀ ਜ਼ਮੀਨ ਤੇ ਹੀ ਲਾਂਘਾ ਲੰਘੌਂਦੇ (ਝੱਟ ਟਪਾਉਂਦੇ) ਹਨ, ਮੈਂ ਇਹ ਮੰਨਦਾ ਹਾਂ, ਪਰ ਅਛੂਤਾਂ ਕੋਲ ਵੀ ਭੂਮੀ ਜ਼ਮੀਨ ਬਹੁਤ ਘੱਟ ਹੈ ਅਤੇ ਕਾਨੂੰਨ ਦਾ ਅਸੂਲ ਇਹ ਹੈ ਕਿ ਜ਼ਮੀਨ ਦੇ ਮਾਲਕਾਂ ਪਾਸ ਜੋ ਹੈ, ਉਸਦੀ ਰਾਖੀ ਕੀਤੀ ਜਾਵੇ। ਜੇ ਅਛੂਤਾਂ ਨੂੰ ਕਾਸ਼ਤਕਾਰ ਕਰਾਰ ਦੇ ਦਿੱਤਾ ਜਾਵੇ ਤਾਂ ਇੱਥੇ ਉਹੋ ਔਕੜ ਆ ਪੈਂਦੀ ਹੈ ਤੇ ਜ਼ਮੀਨ ਫੇਰ ਮੌਰੂਸੀ ਮਾਲਕੀਆਂ ਹੱਥੋਂ ਨਿਕਲ ਜਾਵੇਗੀ, ਮੈਂ ਇਸ ਵਿਚ ਅਛੂਤਾਂ ਦੀ ਸਹਾਇਤਾ ਨਹੀਂ ਕਰ ਸਕਦਾ।"

(ਮੱਲ ਸਿੰਘ, ਸਿੱਖ ਮਿਸ਼ਨ ਅਤੇ ਡਾ. ਅੰਬੇਡਕਰ, ਪੰਨਾ 45)

ਵਾਸਤਵ ਵਿਚ ਸਰ ਛੋਟੂ ਰਾਮ ਅਤੇ ਉਹਨਾਂ ਵਰਗੇ ਹੋਰ ਵੱਡੇ ਜ਼ਿਮੀਂਦਾਰ ਅਛੂਤਾਂ ਅਤੇ ਛੋਟੀ ਕਿਰਸਾਨੀ ਨੂੰ ਅਧਿਆਰੇ ਬਣਾ ਕੇ ਹੀ ਆਪਣਾ ਗੁਲਾਮ ਬਣਾਈ ਰੱਖਣਾ ਚਾਹੁੰਦੇ ਸਨ। ਹਾਲਾਂਕਿ ਅਸਲ ਹਲਵਾਹਕ ਤਾਂ ਹੁਣ ਵੀ ਅਛੂਤ ਅਤੇ ਛੋਟੀ ਕਿਰਸਾਨੀ ਹੀ ਸੀ, ਖੇਤੀਬਾੜੀ ਦਾ ਸਾਰਾ ਕੰਮ-ਧੰਦਾ ਤਾਂ ਉਹੀ ਕਰਦੇ ਸਨ, ਕੇਵਲ ਜ਼ਮੀਨ ਦੀ ਮਾਲਕੀ ਜ਼ਿਮੀਂਦਾਰਾਂ ਕੋਲ ਸੀ। ਇੱਥੋਂ ਤੱਕ ਕਿ ਥੋੜ੍ਹੀਆਂ ਜ਼ਮੀਨਾਂ ਦੇ ਮਾਲਕਾਂ ਕੋਲੋਂ ਵੀ ਵੱਡੇ ਜ਼ਿਮੀਂਦਾਰ ਧੜਾਧੜ ਜ਼ਮੀਨਾਂ ਖਰੀਦ ਕੇ, ਉਹਨਾਂ ਨੂੰ ਵੀ ਸਿਰਫ਼ ਹਲਵਾਹਕ ਤੱਕ ਹੀ ਸੀਮਤ ਕਰ ਰਹੇ ਸਨ। ਸ਼ਾਹੂਕਾਰੇ ਦਾ ਰੂਪ ਬਦਲ ਗਿਆ ਸੀ, ਪਹਿਲਾਂ ਮਹਾਜਨ ਛੋਟੇ ਜ਼ਿਮੀਂਦਾਰਾਂ ਦੀਆਂ ਜ਼ਮੀਨਾਂ ਹੜੱਪ ਰਹੇ ਸਨ ਅਤੇ ਹੁਣ, ਇਸ ਕਾਨੂੰਨ ਦੇ ਲਾਗੂ ਹੋਣ ਉਪਰੰਤ ਵੱਡੇ ਜ਼ਿਮੀਂਦਾਰ ਉਨ੍ਹਾਂ ਦਾ ਸ਼ੋਸ਼ਣ ਕਰ ਰਹੇ ਸਨ, ਪਰ ਸ਼ੋਸ਼ਣ ਨਿਰੰਤਰ ਜਾਰੀ ਸੀ। ਇਸ ਸੰਦਰਭ ਵਿਚ 30 ਅਪ੍ਰੈਲ 1936 ਦੇ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਨਿਮਨਲਿਖਤ ਵਿਅੰਗਾਤਮਕ ਟਿੱਪਣੀਆਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ:-

(ੳ) ਐਕਟ ਇੰਤਕਾਲ ਇਰਾਜ਼ੀ ਨੇ ਜਿੱਥੇ ਜ਼ਮੀਨ ਮਹਾਜਨਾਂ ਦੇ ਹੱਥ ਜਾਣ ਤੋਂ ਰੋਕ ਦਿੱਤੀ ਹੈ, ਉਥੇ ਜ਼ਮੀਨ ਵਾਲਿਆਂ ਲਈ ਉਸ ਤੋਂ ਵੀ ਵੱਡੀ ਔਕੜ ਪੈਦਾ ਕਰ ਦਿੱਤੀ ਹੈ। ਉਹ ਇਹ ਕਿ ਇਨ੍ਹਾਂ ਨੇ ਕਰਜ਼ ਤਾਂ ਲੋੜ ਪੈਣ 'ਤੇ ਹਰ ਹਾਲ ਲੈਣਾ ਹੀ ਸੀ ਤੇ ਉਹਦੇ ਉਤਾਰਨ ਲਈ ਜ਼ਮੀਨ ਤੋਂ ਬਿਨਾਂ ਇਨ੍ਹਾਂ ਪਾਸ ਕੁਝ ਸੀ ਵੀ ਨਹੀਂ, ਜ਼ਮੀਨ ਦੇ ਖਰੀਦਦਾਰ ਹੁਣ ਖਾਸ ਜਾਤੀਆਂ ਹੀ ਸਨ, ਹੁਣ ਜ਼ਮੀਨ ਵੇਚਣ ਦੀ ਹੱਦ ਛੋਟੀ ਹੋ ਜਾਣ ਤੋਂ ਇਨ੍ਹਾਂ ਦੀਆਂ ਜ਼ਮੀਨਾਂ ਦੀਆਂ ਕੀਮਤਾਂ ਘੱਟ ਮਿਲਣ ਲੱਗ ਪਈਆਂ ਹਨ, ਜਿਸ ਤੋਂ ਉਨ੍ਹਾਂ ਦੀ ਤਕਲੀਫ਼ ਘਟਣ ਦੀ ਥਾਂ ਵੱਧ ਗਈ ਹੈ। (ਉਹੀ ਪੰਨਾ 105)

(ਅ) ਪੰਜਾਬ ਵਿਚ ਜ਼ਮੀਨ ਆਮ ਲੋਕਾਂ ਵਿਚ ਵੰਡੀ ਹੋਣ ਦੀ ਥਾਂ ਯੂ. ਪੀ. ਵਾਂਗ ਜ਼ਿਮੀਂਦਾਰਾ ਸਿਸਟਮ ਬਣਦਾ ਜਾ ਰਿਹਾ ਹੈ, ਛੋਟੇ ਜ਼ਿਮੀਂਦਾਰ ਵੱਡੇ ਜ਼ਿਮੀਂਦਾਰਾਂ ਦੇ ਵਿਚ ਜਜ਼ਬ ਹੋ ਰਹੇ ਹਨ।

(ਉਹੀ, ਪੰਨਾ 105)

(ੲ) ਉਹ ਲੋਕ ਜਿਹੜੇ ਆਪਣੀ ਹੱਥੀਂ ਹਲ਼ ਦੀ ਹੱਥੀ ਫੜ ਹਲ਼ ਚਲਾਉਂਦੇ ਹਲ਼, ਜਿਵੇਂ ਕਿ ਉਹ ਸਿੱਖ ਜਿਨ੍ਹਾਂ ਨੂੰ ਮਜਹਬੀ ਕਹਿ ਲੈਂਦੇ ਹਲ਼, ਉਨ੍ਹਾਂ ਨੂੰ ਤਾਂ ਵੱਸਣ ਲਈ ਮਕਾਨ ਬਣਾਉਣ ਵਾਸਤੇ ਜ਼ਮੀਨ ਖਰੀਦਣ ਦੀ ਵੀ ਕਈ ਹਾਲਤਾਂ ਵਿਚ ਆਗਿਆ ਨਹੀਂ ਤੇ ਜਿਹੜੇ 10-10, 20-20 ਮੁਰੱਬਿਆਂ ਦੇ ਮਾਲਕ ਹਲ਼ ਨੂੰ ਹੱਥ ਨਹੀਂ ਲਾਉਂਦੇ, ਮੋਟਰਾਂ ਦੀਆਂ ਸੈਰਾਂ ਤੇ ਕੋਠੀਆਂ ਦੀਆਂ ਬਹਾਰਾਂ ਲੈ ਰਹੇ ਹਲ਼, ਉਹਨਾਂ ਵਾਸਤੇ ਜ਼ਮੀਨਾਂ ਖਰੀਦਣ ਦੀ ਖੁੱਲ੍ਹ ਹੈ। (ਉਹੀ, ਪੰਨਾ 105)

ਅਪ੍ਰੈਲ 1936 ਵਿਚ ਵਿਸਾਖੀ ਦੇ ਮੌਕੇ ਹੋਈ 'ਸਰਬ-ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ' ਵਿਚ ਸਿੱਖਾਂ ਵੱਲੋਂ ਵਿਸ਼ੇਸ਼ ਸੱਦੇ 'ਤੇ ਡਾ. ਅੰਬੇਡਕਰ ਸਾਹਿਬ ਵੀ ਇਸ ਕਾਨਫਰੰਸ ਵਿਚ ਸ਼ਾਮਲ ਹੋਏ। ਉਹਨਾਂ ਨੇ 12 ਅਪ੍ਰੈਲ ਨੂੰ ਇਸ ਕਾਨਫਰੰਸ ਵਿਚ ਸੰਖੇਪ ਭਾਸ਼ਣ ਵੀ ਦਿੱਤਾ। ਇਸ ਕਾਨਫਰੰਸ ਵੱਲੋਂ ਗੁਰਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿਚੋਂ ਇਕ ਗੁਰਮਤੇ ਦੁਆਰਾ ਪੰਜਾਬ ਵਿਧਾਨ ਕੌਂਸਲ ਦੇ ਮੈਂਬਰਾਂ ਨੂੰ ਬੇਨਤੀ ਕੀਤੀ ਗਈ ਕਿ ਇੰਤਕਾਲ ਇਰਾਜ਼ੀ ਐਕਟ ਵਿਚ ਸੋਧ ਕਰਵਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ। ਮਈ 1936 ਦੇ 'ਗੁਰਦੁਆਰਾ ਗਜ਼ਟ ਅੰਮ੍ਰਿਤਸਰ' ਦੇ ਪੰਨਾ 24 ਉੱਤੇ ਇਹ ਮਤਾ ਅੰਕਿਤ ਹੈ:-

"ਇਹ ਕਾਨਫਰੰਸ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਸਿੱਖ ਮੈਂਬਰਾਂ ਪਾਸ ਬੇਨਤੀ ਕਰਦੀ ਹੈ ਕਿ ਉਹ 'ਐਕਟ ਇੰਤਕਾਲ ਇਰਾਜ਼ੀ ਪੰਜਾਬ' ਨਾਂ ਹੇਠ ਜਾਰੀ ਹੋਏ ਸੂਚਨਾ ਪੱਤਰਾਂ ਦੀ ਇਸ ਤਰ੍ਹਾਂ ਤਰਮੀਮ ਕਰਵਾਉਣ ਲਈ ਲੋੜੀਂਦੀ ਕਾਰਵਾਈ ਕਰਨ, ਜਿਸ ਤਰ੍ਹਾਂ ਕਿ ਸਾਰੇ ਅਜਿਹੇ ਸਿੱਖ ਜਿਹਨਾਂ ਦੇ ਗੁਜ਼ਾਰੇ ਦਾ ਵੱਡਾ ਜ਼ਰੀਆ ਵਾਹੀ ਹੈ, ਉਹਨਾਂ ਨੂੰ ਮੁਸ਼ਤਿਹਿਰ ਜ਼ਰਾਇਤ ਪੇਸ਼ਾ ਕੌਮਾਂ ਵਿਚ ਦਰਜ ਕੀਤਾ ਜਾਵੇ।" (ਉਹੀ ਪੰਨਾ 84)

ਇਸਤੋਂ ਪਹਿਲਾਂ ਆਦਿ ਧਰਮ ਮੰਡਲ ਵੱਲੋਂ, ਇਸ ਐਕਟ ਵਿਚ ਸੋਧ ਕਰਨ ਲਈ ਕਈ ਵਾਰ ਪੰਜਾਬ ਸਰਕਾਰ ਅਤੇ ਬਰਤਾਨੀਆ ਦੇ ਪ੍ਰਤੀਨਿਧਾਂ ਨੂੰ ਮੰਗ ਪੱਤਰ ਦਿੱਤੇ ਗਏ। ਲੰਡਨ ਵਿਖੇ ਹੋਈ ਦੂਸਰੀ ਗੋਲਮੇਜ਼ ਕਾਨਫਰੰਸ ਵਿਚ ਡਾ. ਅੰਬੇਡਕਰ ਨੇ ਇਹ ਮਸਲਾ ਪੁਰਜ਼ੋਰ ਢੰਗ ਨਾਲ ਚੁੱਕਿਆ। ਘੱਟ ਗਿਣਤੀਆਂ ਦੀ ਕਮੇਟੀ ਵੱਲੋਂ ਬਰਤਾਨੀਆ ਸਰਕਾਰ ਨੂੰ ਦਿੱਤੇ ਗਏ 24 ਨੁਕਾਤੀ ਸਾਂਝੇ ਮੰਗ ਪੱਤਰ ਵਿਚ ਭਾਰਤ ਦੇ ਅਛੂਤਾਂ ਦੀਆਂ ਜਿਹੜੀ 5 ਮੰਗਾਂ ਇਸ ਵਿਚ ਸ਼ਾਮਲ ਕਰਵਾਈਆਂ ਗਈਆਂ, ਉਨ੍ਹਾਂ ਵਿਚ ਪੰਜਾਬ ਇੰਤਕਾਲ ਇਰਾਜ਼ੀ ਐਕਟ ਵਿਚ ਸੋਧ ਕਰਕੇ ਪੰਜਾਬ ਦੇ ਦਲਿਤਾਂ ਨੂੰ ਜ਼ਮੀਨ ਮਾਲਕੀ ਦੇ ਹੱਕ ਦਿੱਤੇ ਜਾਣ ਦੀ ਮੰਗ ਵੀ ਸ਼ਾਮਲ ਸੀ। ਪਰ ਸਰਕਾਰ ਨੇ ਇਸ ਸਬੰਧੀ ਚੁੱਪ ਧਾਰੀ ਰੱਖੀ ਅਤੇ ਕੋਈ ਰਾਹਤ ਨਾ ਮਿਲੀ।

1937 ਵਿਚ ਲੋਕਤਾਂਤਰਿਕ ਢੰਗ ਨਾਲ ਚੁਣੀ ਗਈ ਪੰਜਾਬ ਦੀ ਨਵੀਂ ਸਰਕਾਰ ਅੱਗੇ, ਆਦਿ ਧਰਮ ਮੰਡਲ ਨੇ ਇਸ ਐਕਟ ਵਿਚ ਸੋਧ ਕਰਕੇ, ਪੰਜਾਬ ਦੇ ਅਛੂਤਾਂ ਨੂੰ ਮਕਾਨ ਬਣਾਉਣ ਲਈ ਜ਼ਮੀਨ ਖਰੀਦਣ ਦਾ ਹੱਕ ਦਿੱਤੇ ਜਾਣ ਲਈ ਫਿਰ ਆਵਾਜ਼ ਉਠਾਈ। ਆਦਿ ਧਰਮ ਦੀ ਇਸ ਮਹੱਤਵਪੂਰਨ ਮੰਗ ਸਬੰਧੀ ਮੁੱਖ ਮੰਤਰੀ ਸਰ ਸਿਕੰਦਰ ਹਿਯਾਤ ਖਾਨ ਨੇ ਇਹ ਬਿਆਨ ਜਰੂਰ ਦਿੱਤਾ ਕਿ ਅਛੂਤ ਕੇਵਲ ਅਛੂਤ ਕੋਲੋਂ ਜ਼ਮੀਨ ਖਰੀਦ ਸਕਦੇ ਹਲ਼। ਪਰ ਇਸ ਗੱਲ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਭਾਰਤੀ ਸੰਵਿਧਾਨ ਲਾਗੂ ਹੋਣ ਤੋਂ ਪਹਿਲ਼ਾਂ 1950 ਈ. ਤੱਕ ਪੰਜਾਬ ਵਿਚ ਕਿੰਨੇ ਕੁ ਅਛੂਤ ਲੈਂਡਲਾਰਡ ਸਨ, ਜਿਨ੍ਹਾਂ ਕੋਲੋਂ ਆਪਣਾ ਮਕਾਨ ਬਣਾਉਣ ਲਈ ਜ਼ਮੀਨ ਖਰੀਦੀ ਜਾ ਸਕਦੀ ਸੀ। ਵਾਸਤਵ ਵਿਚ, ਪੰਜਾਬ ਦੇ ਅਛੂਤਾਂ ਨੂੰ ਇਹ ਅਧਿਕਾਰ ਸੰਵਿਧਾਨ ਲਾਗੂ ਹੋਣ ਉਪਰੰਤ ਹੀ ਪ੍ਰਾਪਤ ਹੋਇਆ ਹੈ।

ਪੰਜਾਬ ਵਿਚ ਨਵੀਂ ਸਰਕਾਰ ਬਣਨ ਉਪਰੰਤ, ਚੌਧਰੀ ਛੋਟੂ ਰਾਮ ਤਾਂ ਆਦਿ ਧਰਮੀਆਂ ਵੱਲੋਂ ਜ਼ਮੀਨ ਖਰੀਦੇ ਜਾਣ ਦੀ ਜਾਇਜ਼ ਮੰਗ ਸਾਹਮਣੇ, ਇਕ ਚੱਟਾਨ ਵਾਂਗ ਰੁਕਾਵਟ ਬਣਕੇ ਖੜ੍ਹਾ ਹੋ ਗਿਆ। ਸਗੋਂ ਵਿਕਾਸ ਮੰਤਰੀ ਹੁੰਦਿਆਂ, 1939 ਵਿਚ ਉਸਨੇ ਆਪਣੀ ਹੀ ਸਰਕਾਰ ਨੂੰ ਇਸ ਸਬੰਧੀ ਇਕ ਧਮਕੀ ਭਰੀ ਚਿਤਾਵਨੀ ਵੀ ਜਾਰੀ ਕਰ ਦਿੱਤੀ। ਉਸ ਦੀ ਇਹ ਚਿਤਾਵਨੀ ਲਾਹੌਰ ਤੋਂ ਛਪਦੇ ਅੰਗਰੇਜ਼ੀ ਅਖ਼ਬਾਰ 'ਦੀ ਟ੍ਰਿਬਿਊਨ' ਵਿਚ 18 ਅਕਤੂਬਰ 1939 ਨੂੰ ਪ੍ਰਕਾਸ਼ਿਤ ਹੋਈ, ਜਿਸਦਾ ਜ਼ਿਕਰ ਬਲਬੀਰ ਮਾਧੋਪੁਰੀ ਨੇ ਆਪਣੀ ਪੁਸਤਕ 'ਆਦਿ ਧਰਮ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ' ਦੇ ਪੰਨਾ 102 'ਤੇ ਕੀਤਾ ਹੈ।

ਇੱਥੇ 'ਦੀ ਟ੍ਰਿਬਿਊਨ' ਵਿਚ ਛਪੀ ਇਸ ਖ਼ਬਰ ਅਤੇ ਉਸ ਉਪਰ ਟਿੱਪਣੀ ਦਾ ਪੰਜਾਬੀ ਅਨੁਵਾਦ ਪ੍ਰਸਤੁਤ ਕੀਤਾ ਗਿਆ ਹੈ:-

## ਸਰ ਛੋਟੂ ਰਾਮ ਦੀ ਚਿਤਾਵਨੀ

"ਸਰ ਛੋਟੂ ਰਾਮ ਤੋਂ ਬਿਨਾ ਕਿਸੇ ਵੀ (ਹੋਰ) ਮੰਤਰੀ ਨੇ ਖੁਦ ਨੂੰ ਫਜ਼ੂਲ, ਤਰਕਹੀਣ, ਅਸੰਤੁਲਿਤ ਅਤੇ ਅਸੰਜਮੀ ਭਾਸ਼ਣ ਦੇਣ ਲਈ ਜ਼ਿੰਮੇਵਾਰ ਨਹੀਂ ਬਣਾਇਆ। ਵਾਈ. ਐਮ. ਸੀ. ਏ. ਲਾਹੌਰ ਵਿਖੇ, ਸੋਮਵਾਰ ਨੂੰ ਆਪਣੇ ਭਾਸ਼ਣ ਵਿਚ ਉਹ ਖੁਦ ਨੂੰ ਵੀ ਪਿੱਛੇ ਛੱਡ ਗਏ। ਉਹਨਾਂ ਨੇ ਕਿਹਾ ਕਿ ਕਿਸੇ ਵੀ ਸਰਕਾਰ ਵੱਲੋਂ ਇੰਤਕਾਲ ਇਰਾਜ਼ੀ ਐਕਟ ਨੂੰ ਛੂਹਣ ਦੀ ਕੋਈ ਵੀ ਕੋਸ਼ਿਸ਼ ਜ਼ਿਮੀਂਦਾਰਾਂ ਵੱਲੋਂ ਕ੍ਰਾਂਤੀ ਦੇ ਸੰਕੇਤ ਵਜੋਂ ਕੰਮ ਕਰੇਗੀ।" ਕੀ ਸਰ ਛੋਟੂ ਰਾਮ ਜਨਤਾ ਦੇ ਲਾਭ ਹਿੱਤ ਇਹ ਸਪੱਸ਼ਟ ਕਰਨਗੇ ਕਿ ਉਨ੍ਹਾਂ ਵੱਲੋਂ ਧਮਕੀ ਭਰੀ ਇਹ ਚਿਤਾਵਨੀ ਦੇਣ ਦਾ ਅਸਲ ਅਰਥ ਕੀ ਹੈ? ਵਰਤਮਾਨ ਸੰਵਿਧਾਨ ਅਧੀਨ ਪੰਜਾਬ ਵਿਚ ਕੋਈ ਹੋਰ ਸਰਕਾਰ ਤਾਂ ਜਨਤਾ ਪ੍ਰਤੀ ਜ਼ਿਮੇਂਵਾਰ ਹੋ ਨਹੀਂ ਸਕਦੀ, ਸਿਵਾਇ ਇਸ ਸਰਕਾਰ ਦੇ, ਜਿਸ ਵਿਚ ਖੁਦ ਜ਼ਿਮੀਂਦਾਰ ਹੀ ਭਾਰੂ ਹਨ। ਹੁਣ ਮੰਨ ਲਓ ਕਿ ਮੱਤਦਾਤਾਵਾਂ ਪ੍ਰਤੀ ਜ਼ਿਮੇਂਵਾਰ ਹੁੰਦਿਆਂ, ਭਵਿੱਖ ਵਿਚ ਹੱਕ-ਨਿਆਂ ਦੀ ਖਾਤਰ, ਸਰਕਾਰ ਇੰਤਕਾਲ ਅਰਾਜ਼ੀ ਐਕਟ ਨੂੰ ਰੱਦ ਨਹੀਂ ਕਰਦੀ, ਬਲਕਿ ਅੱਛੇ ਉਦੇਸ਼ ਲਈ ਇਸਦੇ ਨਿਯਮਾਂ ਵਿਚ ਤਰਮੀਮ ਕਰਨ ਦੀ ਹਿੰਮਤ ਕਰਦੀ ਹੈ, ਤਾਂ ਇਹ ਉਹਨਾਂ (ਜ਼ਿਮੀਂਦਾਰਾਂ) ਲਈ ਗੁਸਤਾਖੀ ਜਾਂ ਅਨਿਆਏ ਕਿਵੇਂ ਹੈ? ਜ਼ਿਮੀਂਦਾਰਾਂ ਲਈ ਇਹ ਕ੍ਰਾਂਤੀ ਦਾ ਸੰਕੇਤ ਕਿਉਂ ਹੋਣਾ ਚਾਹੀਦਾ ਹੈ? ਕੀ ਇਸ ਸੋਧ ਦਾ ਵਿਰੋਧ ਕਰਨ ਵਾਲਿਆਂ ਕੋਲ ਸੰਵਿਧਾਨਕ ਉਪਾਅ ਨਹੀਂ ਕਿ ਜੇਕਰ ਵੋਟਰਾਂ ਦਾ ਬਹੁਮਤ ਉਨ੍ਹਾਂ ਦੇ ਨਾਲ ਹੈ, ਤਾਂ ਉਹ ਸਰਕਾਰ ਨੂੰ ਪਦ-ਮੁਕਤ ਅਰਥਾਤ ਸੇਵਾ ਮੁਕਤ ਕਰ ਦੇਣ।

(ਦੀ ਟ੍ਰਿਬਿਊਨ, ਐਨ ਐਂਥੋਲੋਜੀ, 1881-1981)

ਵਾਸਤਵ ਵਿਚ, ਇਹ ਦਬਾਅ ਦੀ ਰਾਜਨੀਤੀ ਸੀ, ਜਿਸ ਦੀ ਵਰਤੋਂ ਸਰ ਛੋਟੂ ਰਾਮ ਆਪਣੇ ਧਮਕੀ ਅਤੇ ਭੜਕਾਊ ਬਿਆਨਾਂ ਰਾਹੀਂ ਜ਼ਿਮੀਂਦਾਰਾਂ ਦੇ ਹੱਕ ਵਿਚ ਕਰ ਰਹੇ ਸਨ। ਸਰਕਾਰ ਤਾਂ ਖੁਦ ਜ਼ਿਮੀਂਦਾਰਾਂ ਦੀ ਪ੍ਰਤੀਨਿਧਤਾ ਕਰ ਰਹੀ ਸੀ ਅਤੇ ਇਹ ਯਕੀਨੀ ਹੀ ਸੀ ਕਿ ਉਹ ਪੰਜਾਬ ਦੇ ਅਛੂਤਾਂ ਨੂੰ ਮਕਾਨ ਬਣਾਉਣ ਲਈ ਜ਼ਮੀਨ ਖਰੀਦਣ ਦਾ ਅਧਿਕਾਰ ਨਹੀਂ ਦੇਵੇਗੀ। ਇੰਤਕਾਲ ਇਰਾਜ਼ੀ ਐਕਟ 'ਤੇ ਇਹ ਬਹਿਸ ਲਗਾਤਾਰ ਚੱਲਦੀ ਰਹੀ, ਪਰ ਇਸਦਾ ਸਿੱਟਾ ਕੋਈ ਨਾ ਨਿਕਲ ਸਕਿਆ। ਅਛੂਤਾਂ ਪ੍ਰਤੀ ਨਫ਼ਰਤ, ਅਨਿਆਏ ਅਤੇ ਵਿਤਕਰੇ ਭਰੇ ਬਿਆਨਾਂ ਅਤੇ ਸਰਕਾਰੀ ਕਾਰਗੁਜ਼ਾਰੀਆਂ ਨੇ ਆਦਿ ਧਰਮ ਦੇ ਆਗੂਆਂ ਵਿਚ ਅਸਮੰਜਸ ਦੀ ਸਥਿਤੀ ਪੈਦਾ ਕਰ ਦਿੱਤੀ। ਸਰਕਾਰ ਅਤੇ ਯੂਨੀਅਨਿਸਟ ਪਾਰਟੀ ਪ੍ਰਤੀ ਉਹਨਾਂ ਦੀ ਨਿਸ਼ਠਾ ਦਿਨੋਂ ਦਿਨ ਘੱਟ ਰਹੀ ਸੀ। ਜਿਸ ਉਦੇਸ਼ ਪੂਰਤੀ ਲਈ ਉਹਨਾਂ ਨੇ ਇਸ ਪਾਰਟੀ ਨਾਲ ਰਲਕੇ ਚੋਣ ਲੜੀ ਸੀ, ਉਹ ਟੀਚੇ ਪੂਰੇ ਨਹੀਂ ਸੀ ਹੋ ਰਹੇ।

ਇਹ ਹੈਰਾਨੀ ਵਾਲੀ ਗੱਲ ਹੈ ਕਿ 1937 ਵਿਚ ਪੰਜਾਬ ਵਿਧਾਨ ਸਭਾ ਦੀ ਲਾਹੌਰ ਅਸੈਂਬਲੀ ਲਈ 7 ਸੀਟਾਂ 'ਤੇ ਜੇਤੂ ਰਹਿਣ ਦੇ ਬਾਵਜੂਦ ਉਨਤੀ ਦੀਆਂ ਸਿਖਰਾਂ ਵੱਲ ਜਾਣ ਦੀ ਬਜਾਏ ਆਦਿ ਧਰਮ ਲਹਿਰ ਅਧੋਗਤੀ ਵੱਲ ਜਾਣ ਲੱਗੀ ਅਤੇ 1940 ਤੱਕ ਇਸ ਕ੍ਰਾਂਤੀਕਾਰੀ ਅੰਦੋਲਨ ਵਿਚ ਤੇਜ਼ੀ ਨਾਲ ਗਿਰਾਵਟ ਆਉਣ ਲੱਗ ਪਈ। ਤੱਤਕਾਲੀਨ ਸਥਿਤੀਆਂ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਕੀਤਿਆਂ ਇਸ ਦੇ ਪਤਨ ਲਈ ਕਈ ਕਾਰਨ ਦ੍ਰਿਸ਼ਟੀਗੋਚਰ ਹੁੰਦੇ ਹਨ।

## ਆਦਿ ਧਰਮ ਅਧੋਗਤੀ ਦੇ ਰਾਹ ਤੇ ...

ਵਾਸਤਵ ਵਿਚ, ਆਦਿ ਧਰਮ ਲਹਿਰ ਮੁਢਲੇ ਤੌਰ 'ਤੇ ਇਕ ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਅੰਦੋਲਨ ਸੀ ਅਤੇ ਹਾਲੇ ਇਹ ਇਕ ਸੰਗਠਿਤ ਸੰਸਥਾ ਵਜੋਂ ਸਥਾਪਤ ਹੋ ਹੀ ਰਹੀ ਸੀ ਕਿ 1937 ਦੀਆਂ ਚੋਣਾਂ ਆ ਗਈਆਂ। ਇਕ ਸਮਾਜਿਕ ਤੇ ਧਾਰਮਿਕ ਲਹਿਰ ਵਜੋਂ ਇਸਦਾ ਮੁਕਾਬਲਾ 19ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਆਰੰਭ ਹੋਈਆਂ ਵਿਭਿੰਨ ਧਰਮਾਂ ਤੇ ਵਿਚਾਰਧਾਰਾਵਾਂ ਨਾਲ ਸਬੰਧਤ ਆਰੀਆ ਸਮਾਜ ਲਹਿਰ, ਬ੍ਰਹਮੋ ਸਮਾਜ ਅਥਵਾ ਸਨਾਤਨ ਧਰਮ ਲਹਿਰ, ਸਿੰਘ ਸਭਾ ਲਹਿਰ, ਇਸਲਾਮੀਆਂ ਅਤੇ ਅਹਿਮਦੀਆ ਲਹਿਰਾਂ ਨਾਲ ਸੀ। ਉਪਰੋਕਤ ਲਹਿਰਾਂ ਪੰਜਾਬ ਉੱਤੇ ਅੰਗਰੇਜ਼ੀ ਰਾਜ ਕਾਇਮ ਹੋਣ ਉਪਰੰਤ ਇਸਾਈਅਤ ਵੱਲੋਂ ਹੋ ਰਹੇ ਸਭਿਆਚਾਰਕ ਹਮਲਿਆਂ ਨੂੰ ਰੋਕਣ ਅਤੇ ਆਪਣੇ-ਆਪਣੇ ਧਰਮਾਂ ਦੀ ਸ੍ਰੇਸ਼ਟਤਾ ਸਿੱਧ ਕਰਨ ਦੀਆਂ ਲਹਿਰਾਂ ਸਨ। ਬ੍ਰਾਹਮਣਵਾਦੀ ਫ਼ਲਸਫ਼ੇ ਤੋਂ ਸਤਾਏ ਹੋਏ ਮੂਲ ਨਿਵਾਸੀ ਧੜਾਧੜ ਇਸਾਈਅਤ ਵੱਲ ਆਕਰਸ਼ਿਤ ਹੋ ਰਹੇ ਸਨ।

ਨਿਰਸੰਦੇਹ ਸਿੱਖ ਵਿਚਾਰਧਾਰਾ ਮਨੁੱਖੀ ਬਰਾਬਰੀ 'ਤੇ ਆਧਾਰਿਤ ਫਲਸਫਾ ਹੈ, ਪਰ ਵਰਣ ਵਿਵਸਥਾ ਦੇ ਪ੍ਰਭਾਵ ਅਧੀਨ ਉਪਰਲੇ ਦੋ ਵਰਣਾਂ, ਬ੍ਰਾਹਮਣ ਅਤੇ ਖਤਰੀਆਂ ਵਿਚੋਂ ਬਣੇ ਸਿੱਖਾਂ ਦੀ ਮਾਨਸਿਕਤਾ ਵਿਚ ਹਾਲੇ ਤੱਕ ਕੋਈ ਪਰਿਵਰਤਨ ਨਹੀਂ ਸੀ ਆਇਆ। ਇਹ ਲੋਕ ਸਿੱਖ ਜ਼ਰੂਰ ਬਣ ਗਏ ਪਰ ਮਿਹਨਤਕਸ਼ ਵਰਗਾਂ (ਜੱਟਾਂ, ਤਰਖਾਣਾਂ, ਲੁਹਾਰਾਂ, ਕੁਮਿਆਰਾਂ, ਝਿਊਰਾਂ, ਛੀਂਬਿਆਂ, ਨਾਈਆਂ, ਧੋਬੀਆਂ, ਰਮਦਾਸੀ ਸਿੱਖਾਂ, ਮਜ਼ਬੀ ਸਿੱਖਾਂ, ਬੰਦਈ ਸਿੱਖਾਂ ਅਤੇ ਅਛੂਤਾਂ) ਪ੍ਰਤੀ ਇਨ੍ਹਾਂ ਦੇ ਮਨਾਂ ਵਿਚ ਘੋਰ ਨਫ਼ਰਤ ਭਰੀ ਪਈ ਸੀ। ਜ਼ਮੀਨਾਂ ਦੇ ਮਾਲਕ ਹੋਣ ਕਾਰਨ ਪੰਜਾਬ ਦਾ ਜੱਟ ਹਉਮੈ, ਹੰਕਾਰ ਵੱਸ ਪੰਜਾਬ ਦੇ ਪਿਛੜਿਆਂ ਅਤੇ ਅਛੂਤਾਂ ਨਾਲ ਬ੍ਰਾਹਮਣਵਾਦੀ ਵਿਵਸਥਾ ਅਧੀਨ ਅਤਿਅੰਤ ਵਿਤਕਰੇ ਭਰਿਆ ਵਰਤਾਵ ਹੀ ਕਰਦਾ ਆ ਰਿਹਾ ਸੀ। ਬ੍ਰਾਹਮਣਵਾਦ ਦਾ ਪ੍ਰਭਾਵ ਏਨਾ ਸੀ ਕਿ ਸ਼ੂਦਰ ਵਰਣ ਵਿਚ ਸ਼ਾਮਲ ਜੱਟ ਜਾਂ ਜਾਟ ਅਤੇ ਉਪਰੋਕਤ ਬਿਆਨੀਆਂ ਦਸਤਕਾਰ ਤੇ ਸ਼ਿਲਪਕਾਰ ਜਾਤਾਂ ਵੀ ਪੰਜਾਬ ਦੇ ਅਛੂਤਾਂ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੀਆਂ ਸਨ।

ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਾਬਜ਼ ਹੋਣ ਅਤੇ ਇਸਾਈ ਮਤ ਦੇ ਪ੍ਰਚਾਰ ਤੇ ਪਾਸਾਰ ਦੇ ਵਿਰੋਧ ਵਿਚ ਸ਼ੁਰੂ ਹੋਈਆਂ ਉਪਰੋਕਤ ਲਹਿਰਾਂ ਨੇ ਆਪਣੀ ਗਿਣਤੀ ਵਧਾਉਣ ਅਤੇ ਆਪਣਾ ਪ੍ਰਭਾਵ ਕਾਇਮ ਕਰਨ ਲਈ ਪੰਜਾਬ ਦੇ ਅਛੂਤਾਂ ਨੂੰ ਆਪਣੇ ਧਰਮਾਂ ਵਿਚ ਸ਼ਾਮਲ ਕਰਨ ਲਈ ਅਛੂਤ-ਉਧਾਰ ਸੰਸਥਾਵਾਂ ਸ਼ੁਰੂ ਕੀਤੀਆਂ। ਬੇਸ਼ੱਕ ਆਪਣੀ ਗਿਣਤੀ ਵਧਾਉਣ ਲਈ ਬਣਾਈਆਂ ਗਈਆਂ ਇਹ ਸੰਸਥਾਵਾਂ ਨਿਰਾ ਦਿਖਾਵਾ, ਛਲਾਵਾ ਅਤੇ ਧੋਖਾ ਹੀ ਸਨ, ਪਰ ਪੰਜਾਬ ਦੇ ਅਛੂਤ ਭਾਰੀ ਗਿਣਤੀ ਵਿਚ ਇਹਨਾਂ ਵੱਲ ਖਿੱਚੇ ਗਏ।

1926 ਵਿਚ ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਆਦਿ ਧਰਮ ਦੀ ਸਥਾਪਨਾ ਹੋਣ ਨਾਲ ਪੰਜਾਬ ਦੀਆਂ ਅਛੂਤ ਜਾਤੀਆਂ ਨੂੰ ਇਸ ਕ੍ਰਾਂਤਕਾਰੀ ਅੰਦੋਲਨ ਨਾਲ ਜੁੜਨ ਅਤੇ ਬ੍ਰਾਹਮਣਵਾਦੀ ਸ਼ਕਤੀਆਂ ਵਿਰੁੱਧ ਇਕਮੁੱਠ ਹੋਣ ਦਾ ਸ਼ਾਨਦਾਰ ਅਵਸਰ ਪ੍ਰਾਪਤ ਹੋਇਆ। ਪੰਜਾਬ ਦੀਆਂ ਦੋ ਵੱਡੀਆਂ ਅਛੂਤ ਜਾਤੀਆਂ ਚਮਾਰ ਅਤੇ ਸਫਾਈ ਮਜ਼ਦੂਰਾਂ ਨੂੰ ਏਕੇ ਦੀ ਲੜੀ ਵਿਚ ਪਰੋਏ ਜਾਣ ਦੇ ਇਸ 'ਚਮਤਕਾਰ' ਨੂੰ ਦੇਖ ਕੇ ਵਿਭਿੰਨ ਧਰਮਾਂ ਦੇ ਆਗੂ ਅਤੇ ਇਹ ਲਹਿਰਾਂ ਵਧੇਰੇ ਸਰਗਰਮ ਹੋ ਗਈਆਂ। 1931 ਵਿਚ ਅਛੂਤਾਂ ਨੂੰ ਵਿਸ਼ੇਸ਼ ਚੋਣ ਅਧਿਕਾਰ ਪ੍ਰਾਪਤ ਹੋ ਜਾਣ ਉਪਰੰਤ ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਸਰਗਰਮ ਹੋਣਾ ਵੀ ਸੁਭਾਵਿਕ ਹੀ ਸੀ।

(ਚਲਦਾ)

# ਰਾਖਵਾਂਕਰਨ ਬੰਦ ਕਰਨ ਲਈ ਦਿੱਤਾ ਮੰਗ ਪੱਤਰ

ਕੋਟਕਪੂਰਾ- ਜਨਰਲ ਕੈਟਾਗਿਰੀਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਬੀਰ ਸਿੰਘ ਦੀ ਅਗਵਾਈ ਹੇਠ ਜਨਰਲ ਵਰਗ ਦੀਆਂ ਮੰਗਾਂ ਨੂੰ ਲੈ ਕੇ ਫੈਡਰੇਸ਼ਨ ਦੇ ਆਗੂ ਤੇ ਵਰਕਰ ਨੇ ਇਕ ਮੰਗ ਪੱਤਰ ਆਮ ਆਦਮੀ ਪਾਰਟੀ ਫਰੀਦਕੋਟ ਦੇ ਉਮੀਦਵਾਰ ਗੁਰਦਿੱਤ ਸਿੰਘ ਸੇਖੋਂ ਨੂੰ ਉਹਨਾਂ ਦੇ ਗ੍ਰਹਿ ਵਿਚ ਦਿੱਤਾ। ਉਹਨਾਂ ਆ-ਪਣੀਆਂ ਮੰਗਾਂ ਪੜ੍ਹ ਕੇ ਸੁਣਾਈਆਂ ਕਿ ਜਾਤੀ ਆਧਾਰ 'ਤੇ ਹਰ ਤਰ੍ਹਾਂ ਦਾ ਰਾਖਵਾਂਕਰਨ ਬੰਦ ਕੀਤਾ ਜਾਵੇ ਤੇ ਇਸਦੇ ਆਧਾਰ ਆਰਥਿਕਤਾ ਕੀਤਾ ਜਾਵੇ,



ਦਾਖਲਿਆਂ, ਨੌਕਰੀਆਂ ਅਤੇ ਤਰੱਕੀਆਂ ਵਿਚ ਰਾਖਵਾਂਕਰਨ ਬੰਦ ਕੀਤਾ ਜਾਵੇ। ਆਬਾਦੀ ਦੇ ਆਧਾਰ ਤੇ ਵਿਧਾਨ ਸਭਾ ਤੇ ਪਾਰਲੀਮੈਂਟ ਵਿਚ ਰਾਖਵੇਂ ਵਰਗ ਦੀਆਂ ਸੀਟਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਅੰਤ 'ਚ ਸੇਖੋਂ ਨੇ ਕਿਹਾ ਕਿ ਜਨਰਲ ਕੈਟਾਗਰੀ ਦੇ ਲੋਕ ਕਿਸਾਨੀ ਛੱਡ ਕੇ ਮਜ਼ਦੂਰੀ ਵੱਲ ਵੱਧ ਰਹੇ ਹਨ। ਛੋਟੇ ਦੁਕਾਨਦਾਰਾਂ ਦੀ ਹਾਲਤ ਵੀ ਬਹੁਤ ਮਾੜੀ ਹੈ। ਪਾਰਟੀ ਜੇ ਹੋਂਦ ਵਿਚ ਆਵੇਗੀ ਤਾਂ ਬਹੁਤ ਸਾਰੀਆਂ ਉਹਨਾਂ ਗੱਲਾਂ ਨੂੰ ਵਿਚਾਰਾਂਗੇ, ਜਿਹੜੀਆਂ ਰਵਾਇਤਾਂ ਗਲਤ ਪਈਆਂ ਹਨ।

# ਵੋਟ ਹਮਾਰਾ ਰਾਜ ਤੁਮਹਾਰਾ, ਨਹੀਂ ਚਲੇਗਾ ਨਹੀ ਚਲੇਗਾ -1



ਲਾਲ ਸਿੰਘ ਸੁਲਹਾਣੀ
91-98721-55120

1987 'ਚ ਉੱਤਰ ਪ੍ਰਦੇਸ਼ ਦੀਆਂ 425 ਅਸੰਬਲੀ ਸੀਟਾਂ ਵਿਚੋਂ 328 ਸੀਟਾਂ ਕਾਂਗਰਸ ਪਾਰਟੀ ਜਿੱਤ ਗਈ। ਪੰਡਤ ਨਾਰਾਇਣ ਦਤ ਤਿਵਾੜੀ ਮਜਬੂਤ ਸਰਕਾਰ ਦਾ ਮੁਖ ਮੰਤਰੀ ਬਣ ਗਿਆ। ਉਧਰ ਕੇਂਦਰ ਵਿਚ ਰਾਜੀਵ ਗਾਂਧੀ ਦੀ ਮਜਬੂਤ ਸਰਕਾਰ ਸੀ। ਕਾਂਗਰਸ ਪਾਰਟੀ ਨੇ ਨਾਰਾਇਣ ਦਤ ਤਿਵਾੜੀ ਨੂੰ ਅਸਤੀਫ਼ਾ ਦਿਵਾ ਕੇ ਕੇਂਦਰ ਸਰਕਾਰ ਵਿਚ ਰੱਖਿਆ ਮੰਤਰੀ ਬਣਾ ਦਿੱਤਾ ਜਿਸ ਕਰਕੇ ਕਾਂਸ਼ੀ ਪੁਰ ਵਿਧਾਨ ਸਭਾ ਅਸੰਬਲੀ ਸੀਟ ਖਾਲੀ ਹੋ ਗਈ। ਜਿਸਨੂੰ ਭਰਨ ਲਈ ਭਾਰਤ ਦੇ ਚੋਣ ਕਮਿਸ਼ਨ ਵਲੋਂ 23 ਮਾਰਚ 1987 ਨੂੰ ਹਰਦੁਆਰ ਲੋਕ ਸਭਾ ਤੇ ਰਾਠ, ਪੱਟੀ ਵਿਧਾਨ ਸਭਾ ਹਲਕਿਆਂ ਦੇ ਨਾਲ ਜਿਮਨੀ ਚੋਣ ਕਰਾਉਣ ਦਾ ਐਲਾਨ ਕਰ ਦਿੱਤਾ। ਪੰਜਾਬ ਦੇ ਬਸਪਾ ਕਾਰਜਕਰਤਾ ਪੂਰੀ ਤਨਦੇਹੀ ਨਾਲ ਸੰਗਠਨ ਦੀ ਮਜਬੂਤੀ ਲਈ ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ, ਜੰਮੂ- ਕਸ਼ਮੀਰ,, ਰਾਜਸਥਾਨ, ਉੱਤਰ ਪ੍ਰਦੇਸ਼ ਵਿਚ ਪੁੱਜ ਕੇ ਪਾਰਟੀ ਸਰਗਰਮੀਆਂ ਵਿਚ ਸ਼ਾਮਲ ਹੁੰਦੇ ਰਹਿੰਦੇ ਸਨ। ਇਸ ਲਈ ਕਾਂਸ਼ੀ ਪੁਰ ਸੀਟ 'ਤੇ ਪੁੱਜਣ ਲਈ ਆਦੇਸ਼ ਆ ਗਿਆ। ਮੈਂ ਆਪਣੀ ਟੀਮ ਵਿਚ ਕਰਨੈਲ ਸਿੰਘ ਤਲਵੰਡੀ, ਗੁਰਦੀਪ ਸਿੰਘ ਤਲਵੰਡੀ, ਫੌਜੀ ਜੋਗਿੰਦਰ ਸਿੰਘ ਘਾਲੀ, ਸ਼ਿੰਗਾਰਾ ਸਿੰਘ ਮੁੱਦਕੀ, ਸੁਭਾਸ਼ ਚੰਦਰ ਫਿਰੋਜ਼ਪੁਰ ਨੂੰ ਨਾਲ ਲੈਕੇ ਤਰਾਈ ਖੇਤਰ ਦੇ ਪੰਜਾਬੀ ਬਹੁਲਤਾ ਵਾਲੇ ਬਾਜਪੁਰ ਕਸਬੇ 'ਚ ਪੁੱਜ ਗਿਆ। ਗੁਰਬਚਨ ਸਿੰਘ ਜਲੰਧਰ ਤੋਂ ਆਪਣੇ ਕੁੱਝ ਚੋਣਵੇਂ ਸਾਥੀਆਂ ਨਾਲ ਗੱਡੀ ਲੈਕੇ ਪੁੱਜ ਗਿਆ। ਮੋਹਣ ਸਿੰਘ ਫਲੀਆਂ ਵਾਲਾ, ਬੂਟਾ ਸਿੰਘ ਰਾਏ ਸਿੱਖ ਤੇ ਗੁਰਦੇਵ ਸਿੰਘ ਸਮੇਤ ਤੇ ਗੁਰਨਾਮ ਸਿੰਘ ਮੁਕਤਸਰ ਆਪਣਾ ਜਥੇ ਲੈਕੇ ਪੁੱਜ ਗਿਆ। ਕਾਸ਼ੀ ਪੁਰ ਸੀਟ ਉਸ ਵਕਤ ਉੱਤਰ ਪਰਦੇਸ ਦੇ ਰੁਦਪੁਰ ਜ਼ਿਲ੍ਹੇ ਵਿਚ ਸੀ। ਪੰਜਾਬੀ ਸਿੱਖਾਂ ਨੇ ਬੇ- ਆਬਾਦ ਜ਼ਮੀਨਾਂ ਜੰਗਲ ਸਾਫ ਕਰਕੇ ਆਪਣੀ ਮਿਹਨਤ ਨਾਲ ਖੇਤੀ ਯੋਗ ਬਣਾ ਲਈਆਂ ਸਨ ਤੇ ਇਹ ਇਲਾਕਾ ਪੰਜਾਬੀਆਂ ਦੀ ਵਸੋਂ ਕਰਕੇ ਮਿੰਨੀ ਪੰਜਾਬ ਵਜੋਂ ਜਾਣਿਆਂ ਜਾਂਦਾ ਸੀ। ਪਰਕਾਸ਼ ਸਿੰਘ ਬਾਦਲ , ਨੱਥਾ ਸਿੰਘ ਦਾਲਮ ਆਦਿ ਵਰਗੇ ਅਕਾਲੀ ਆਗੂਆਂ ਤੇ ਧਨਾਢ ਸਿੱਖਾਂ ਦੇ ਬਾਜਪੁਰ ਖੇਤਰ ਵਿਚ ਆਪਣੇ ਵੱਡੇ ਵੱਡੇ ਫਾਰਮ ਹਾਊਸ ਸਨ। ਕਣਕ ਤੇ ਗੰਨੇ ਦੀ ਫਸਲ ਲਈ ਇਹ ਬੜੀ ਜ਼ਰਖੇਜ ਤੇ ਉਪਜਾਊ ਧਰਤੀ ਹੈ। ਗੰਨੇ ਦੀ ਬਹੁਤਾਤ ਸਦਕਾ ਬਾਜਪੁਰ ਵਿਚ ਖੰਡ ਮਿੱਲ ਲੱਗੀ ਹੋਈ ਸੀ। ਬਸਪਾ ਆਗੂ ਭੈਣ ਕੁਮਾਰੀ ਮਾਇਆਵਤੀ ਪਹਿਲੀ ਵਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣਕੇ ਪੰਜਾਬ ਦੇ ਜਲਾਲਾ- ਬਾਦ (ਪੱਛਮੀ) ਜਿਲ੍ਹਾ ਫਿਰੋਜ਼ਪੁਰ ਵਿਖੇ ਬਤੌਰ ਮੁੱਖ ਮਹਿਮਾਨ ਵਜੋਂ 31 ਜੁਲਾਈ 1995 ਨੂੰ ਸ਼ਹੀਦ ਉਧਮ ਸਿੰਘ ਦੇ ਸ਼ਹੀਦੀ ਦਿਨ ਤੇ ਵਿਸ਼ਾਲ ਸ਼ਹੀਦੀ ਕਾਨਫਰੰਸ ਵਿਚ ਪਧਾਰੇ ਸਨ। ਉਹਨਾਂ ਨੇ ਸਾਹਿਬ ਕਾਂਸ਼ੀ ਰਾਮ ਜੀ ਦੀ ਪ੍ਰੇਰਨਾ ਸਦਕਾ ਰੁਦਰ ਪੁਰ ਜ਼ਿਲ੍ਹੇ ਦਾ ਨਾਮ ਹੀ "ਸ਼ਹੀਦ ਉਧਮ ਨਗਰ" ਰੱਖ ਦਿਤਾ ਸੀ। ਜੋ ਹੁਣ ਉਤਰਾ- ਖੰਡ ਰਾਜ ਵਿਚ ਸਥਿੱਤ ਹੈ।

ਕਾਸ਼ੀ ਪੁਰ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਇਸ ਖੇਤਰ ਦੇ ਗੱਡਰੀਆ, ਝੁਨਵਾਰ, ਘੁਮਾਰ ਆਦਿ ਪਛੜੀਆਂ ਜਾਤੀਆਂ ਦੇ ਕੁੱਝ ਆਗੂ ਸਾਹਿਬ ਕਾਂਸ਼ੀ ਰਾਮ ਜੀ ਨੂੰ ਲਖਨਊ ਜਾਕੇ ਮਿਲੇ ਤੇ ਕਹਿਣ ਲੱਗੇ ਕਿ ਉਹਨਾ ਦੀ ਆਬਾਦੀ ਬੇਸ਼ਕ 26% ਹੈ ਪਰ ਉਹਨਾਂ ਨੂੰ ਕੋਈ ਪਾਰਟੀ ਟਿਕਟ ਨਹੀਂ ਦਿੰਦੀ। ਕਿਉਕਿ ਉੱਤਰ ਪ੍ਰਦੇਸ਼ ਦੀ ਰਾਜਨੀਤੀ ਉਤੇ ਪੱਛੜਿਆ ਵਰਗਾਂ ਵਿਚੋਂ ਧਨਾਢ ਯਾਦਵ, ਲੋਧ ਤੇ ਜਾਟ ਹੀ ਭਾਰੂ ਚਲੇ ਆ ਰਹੇ ਹਨ ਅਸੀਂ ਅਜ ਤਕ ਅਸੰਬਲੀ ਦਾ ਮੂੰਹ ਨਹੀਂ ਦੇਖਿਆ ਸੰਸਦ ਦਾ ਮੂੰਹ ਵੇਖਣਾ ਤਾਂ ਦੂਰ ਦੀ ਗੱਲ ਐ। ਸਾਹਿਬ ਕਹਿਣ ਲੱਗੇ ਤੁਸੀਂ ਹੁਣ ਤਕ ਕਾਂਗਰਸ ਪਾਰਟੀ ਨੂੰ ਵੋਟ ਦਿੰਦੇ ਆ ਰਹੇ ਹੋ ਪਹਿਲਾਂ ਉਹਨਾਂ ਤੋਂ ਟਿਕਟ ਮੰਗੋ। ਬਸਪਾ ਦੇ ਪਰਚਾਰ ਸਦਕਾ ਲਤਾੜੇ ਪਛਾੜੇ ਸਮਾਜ ਵਿਚ ਰਾਜਸੀ ਚੇਤਨਾ ਪੈਦਾ ਹੋ ਰਹੀ ਸੀ ਜਿਹਨਾਂ ਦੀ ਲੋੜ ਸੀ ਉਹਨਾਂ ਵਿਚ ਸਾਹਿਬ ਕਾਂਸ਼ੀ ਰਾਮ ਦੀ ਬਦੌਲਤ ਰਾਜਨੀਤਿਕ ਇੱਛਾ ਪੈਦਾ ਹੋ ਰਹੀ ਸੀ। ਕਾਂਗਰਸ ਵਾਲੇ ਕਹਿਣ ਲੱਗੇ ਤੁਹਾਡੀਆਂ ਬਰਾਦਰੀਆਂ ਦੀਆਂ ਤਾਂ ਵੋਟਾਂ ਘੱਟ ਹਨ ਇਸ ਕਰਕੇ ਤੁਸੀਂ ਜਿੱਤ ਨਹੀਂ ਸਕਦੇ।

ਜੇ 2500 ਵੋਟਾਂ ਵਾਲੇ ਤਿਵਾੜੀ ਜਿੱਤ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ ਪਛੜੇ ਵਰਗਾਂ ਦੇ ਆਗੂ ਕਹਿਣ ਲੱਗੇ। ਇਹ ਸੁਣਕੇ ਕਾਂਗਰਸ ਵਾਲੇ ਅਵਾਕ ਰਹਿ ਗਏ ਤੇ ਸੋਚਣ ਲੱਗੇ ਕਿ ਇਹ ਤਾਂ ਕਾਂਸ਼ੀ ਰਾਮ ਦੇ ਪੜ੍ਹਾਏ ਲੱਗਦੇ ਐ ਕਿਉਂ ਕਿ ਜ਼ਿਮਨੀ ਚੋਣ ਨੂੰ ਮਦਿ- ਨਜਰ ਰੱਖਦਿਆਂ ਉਹਨਾਂ (ਸਾਹਿਬ ਕਾਂਸ਼ੀ ਰਾਮ) ਨੇ ਸਰਵੇ ਕਰਵਾਇਆ ਸੀ। ਕਾਸ਼ੀ ਪੁਰ ਅਸੰਬਲੀ ਹਲਕੇ ਵਿਚ 48000 ਚੁਮਾਰ, 42000 ਮੁਸਲਮਾਨ , ਗੱਡਰੀਆ 6000, ਝੁਨਕਾਰ 5000, ਘੁਮਾਰਾਂ ਦੇ 3500 ਤੇ ਬ੍ਰਾਹਮਣਾਂ ਦੇ ਕੇਵਲ 2500 ਵੋਟ ਸਨ।ਕਾਂਗਰਸ ਪਾਰਟੀ ਪੰਡਿਤ ਨਰਾਇਣ ਦੱਤ ਤਿਵਾੜੀ ਦੀ ਪਤਨੀ ਜਾਂ ਉਸਦੇ ਭਰਾ ਨੂੰ ਇਸ ਸੀਟ ਤੋਂ ਆਪਣਾ ਉਮੀਦਵਾਰ ਬਣਾਉਣਾ ਚਾਹੁੰਦੀ ਸੀ। ਜਦੋਂ ਇਹ ਸਰਵੇ ਅਖਬਾਰਾਂ ਰਾਹੀਂ ਚਰਚਾ ਦਾ ਵਿਸ਼ਾ ਬਣ ਗਿਆ ਤਾਂ ਤਿਵਾੜੀ ਦੀ ਪਤਨੀ ਤੇ ਉਹਦੇ ਭਰਾ ਨੇ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਤਾਂ ਕਾਂਗਰਸ ਪਾਰਟੀ ਨੂੰ ਆਪਣੀ ਨੀਤੀ ਬਦਲਕੇ ਕਾਹਲੀ ਵਿਚ ਅਹਿਮਦ ਰਿਜਵੀ ਇਕ ਮੁਸਲਮਾਨ ਨੂੰ ਉਮੀਦਵਾਰ ਬਣਾਉਣਾ ਪੈ ਗਿਆ। ਉਧਰ ਸੰਜੇ ਬ੍ਰਿਗੇਡ ਦਾ ਇਕ ਧਨਾਢ ਮੁਸਲਮਾਨ ਅਕਬਰ ਅਹਿਮਦ ਡਿੰਪੀ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਡਟ ਗਿਆ ਤੇ ਸਾਹਿਬ ਕਾਂਸ਼ੀ ਰਾਮ ਦੇ ਪੇਸ਼ ਕੀਤੇ ਗਏ ਚਾਣਕਿਆ ਅੰਕੜਿਆਂ ਸਦਕਾ ਮੁਸਲਮਾਨ ਸਮਾਜ ਵੀ ਉਤਸ਼ਾਹਿਤ ਹੋ ਗਿਆ। ਬਸਪਾ ਦਾ ਉਮੀਦਵਾਰ 3500 ਵੋਟਾਂ ਵਾਲੇ ਘੁਮਾਰ ਸਮਾਜ ਦੇ ਜੈ ਸਿੰਘ ਜੈ ਨੂੰ ਬਣਾਇਆ ਗਿਆ। ਉਹ ਸਬ ਡਵੀਜ਼ਨਲ ਇੰਜੀਨੀਅਰ ਦੀ ਨੌਕਰੀ ਤੋਂ ਅਸਤੀਫ਼ਾ ਦੇਕੇ ਬਹੁਜਨ ਸਮਾਜ ਪਾਰਟੀ ਦੇ "ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ" ਵਿਚ ਕੁੱਦਿਆ ਸੀ। ਇਕ ਵਾਰ ਮੈਂ ਉਹਨੂੰ ਉਹਦੇ ਵਚਿੱਤਰ ਨਾਮ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਸਾਡੇ ਖਿੱਤੇ ਵਿਚ ਕੋਈ ਸ਼ੂਦਰ ਆਪਣੇ ਨਾਮ ਦੇ ਪਿਛੇ 'ਸਿੰਘ' ਨਹੀਂ ਲਗਾ ਸਕਦਾ। ਕੇਵਲ ਠਾਕੁਰ ਨੂੰ ਈ ਇਹ ਅਧਿਕਾਰ ਹਾਸਲ ਹੈ। ਮੈਂ ਸੋਚ ਰਿਹਾ ਸੀ ਕਿ 300 ਸਾਲ ਪਹਿਲਾ ਸਾਹਿਬ- ਇ -ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੂਦਰਾਂ ਨੂੰ 'ਸਿੰਘ' ਦੇ ਲਕਬ ਨਾਲ ਨਿਵਾਜ ਕੇ ਕਿੰਨਾ ਵੱਡਾ ਇਨਕਲਾਬੀ ਕਾਰਜ ਕੀਤਾ ਹੈ।

ਬ੍ਰਾਹਮਣ ਨਰਾਇਣ ਦੱਤ ਤਿਵਾੜੀ ਤੋਂ ਬਾਅਦ ਠਾਕੁਰ ਵੀਰ ਬਹਾਦਰ ਸਿੰਘ ਰਜਵਾੜੇ ਨੂੰ ਉੱਤਰ ਪ੍ਰਦੇਸ਼ ਦਾ ਮੁਖ ਮੰਤਰੀ ਬਣਾ ਦਿੱਤਾ ਗਿਆ ਸੀ। ਅਸੀਂ ਵੱਖ ਵੱਖ ਟੀਮਾਂ ਬਣਾਕੇ ਪੰਜਾਬੀ /ਸਿੱਖਾਂ ਵਿਚ ਨਵੀਂ ਉਭਰਦੀ ਬਹੁਜਨ ਲਹਿਰ ਬਾਰੇ ਪਰਚਾਰ ਕਰਦੇ। ਕਾਂਗਰਸ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਬਾਰੇ ਜਾਣਕਾਰੀ ਦਿੰਦੇ। ਮੇਰੇ ਨਾਲ ਉਧਰਲਾ ਇਕ ਅੰਮ੍ਰਿਤਧਾਰੀ ਜੀਪ ਚਾਲਕ ਅਜੀਤ ਸਿੰਘ ਸੀ। ਉਹ ਮੇਰੇ ਭਾਸ਼ਣ ਸੁਣ ਸੁਣ ਕੇ ਬਹੁਜਨ ਸਮਾਜ ਪਾਰਟੀ ਤੇ ਸਾਹਿਬ ਕਾਂਸ਼ੀ ਰਾਮ ਦਾ ਸਮਰੱਥਕ ਬਣ ਗਿਆ। ਸਿੱਖ ਕਾਂਸ਼ੀ ਰਾਮ ਜੀ ਪ੍ਰਤੀ ਆਦਰ ਭਾਵ ਤਾਂ ਰੱਖਦੇ ਸਨ ਪਰ ਸਰਕਾਰ ਤੋਂ ਭੈਅ ਭੀਤ ਸਨ। ਮੋਹਣ ਸਿੰਘ ਫਲੀਆਂ ਵਾਲਾ ਆਪਣੇ ਸਾਥੀਆਂ ਨਾਲ ਰਾਇ ਸਿੱਖਾਂ ਦੀਆਂ ਢਾਣੀਆਂ ਤੇ ਜਾਕੇ ਦੱਸਦਾ ਕਿ ਨਵੀਂ ਬਣੀ ਬਹੁਜਨ ਸਮਾਜ ਪਾਰਟੀ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਉਸਨੂੰ ਸੰਸਦੀ ਚੋਣ ਲੜਨ ਦਾ ਮੌਕਾ ਬਖਸ਼ਿਆ ਐ ਤੇ ਪੰਜਾਬ ਦੇ ਸੂਬਾ ਪਰਧਾਨ ਵਜੋਂ ਨਿਵਾਜਿਆ ਹੈ।

ਕਾਸ਼ੀ ਪੁਰ ਤੇ ਬਾਜਪੁਰ ਦੇ ਜੰਗਲੀ ਖੇਤਰਾਂ ਵਿਚ ਬੁਗਸਾ ਜਨ ਜਾਤੀ ਦੇ ਲੋਕ ਵੱਸਦੇ ਹਨ। ਅਸੀਂ ਕਈ ਵਾਰ ਸਥਾਨਕ ਸਾਥੀਆਂ ਨੂੰ ਨਾਲ ਲੈਕੇ ਟੁੱਟੀ ਫੁੱਟੀ ਹਿੰਦੀ ਵਿਚ ਉਹਨਾਂ ਨੂੰ ਬਹੁਜਨ ਲਹਿਰ ਬਾਰੇ ਦੱਸਦੇ। ਅਸੀਂ ਆਪਣੇ ਇਕ ਸਾਥੀ ਸੁਭਾਸ਼ ਚੰਦਰ ਜੋ ਬੈਂਕ ਮੁਲਾਜ਼ਮ ਸੀ ਉਹਨੂੰ ਹਾਸੇ ਮਜ਼ਾਕ ਨਾਲ ਬੁਗਸਾ ਆਖਣਾ ਸ਼ੁਰੂ ਕਰ ਦਿੱਤਾ। ਸਰਕਾਰੀ ਮੁਲਾਜ਼ਮ ਹੋਣ ਕਰਕੇ ਮੈਂ ਹਮੇਸ਼ਾ ਸਟੇਜ ਤੇ ਤਾਰਾ ਸਿੰਘ ਵਜੋਂ ਬੋਲਦਾ। ਸਥਾਨਕ ਸਾਥੀ ਜਦੋਂ ਮੈਥੋਂ ਐਡਰੈਸ ਲੈਂਦੇ ਤਾ ਮੈਂ ਲਾਲ ਸਿੰਘ ਸੁਲਹਾਣੀ ਵਾਲਾ ਪਤਾ ਲਿਖK ਲਿਖਾ ਦਿੰਦਾ। ਜਦੋਂ ਉਹ ਹੈਰਾਨ ਹੋਕੇ ਕਾਰਨ ਪੁੱਛਦੇ ਤਾਂ ਮੈਂ ਮੁਸਕਰਾ ਕੇ ਟਾਲ ਦਿੰਦਾ।

ਫਿਰੋਜ਼ਪੁਰ ਵਾਲੀ ਮੇਰੀ ਟੀਮ ਤੇ ਮੁਕਤਸਰ ਤੋਂ ਜਗੀਰ ਸਿੰਘ ਲੁਬਾਣਿਆਂ ਵਾਲੀ, ਬਿਹਾਰੀ ਲਾਲ, ਮਾਸਟਰ ਮੰਗਤ ਰਾਮ ਤੇ ਹੋਰ ਸਾਥੀਆਂ ਸਮੇਤ ਜਦੋਂ ਅਸੀਂ ਜੀਪਾਂ ਤੇ ਨੀਲੇ ਝੰਡੇ ਲਾਕੇ ਆਕਾਸ਼ ਗੁੰਜਾਊ ਨਾਅਰੇ ਮਾਰਦੇ ਨਿਕਲਦੇ ਤਾਂ ਸਥਾਨਕ ਕਾਰਜਕਰਤਾਵਾਂ ਦੇ ਹੌਸਲੇ ਬੁਲੰਦ ਹੋ ਜਾਂਦੇ। ਇਕ ਪ੍ਰਭਾਵਸ਼ਾਲੀ ਲਹਿਰ ਉਸਰ ਰਹੀ ਸੀ। ਬਸਪਾ ਦੇ ਪਰਚਾਰ ਸਦਕਾ ਸਮਾਜ ਦੇ ਅਣਗੌਲੇ ਲੋਕਾਂ ਵਿਚ ਰਾਜਨੀਤਕ ਸੂਝ ਬੂਝ ਦਾ ਪਸਾਰ ਹੋ ਰਿਹਾ ਸੀ ਤੇ ਉਹ ਆਪਣੇ ਵੋਟ ਦੀ ਅਹਿਮੀਅਤ ਨੂੰ ਪਛਾਨਣ ਲੱਗੇ ਸਨ। ਜਿਉਂ ਜਿਉਂ ਬਸਪਾ ਕਾਰਜਕਰਤਾ ਗਤੀਸ਼ੀਲ ਹੋ ਰਹੇ ਸਨ ਸਮਾਜ ਦੇ ਦੱਲੇ- ਦਲਾਲ ਤੇ ਚਮਚੇ ਵੀ ਪੂਰੀ ਤਰ੍ਹਾਂ ਸਰਗਰਮ ਹੋ ਕੇ ਗਰੀਬ ਬਸਤੀਆਂ ਵਿਚ ਡੇਰੇ ਜਮਾਂ ਕੇ ਬੈਠ ਗਏ ਸਨ। ਕਈ ਵਾਰੀ ਚਿੱਟਕਪੜੀਏ ਦਲਾਲਾਂ ਨਾਲ ਸਾਡੀ ਤਕਰਾਰ ਵੀ ਹੋ ਜਾਂਦੀ।

ਇਕ ਵਾਰ ਇਕ ਫਾਰਮ ਹਾਊਸ ਤੇ ਸਥਾਨਕ ਸਾਥੀਆਂ ਨੇ 25- 30 ਲੋਕਾਂ ਨਾਲ ਸਾਡੀ ਮੀਟਿੰਗ ਰਖਵਾ ਦਿੱਤੀ। ਮੈਂ ਫੂਲੇ ਸ਼ਾਹੂ ਤੇ ਅੰਬੇਡਕਰ ਦੇ ਸੰਘਰਸ਼ ਬਾਰੇ ਦੱਸਿਆ ਬਹੁਜਨ ਲਹਿਰ ਦੀ ਜਾਣਕਾਰੀ ਦਿੱਤੀ। ਸਾਹਿਬ ਕਾਂਸ਼ੀ ਰਾਮ ਜੀ ਵਲੋਂ ਵਿੱਢੇ ਅੰਦੋਲਨ ਬਾਰੇ ਦੱਸਦਿਆਂ ਆਖਿਆ ਕਿ ਜੇ ਜਾਤਾਂ ਕੁਜਾਤਾਂ ਦੇ ਨਾਂ ਤੇ ਤੋੜੇ ਗਏ ਲੋਕ ਭਾਈਚਾਰੇ ਦੇ ਸੂਤਰ ਵਿਚ ਇਕ ਥਾਂ ਜੁੜ ਜਾਣ ਤੇ ਆਪਣੀ ਆਦਤ ਬਦਲ ਕੇ ਦੂਜਿਆਂ ਦੇ ਪਿਛਲੱਗੂ ਬਣਨ ਦੀ ਬਜਾਏ ਆਪਣੀ ਪਾਰਟੀ, ਬਹੁਜਨ ਸਮਾਜ ਪਾਰਟੀ ਨੂੰ ਹੀ ਵੋਟ ਪਾਉਣ ਤਾਂ ਉਹ ਮੰਗਣ ਦੀ ਬਜਾਏ ਵੰਡਣ ਵਾਲੇ ਬਣ ਸਕਦੇ ਹਨ। ਅਲਪਜਨ ਤੋਂ ਬਹੁਜਨ ਸਮਾਜ ਬਣਾਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਣ ਤਾਂ ਸੱਭ ਮੁਸ਼ਕਲਾਂ ਮੁਸੀਬਤਾਂ ਤੋਂ ਛੁਟਕਾਰਾ ਪਾ ਸਕਦੇ ਹਨ। ਰਾਜਨੀਤਕ ਤਾਕਤ ਨਾਲ ਸੱਭ ਸਮਸਿਆਵਾਂ ਸੁਲਝਾਈਆਂ ਜਾ ਸਕਦੀਆਂ ਹਨ। ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾ ਸਕਦੀਆਂ ਹਨ ਰਾਜਸੀ ਤਾਕਤ ਵੋਟਾਂ ਨਾਲ ਹਾਸਲ ਹੁੰਦੀ ਹੈ। ਪਰ ਲੋਕ ਰਾਜ ਅੰਦਰ ਵੀ ਬਹੁਤ ਗਿਣਤੀ ਵੋਟਾਂ ਵਾਲਾ ਸਮਾਜ ਗੁਲਾਮ ਤੇ ਲਾਚਾਰ ਬਣਾ ਕੇ ਰੱਖਿਆ ਹੋਇਆ ਹੈ। ਕਿਉਕਿ ਰਾਜਿਆਂ ਰਜਵ- ਾੜਿਆਂ ਤੇ ਧਨਾਢਾਂ ਦੇ ਨੋਟਾਂ ਨਾਲ ਆਮ ਲੋਕਾਂ ਨੂੰ ਭਰਮਾ ਲਿਆ ਜਾਂਦੈ, ਖਰੀਦ ਲਿਆ ਜਾਂਦੈ। ਅਜੇ ਬਹੁਜਨ ਸਮਾਜ ਹਾਥੀ ਵਾਂਗ ਘੂਕ ਸੁੱਤਾ ਪਿਆ ਹੈ। ਜਿਸ ਦਿਨ ਇਹ ਜਾਗ ਕੇ ਆਪਣੀ ਤਾਕਤ ਤੋਂ ਜਾਣੂ ਹੋ ਗਿਆ ਇਸ ਦਾ ਕੋਈ ਮੁਕਾ- ਬਲਾ ਨਹੀਂ ਕਰ ਸਕੇਗਾ ਤੇ ਇਹ ਮਸਤ ਚਾਲ ਚਲਦਾ ਹੁਕਮਰਾਨ ਸਮਾਜ ਬਣ ਜਾਵੇਗਾ। ਮੇਰੀਆਂ ਗੱਲਾਂ ਸੁਣਕੇ ਉਹਨਾਂ ਦੀਆਂ ਬੁਝੀਆਂ ਅੱਖਾਂ ਵਿਚ ਨਵੀ ਚਮਕ ਦਿਖਾਈ ਦਿੱਤੀ ਤੇ ਇਕ ਜੋਸ਼ ਉਭਰ ਆਇਆ। ਉਹ ਬਸਪਾ ਕਾਰਜ ਕਰਤਾਵਾਂ ਦੀ ਆਵਾਜ਼ ਨਾਲ ਆਵਾਜ਼ ਬੁਲੰਦ ਕਰਦਿਆਂ ਕੂਕ ਉਠੇ -

ਵੋਟ ਹਮਾਰਾ ਰਾਜ ਤੁਮਾਰਾ
ਨਹੀਂ ਚਲੇਗਾ ਨਹੀਂ ਚਲੇਗਾ।

ਫਾਰਮ ਹਾਊਸ ਦਾ ਮਾਲਕ ਠਾਕੁਰ ਜੋ ਅੰਦਰ ਬੈਠਾ ਤਾਕੀ ਰਾਹੀਂ ਸਭ ਕੁਝ ਸੁਣ ਰਿਹਾ ਸੀ ਅੱਗ ਬਗੂਲਾ ਹੁੰਦਿਆਂ ਨੰਗਾ ਲੋਡਿਡ ਰਿਵਾਲਵਰ ਲੈਕੇ ਬਾਹਰ ਨਿਕਲਦਿਆਂ ਗਰਜਿਆ ਕਿ

"ਤੁਮਨੇ ਹਿੰਮਤ ਕੈਸੇ ਕੀ ਹਮਾਰੇ ਫਾਰਮ ਹਾਊਸ ਪਰ ਬਿਨਾਂ ਇਜਾਜ਼ਤ ਆਨੇ ਕੀ।"

"ਹਰ ਪਾਰਟੀ ਕੋ ਕਿਸੀ ਭੀ ਗਾਓਂ ਮੇਂ ਜਾਕਰ ਅਪਨੀ ਬਾਤ ਕਰਨੇ ਕਾ, ਅਪਨੀ ਪਾਰਟੀ ਕੀ ਵਿਚਾਰਧਾਰਾ ਕਾ ਪਰਚਾਰ ਕਰਨੇ ਕਾ ਹੱਕ ਹੈ- ਮੈਂ ਆਖਿਆ।

"ਯੇਹ ਕੋਈ ਗਾਓਂ ਨਹੀਂ, ਯੇਹ ਹਮਾਰਾ ਫਾਰਮ ਹਾਊਸ ਹੈ, ਅਰ ਯੇਹ ਸਭ ਹਮਾਰੇ ਨੌਕਰ ਹੈਂ। ਹਮ ਜਹਾਂ ਚਾਹਾਂਗੇ ਯੇਹ ਉਧਰ ਹੀ ਵੋਟ ਡਾਲੇਂਗੇ।ਇਨ ਕੀ ਕਯਾ ਔਕਾਤ ਹੈ ਹਮਾਰੇ ਕਹਨੇ ਸੇ ਬਾਹਰ ਚਲੇ ਜਾਏਂ। ਉਹ ਹੰਕਾਰੀ ਅੰਦਾਜ਼ ਚ ਆਖਣ ਲੱਗਾ।

ਮਹੌਲ ਪੂਰੀ ਤਰ੍ਹਾਂ ਨਾ ਖੁਸ਼ਗਵਾਰ ਹੋ ਚੁਕਾ ਸੀ ਪਰ ਮੇਰੇ ਸਾਥੀ ਪੂਰੇ ਚੁਕੰਨੇ ਹੋ ਚੁਕੇ ਸਨ। ਅਸੀਂ ਤਾ ਆਪਣਾ ਕੰਮ ਕਰ ਚੁੱਕੇ ਸਾਂ, ਤੀਰ ਕਮਾਨ ਚੋਂ ਨਿਕਲ ਕੇ ਨਿਸ਼ਾਨੇ ਤੇ ਲੱਗ ਚੁੱਕਾ ਸੀ। ਠਾਕੁਰ ਦੀ ਤਿਲਮਲਾਹਟ ਦੇਖ ਕੇ ਸਾਨੂੰ ਮਨ ਹੀ ਮਨ ਖੁਸ਼ੀ ਮਿਲ ਰਹੀ ਸੀ। ਅਸੀਂ ਆਕਾਸ਼ ਗੁੰਜਾਊ ਨਾਅਰੇ ਮਾਰਦੇ ਉਥੋਂ ਨਿਕਲ ਆਏ। ਸਥਾਨਕ ਸਾਥੀਆਂ ਨੇ ਹੱਥ ਹਿਲਾ ਕੇ ਦਿਤੀ ਵਿਦਾਇਗੀ ਸਲਾਮੀ ਵਾਂਗ ਜਾਪਦੀ ਸੀ ਤੇ ਇਉਂ ਲੱਗਿਆ ਜਿਵੇਂ ਕਹਿ ਰਹੇ ਹੋਣ - ਅਭੀ ਤੋ ਲੀ ਅੰਗੜਾਈ ਹੈ।

ਆਗੇ ਔਰ ਲੜਾਈ ਹੈ।

# ਲੈਚੀਆਂ ਦੀ ਮਹਿਕ ਵਰਗਾ ਗੀਤਕਾਰ-ਸੁੱਖਪਾਲ ਔਜਲਾ





ਅਜੋਕੇ ਦੌਰ ਵਿੱਚ ਜਦੋਂ ਗਾਇਕੀ, ਕਲਾ ਨਾ ਹੋ ਕੇ ਸਿਰਫ ਮੰਡੀ ਵਿੱਚ ਵਿਕਣ ਵਾਲੀ ਸ਼ੈਅ ਬਣ ਗਈ ਹੈ ਤੇ ਗੀਤਕਾਰੀ ਰੂਹਾਨੀ ਨਾ ਰਹਿਕੇ ਸਿਰਫ ਕੁਝ ਬੋਲਾਂ ਦੇ ਹਿੱਟ ਹੋਣ ਤੱਕ ਸੀਮਤ ਹੋ ਚੁੱਕੀ ਹੈ ਤਾਂ ਅਜਿਹੇ ਦੌਰ ਵਿੱਚੋਂ ਸੁਣਨਯੋਗ ਗੀਤਕਾਰੀ ਕਰਨ ਵਾਲੇ ਗੀਤਕਾਰਾਂ ਦੀ ਕਲਾ ਦਾ ਅਨੰਦ ਮਾਣਨਾ ਦੁਰਲੱਭ ਪ੍ਰਤੀਤ ਹੁੰਦਾ ਹੈ। ਪਰ ਅਜਿਹੇ ਸਮੇਂ ਵੀ ਜਿਹੜੇ ਗੀਤਕਾਰ ਸਾਫ ਸੁਥਰੀ ਤੇ ਰੂਹਾਨੀ ਗੀਤਕਾਰੀ ਨੂੰ ਪ੍ਰਣਾਏ ਹੋਏ ਹਨ ਉਹਨਾਂ ਵਿੱਚੋਂ ਇੱਕ ਉੱਘੜਵਾਂ ਨਾਮ ਹੈ ਸੁੱਖਪਾਲ ਔਜਲਾ। ਸੁੱਖਪਾਲ ਨੇ ਵੀਹ ਕੁ ਸਾਲ ਪਹਿਲਾਂ ਗੀਤਕਾਰੀ ਵਿੱਚ ਹੱਥ ਅਜਮਾਉਣਾ ਸ਼ੁਰੂ ਕੀਤਾ ਪਰ ਉਹਦੇ ਗੀਤ 2008 ਵਿੱਚ ਰਿਕਾਰਡ ਹੋਣੇ ਸ਼ੁਰੂ ਹੋਏ। ਮਨਮੋਹਣ ਵਾਰਿਸ,ਕਮਲ ਹੀਰ,ਮੁਰਾਤਬ ਅਲੀ, ਨਸੀਬੋ ਲਾਲ (ਪਾਕਿਸਤਾਨੀ ਸਿੰਗਰ), ਸੁਰਿੰਦਰ ਲਾਡੀ, ਲੋਪੋਕੇ ਬ੍ਰਦਰਜ਼, ਰਣਜੀਤ ਰਾਣਾ ਤੇ ਜੈਲੀ ਤੋਂ ਇਲਾਵਾ ਅਨੇਕਾਂ ਗਾਇਕਾਂ ਨੇ ਉਹਦੇ ਕੋਈ 80 ਤੋਂ ਵੱਧ ਗੀਤ ਰਿਕਾਰਡ ਕਰਵਾਏ ਤੇ ਸਰੋਤਿਆਂ ਨੇ ਉਹਦੀ ਗੀਤਕਾਰੀ ਦਾ ਅਨੰਦ ਮਾਣਦਿਆਂ ਸੁੱਖਪਾਲ ਨੂੰ ਮਣਾਂ ਮੂਹੀਂ ਪਿਆਰ ਦਿੱਤਾ। ਗੀਤਾਂ ਵਿੱਚ ਉਹਦੀ .ਖਾਲਸ ਲੇਖਣੀ ਅਤੇ ਵਰਤੇ ਸਿੱਧ ਪੱਧਰੇ ਅਲੰਕਾਰ ਅਛੋਪਲੇ ਹੀ ਬੰਦੇ ਦਾ ਮਨ ਮੋਹ ਲੈਂਦੇ ਹਨ। ਅੱਖਾਂ ਉਹਲੇ ਜਾਂ ਬੀਤੇ ਵਿੱਚ ਵਾਪਰੇ ਦ੍ਰਿਸ਼ ਦਾ ਉਹ ਗੀਤ ਵਿੱਚ ਅਜਿਹਾ ਬਿਰਤਾਂਤ ਲਿਖਦਾ ਹੈ ਕਿ ਰੂਹ ਨਸ਼ਿਆ ਜਾਂਦੀ ਹੈ। ਅੱਲੜ ਅਤੇ ਮਾਸੂਮ ਮੁਹੱਬਤ ਦੇ ਕੌੜੇ ਮਿੱਠੇ ਤਜਰਬੇ ਉਹਦੇ ਗੀਤਾਂ ਦੇ ਮੁੱਖੜੇ ਬਣਦੇ ਹਨ। ਮੇਲ ਅਤੇ ਵਿਛੋੜੇ ਦੇ ਅਣਮੁੱਲੇ ਛਿਣਾਂ ਨੂੰ ਉਹ ਅਹਿਸਾਸਾਂ ਦੀ ਅਜਿਹੀ ਪਾਣ ਚਾੜ੍ਹਦਾ ਹੈ ਕਿ ਉਹਦੇ ਗੀਤਾਂ ਦੇ ਬੋਲ ਸਰੋਤੇ ਦੀ ਰੂਹ ਤੱਕ ਪਹੁੰਚ ਤਿੱਖੀਆਂ ਛੁਰੀਆਂ ਵੀ ਚਲਾਉਂਦੇ ਹਨ ਤੇ ਦਰਦ ਵੀ ਨਹੀਂ ਹੋਣ ਦਿੰਦੇ। ਮਨਮੋਹਣ ਵਾਰਿਸ ਵਲੋਂ ਗਾਇਆ ਉਹਦਾ

"ਆਉਂਦੀ ਜਾਂਦੀ ਛਾਵੇਂ ਬਹਿ ਗਈ,
ਜਦ ਜੀ ਕੀਤਾ ਛਾਂਗ ਕੇ ਲੈ ਗਈ।
ਉਸ ਰੁੱਖ ਨੂੰ ਵੱਢਕੇ ਧੁੱਪੇ ਚਿਹਰਾ ਲੂਸ ਹੋ ਰਿਹਾ ਏ,
ਦੱਸ ਸਾਨੂੰ ਛੱਡਕੇ ਕਿੱਦਾਂ ਦਾ ਮਹਿਸੂਸ ਹੋ ਰਿਹਾ ਏ"

ਗੀਤ, ਬੀਤੇ ਵੇਲੇ ਅਤੇ ਅੱਜ ਦੇ ਹਾਲਾਤਾਂ ਵਿਚਕਾਰ ਜਖਮੀ ਹੋ ਗਏ ਦਿਲ ਵਲੋਂ ਕੀਤੀ ਸਮੀਖਿਆ ਦੀ ਸਿਖਰ ਹੈ। ਆਪਣੇ ਬੀਤੇ ਪਿਆਰ ਉੱਤੇ ਮਿੱਠੇ ਜਿਹੇ ਮਾਣ ਦਾ ਅਹਿਸਾਸ ਕਰਾਉਂਦਾ ਟੋਟਲ ਐਂਟਰਟੇਨਮੈਂਟ ਵਲੋਂ ਪ੍ਰੋਡਿਊਸ ਕੀਤਾ ਉਹਦਾ ਲਿਖਿਆ ਤੇ ਵਾਰਿਸ ਵਲੋਂ ਹੀ ਗਾਇਆ

"ਮਿਲ ਨਹੀਂ ਸਕਦੀ, ਪਰ ਮਿਲਣਾ ਤਾਂ ਚਾਹੁੰਦੀ ਹੋਣੀ ਆਂ
ਲਿਖਕੇ ਦੇ ਸਕਦੇ ਆਂ, ਯਾਦ ਤਾਂ ਆਉਂਦੀ ਹੋਣੀ ਆਂ।

ਗੀਤ ਵੀ ਦਿਲਾਂ ਨੂੰ ਧੂਹ ਪਾਉਂਦਾ ਹੈ।

ਕਮਲ ਹੀਰ ਵਲੋਂ ਗਾਏ ਉਹਦੇ ਗੀਤ

"ਮੇਰਾ ਦਿਲ ਨਹੀਂ ਮੰਨਦਾ
ਉਹ ਕੁੜੀ ਮੈਨੂੰ ਪਿਆਰ ਨਹੀਂ ਕਰਦੀ ਸੀ"

ਅਤੇ

"ਕਹਿੰਦੀ ਏਦਾਂ ਚੇਤੇ ਕਰੀਂ
ਪਤਾ ਕਿਸੇ ਨੂ ਨਾ ਲੱਗੇ"

ਵੀ ਸਿਰੇ ਦੇ ਮਕਬੂਲ ਗੀਤ ਨੇ।

2009 ਵਿੱਚ ਭਾਵੇਂ ਉਹ ਫਰਨਡੇਲ ਵਾਸ਼ਿੰਗਟਨ (ਅਮਰੀਕਾ)ਆਣ ਵੱਸਿਆ ਪਰ ਉਹਨੇ ਆਪਣੀ ਗੀਤਕਾਰੀ ਵਾਲਾ ਜਨੂੰਨ ਮੱਠਾ ਨਹੀਂ ਪੈਣ ਦਿੱਤਾ। ਸੁਹਜ ਅਤੇ ਅਹਿਸਾਸ ਜਿੱਥੇ ਉਹਦੇ ਗੀਤਾਂ ਦਾ ਸ਼ਿੰਗਾਰ ਨੇ ਉੱਥੇ ਉਹ ਆਪਣੇ ਗੀਤਾਂ ਵਿਚਲੀ ਮਾਸੂਮੀਅਤ ਅਤੇ ਜ਼ਿੰਦਾਦਿਲੀ ਨੂੰ ਵੀ ਬਰਕਰਾਰ ਰੱਖਦਾ ਹੈ। ਨਿਕੀਆਂ ਚੋਟਾਂ ਅਤੇ ਸ਼ਰਾਰਤਾਂ ਵੀ ਉਹਦੇ ਗੀਤਾਂ ਨੂੰ ਤਾਜ਼ਗੀ ਬਖਸਦੀਆਂ ਨੇ। ਨਸੀਬੋ ਲਾਲ ਦੇ ਗਾਏ"ਗੱਲ ਸੁਣ ਭੂਰੀਆਂ ਅੱਖਾਂ ਦੇ ਵਿੱਚ ਵੱਸਣ ਵਾਲਿਆ ਵੇ,
ਤੜਪ ਤੜਪ ਕੇ ਨਿੱਕਲੂ ਐਸਾ ਸੁਰਮਾ ਪਾਵਾਂਗੇ"

ਉਹਦੇ ਗੀਤ ਨੂੰ ਦੋਵਾਂ ਪੰਜਾਬਾਂ ਵਿੱਚ ਬੜੀ ਮਕਬੂਲੀਅਤ ਮਿਲੀ। ਗੀਤਕਾਰੀ ਦੇ ਨਾਲ ਨਾਲ ਸੁੱਖਪਾਲ ਨੂੰ ਗਾਉਣ ਦਾ ਵੀ ਸ਼ੌਕ ਹੈ ਤੇ ਉਹ ਆਪਣੇ ਕਈ ਗੀਤ ਆਪ ਰਿਕਾਰਡ ਵੀ ਕਰਵਾ ਚੁੱਕੈ।




ਉਹਦਾ ਬਹੁਚਰਚਿਤ ਗੀਤ "ਜਦ ਮਰਜ਼ੀ ਕਰ ਲਈ ਫੋਨ ਨੰਬਰ ਪੁਰਾਣਾ ਈ ਚੱਲਦਾ"ਨੌਜਵਾਨਾਂ ਦੇ ਦਿਲ ਦੀ ਧੜਕਨ ਬਣਿਆਂ। ਟੋਟਲ ਐਟਰਟੇਨਮੈਂਟ ਦੇ ਪ੍ਰੋਡਿਊਸਰ ਅਵਤਾਰ ਲਾਖਾ ਵਲੋਂ ਰਲੀਜ਼ ਉਹਦਾ ਨਵਾਂ ਗੀਤ"ਹਾਲੇ ਤੱਕ ਵੀ ਕੋਲ ਆ ਮੇਰੇ ਧਾਗੇ ਤੇਰੀ ਚੁੰਨੀ ਦੇ" ਨੂੰ ਦਰਸ਼ਕਾਂ ਨੇ ਅੰਤਾਂ ਦਾ ਪਿਆਰ ਦਿੱਤਾ। ਟੋਟਲ ਇੰਟਰਟੇਨਮੈਂਟ ਦੇ ਬੈਨਰ ਥੱਲੇ ਹੀ ਸੁੱਖਪਾਲ ਔਜਲਾ ਦਾ ਲਿਖਿਆ ਨਵਾਂ ਗੀਤ ਪਾਲ ਸਿੰਘ ਸਮਾਓਂ ਅਤੇ ਗੁਰਲੇਜ਼ ਅਖਤਰ ਦੀ ਆਵਾਜ਼ ਵਿੱਚ "ਲੈ ਦੇ ਮੈਨੂੰ ਸੂਟ ਜੌਰ ਜਟ ਦਾ" ਆਉਦੀ 5 ਸਤੰਬਰ ਦਿਨ ਸ਼ਨੀਵਾਰ ਨੂੰ PTC, PTC Chakde ਅਤੇ Zee Punjabi ਅਤੇ ਯੂਟਿਊਬ ਉੱਤੇ ਵਰਲਡ ਵਾਈਡ ਰਲੀਜ਼ ਹੋਣ ਜਾ ਰਿਹਾ ਹੈ। ਜਿਸਨੂੰ ਸੰਗੀਤ ਦਿੱਤਾ ਹੈ ਮਿਊਜ਼ਕ ਐਮਪਾਇਰ ਨੇ ਅਤੇ ਵੀਡੀਓ ਬਣਾਈ ਹੈ ਸਟਾਲਨਵੀਰ ਨੇ। ਸੁੱਖਪਾਲ ਅਤੇ। ਪ੍ਰੋਡਿਊਸਰ ਅਵਤਾਰ ਲਾਖਾ ਨੂੰ ਇਸਤੋਂ ਬੜੀਆਂ ਆਸਾਂ ਨੇ।

**-ਜਸਵੰਤ ਸਿੰਘ ਸ਼ਾਦ**

# ਮੂਧੇ-ਮੂੰਹ ਗਿਰੀ ਭਾਰਤੀ ਅਰਥਵਿਵਸਥਾ ਨੂੰ ਕਿਵੇਂ ਸੰਭਾਲਿਆ ਜਾਵੇ?



**ਡਾ. ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਹਾਲ ਵਿਚ ਹੀ ਕੌਮੀ ਅੰਕੜਾ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਅਪ੍ਰੈਲ-ਜੂਨ 2020 ਦੀ ਤਿਮਾਹੀ ਦੌਰਾਨ ਭਾਰਤ ਦਾ ਕੁੱਲ ਘਰੇਲੂ ਉਤਪਾਦ 23.9 ਸੁੰਗੜ ਗਿਆ ਹੈ। ਭਾਰਤ ਵਿਚ 1996 ਤੋਂ ਜਾਰੀ ਕੀਤੇ ਜਾਂਦੇ ਕੁੱਲ ਘਰੇਲੂ ਉਤਪਾਦ ਦੇ ਅੰਕੜਿਆਂ ਅਨੁਸਾਰ ਇਸ ਤਿਮਾਹੀ ਦਾ ਇਹ ਸੰਗੋੜ ਸਭ ਤੋਂ ਜ਼ਿਆਦਾ ਹੈ। ਮੁਲਕ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਸੰਗੋੜ ਨੂੰ 'ਰੱਬ ਦਾ ਕਹਿਰ' ਹੀ ਗਰਦਾਨ ਦਿੱਤਾ ਹੈ। ਦੁਨੀਆ ਦੇ ਵੱਖ-ਵੱਖ ਧਰਮਾਂ ਅਨੁਸਾਰ ਰੱਬ ਕਿਸੇ ਨਾਲ ਵੀ ਪੱਖਪਾਤ ਨਹੀਂ ਕਰਦਾ। ਜੇਕਰ ਇਹ ਆਰਥਿਕ ਸੰਗੋੜ 'ਰੱਬ ਦਾ ਕਹਿਰ' ਹੁੰਦਾ ਤਾਂ ਸਾਰੇ ਮੁਲਕਾਂ ਲਈ ਇਕੋ-ਜਿਹਾ ਹੁੰਦਾ, ਪਰ ਅੰਕੜੇ ਦੱਸਦੇ ਹਨ ਕਿ ਅਜਿਹਾ ਨਹੀਂ ਹੈ। ਇਹ ਆਰਥਿਕ ਸੰਗੋੜ ਅਮਰੀਕਾ ਵਿਚ 32.9 ਫ਼ੀਸਦ, ਇੰਗਲੈਂਡ ਵਿਚ 20.4 ਫ਼ੀਸਦ, ਫਰਾਂਸ ਵਿਚ 13.8 ਫ਼ੀਸਦ, ਇਟਲੀ ਵਿਚ 12.4 ਫ਼ੀਸਦ, ਕੈਨੇਡਾ ਵਿਚ 12 ਫ਼ੀਸਦ, ਜਰਮਨੀ ਵਿਚ 10.1 ਫ਼ੀਸਦ ਅਤੇ ਜਪਾਨ ਵਿਚ 7.6 ਫ਼ੀਸਦ ਦਰਜ਼ ਕੀਤਾ ਗਿਆ ਹੈ, ਜਦੋਂ ਕਿ ਚੀਨ ਵਿਚ ਕੁੱਲ ਘਰੇਲੂ ਉਤਪਾਦ ਵਿਚ 3.2 ਫ਼ੀਸਦ ਵਾਧਾ ਦਰਜ ਕੀਤਾ ਗਿਆ ਹੈ। ਮੁਲਕ ਦੇ ਹੁਕਮ-ਰਾਨਾਂ ਨੂੰ ਅਮਰੀਕਾ ਦੇ ਅੰਕੜੇ ਤੋਂ ਇਸ ਲਈ ਖੁਸ਼ ਨਹੀਂ ਹੋ ਜਾਣਾ ਚਾਹੀਦਾ ਕਿ ਸਾਡੇ ਮੁਲਕ ਵਿਚ ਆਰਪਥਕ ਸੰਗੋੜ ਉਸ ਉੱਨਤ ਮੁਲਕ ਤੋਂ ਕਾਫ਼ੀ ਘੱਟ ਹੈ। ਇਸ ਸੰਬੰਧ ਵਿਚ ਇਹ ਤੱਥ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਦੁਨੀਆ ਦੇ ਉੱਨਤ ਮੁਲਕਾਂ ਵਿਚ ਆਰਥਿਕ ਸੰਗੋੜ ਆਉਣ ਦੇ ਬਾਵਜੂਦ ਉੱਥੋਂ ਦੇ ਹੁਕਮ-ਰਾਨਾਂ ਨੇ ਆਮ ਲੋਕਾਂ ਕਿਵੇਂ ਨੂੰ ਰਾਹਤ ਵੱਡੇ ਪੱਧਰ ਉੱਤੇ ਦਿਤੀ ਅਤੇ ਲਗਾਤਾਰ ਦੇ ਰਹੇ ਹਨ। ਇਸ ਸੰਬੰਧ ਵਿਚ ਕੈਨੇਡਾ ਦੇ ਹੁਕਮਰਾਨਾਂ ਦੇ ਲੋਕ ਭਲਾਈ ਕੰਮਾਂ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ ਕਿ ਉਸ ਮੁਲਕ ਦੇ ਹੁਕਮਰਾਨਾਂ ਨੇ ਉੱਥੋਂ ਦੇ ਆਪਣੇ ਲੋਕਾਂ ਤੋਂ ਬਿਨਾ ਬਾਹਰਲੇ ਮੁਲਕਾਂ ਦੇ ਉੱਥੇ ਗਏ ਵਿਦਿਆਰਥੀਆਂ ਦੀ ਵੀ ਮਦਦ ਕੀਤੀ ਹੈ।

ਕਿਸੇ ਵੀ ਮੁਲਕ ਵਿਚ ਉੱਥੋਂ ਦੇ ਕੁੱਲ ਘਰੇਲੂ ਉਤਪਾਦ ਵਿਚ ਵਾਧਾ ਜਾਂ ਸੰਗੋੜ ਉਸ ਮੁਲਕ ਦੀ ਆਰਥਿਕ ਤਰੱਕੀ ਦੀ ਦਰ (ਜਮ੍ਹਾਂ ਜਾਂ ਮਨਫ਼ੀ) ਨੂੰ ਦਰਸਾਉਂਦਾ ਦੱਸਿਆ ਜਾਂਦਾ ਹੈ। ਜਮ੍ਹਾਂ ਆਰਥਿਕ ਵਿਕਾਸ ਦਰ ਮਹੱਤਵਪੂਰਨ ਹੁੰਦੀ ਹੈ, ਪਰ ਇਸ ਤੋਂ ਕਿਤੇ ਵੱਧ ਮਹੱਤਵਪੂਰਨ ਇਹ ਤੱਥ ਜਾਣਨੇ ਜ਼ਰੂਰੀ ਹੁੰਦੇ ਹਨ ਕਿ ਆਰਥਿਕ ਵਿਕਾਸ ਕਿਵੇਂ ਅਤੇ ਕੀਹਨਾਂ ਲਈ ਹੋ ਰਿਹਾ ਹੈ। ਜੇਕਰ ਮੁਲਕ ਵੀ ਆਰਥਿਕ ਵਿਕਾਸ ਦਰ ਉੱਥੋਂ ਦੀ ਅਬਾਦੀ ਵਾਧਾ ਦਰ ਨਾਲੋਂ ਵੱਧ ਹੋਵੇ ਤਾਂ ਇਸ ਨੂੰ ਚੰਗਾ ਮੰਨਿਆ ਜਾ ਸਕਦਾ ਹੈ, ਪਰ ਇਸ ਸੰਬੰਧ ਵਿਚ ਵੀ ਇਹ ਜਾਨਣਾ ਜ਼ਰੂਰੀ ਹੋ ਜਾਂਦਾ ਹੈ ਕਿ ਅਜਿਹਾ ਕਰਦੇ ਹੋਏ ਕਿਤੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਸੇ ਦੇ ਸਾਧਨਾਂ ਦੀ ਕੁ-ਵਰਤੋਂ ਜਾਂ ਵਰਤਮਾਨ ਪੀੜ੍ਹੀ ਦੇ ਲੋਕਾਂ ਲਈ ਅਸਿਹ ਸਮੱਸਿਆਵਾਂ ਤਾਂ ਪੈਦਾ ਨਹੀਂ ਕਰ ਰਹੇ ਹਾਂ।

ਭਾਰਤ ਨੇ ਅਜ਼ਾਦ ਹੋਣ ਤੋਂ ਬਾਅਦ ਆਰਥਿਕ ਵਿਕਾਸ ਕੀਤਾ। ਮੁਲਕ ਵਿਚ 1991 ਤੋਂ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਤੋਂ ਬਾਅਦ ਕੁਝ ਸਮੇਂ ਲਈ ਤਾਂ ਭਾਰਤ ਦੀ ਆਰਥਿਕ ਵਿਕਾਸ ਦਰ ਦੁਨੀਆ ਦੇ ਬਹੁਤ ਹੀ ਜ਼ਿਆਦਾ ਮੁਲਕਾਂ ਤੋਂ ਬਹੁਤ ਹੀ ਉੱਚੀ ਰਹੀ ਜਿਸ ਲਈ ਮੁਲਕ ਦੇ ਹੁਕਮਰਾਨ ਵੱਖ ਵੱਖ ਸਮਿਆਂ ਉੱਪਰ ਆਪਣੀ ਪਿੱਠ ਆਪ ਹੀ ਥਪਥਪਾਉਂਦੇ ਥੱਕਦੇ ਨਹੀਂ ਸਨ। ਪ੍ਰਾਪਤ ਕੀਤੀ ਗਈ ਇਸ ਉੱਚੀ ਵਿਕਾਸ ਦਰ ਲਈ ਜਿਹੜੀ ਕੀਮਤ ਦਿੱਤੀ ਗਈ ਉਸ ਵੱਲ ਨਿਗਾਹ ਮਾਰਨੀ ਬਣਦੀ ਹੈ।

ਕਿਸੇ ਵੀ ਮੁਲਕ ਵਿਚ ਜੰਗਲਾਂ ਥੱਲੇ ਰਕਬਾ ਉਸ ਦੇ ਕੁੱਲ ਰਕਬੇ ਦਾ ਇਕ-ਤਿਆਹੀ ਹੋਣਾ ਚਾਹੀਦਾ ਹੈ ਤਾਂ ਕਿ ਉੱਥੋਂ ਦਾ ਵਾਤਾਵਰਨ ਸ਼ੁੱਧ ਰਹਿ ਸਕੇ ਅਤੇ ਜੰਗਲੀ ਜੀਵਾਂ ਦਾ ਗੁਜ਼ਾਰਾ ਠੀਕ ਤਰ੍ਹਾਂ ਹੋ ਸਕੇ। ਭਾਰਤ ਵਿਚ ਤੇਜ਼ ਆਰਥਿਕ ਦਰ ਪ੍ਰਾਪਤ ਕਰਨ ਲਈ ਜੰਗਲਾਂ ਦੀ ਕਟਾਈ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਤਰੀਕਿਆਂ ਨਾ.ਲ ਜੰਗਲਾਂ ਦਾ ਸਫ਼ਾਇਆ ਵੱਡੇ ਪੱਧਰ ਉੱਪਰ ਕੀਤਾ ਜਾ ਰਿਹਾ ਅਤੇ ਵਰਤਮਾਨ ਸਮੇਂ ਦੌਰਾਨ ਸਰਕਾਰੀ ਅੰਕੜਿਆਂ ਅਨੁਸਾਰ ਮੁਲਕ ਵਿਚ ਜੰਗਲਾਂ ਅਧੀਨ ਰਕਬਾ 21.67 ਫ਼ੀਸਦ ਹੈ ਅਤੇ ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਵਿਚ ਜੰਗਲਾਂ ਦੀ ਕਟਾਈ ਇਸ ਹੱਦ ਤੱਕ ਕੀਤੀ ਗਈ ਹੈ ਕਿ ਵਰਤਾਮਨ ਸਮੇਂ ਦੌਰਾਨ ਇਸ ਸੂਬੇ ਵਿਚ ਜੰਗਲਾਂ ਥੱਲੇ ਰਕਬਾ ਸਿਰਫ਼ 3.67 ਫ਼ੀਸਦ ਹੈ ਜੋ ਵੱਖ ਵੱਖ ਅਸਹਿ ਸਮੱਸਿਆਵਾ ਪੈਦਾ ਕਰ ਰਿਹਾ ਹੈ। ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕੀਤੀ ਗਈ। ਇੱਥੋਂ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀ ਮਿਹਨਤ ਅਤੇ ਅਮੀਰ ਕੁਦਰਤੀ ਸਾਧਨਾਂ ਦੀ ਵਰਤੋਂ ਨਾ.ਲ ਸ਼ੁਰੂ ਵਿਚ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਇਤਨਾ ਵਾਧਾ ਹੋਇਆ ਕਿ ਉਸ ਸਮੇਂ ਦੀ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ। ਕੇਂਦਰ ਸਰਕਾਰ ਨੇ ਪੰਜਾਬ ਦੀ ਇਸ ਕਾਮਯਾਬੀ ਨੂੰ ਦੇਖਦੇ ਹੋਏ ਮੁਲਕ ਦੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਹੋਰ ਸਾਉਣੀ ਦੀਆਂ ਖੇਤੀਬਾੜੀ ਜਿਨਸਾਂ ਦੇ ਮੁਕਾਬਲੇ ਵੱਧ ਰੱਖਕੇ ਅਤੇ ਉਸ ਉੱਪਰ ਝੋਨੇ ਦੀ ਖ਼ਰੀਦ ਯਕੀਨੀ ਬਣਾਕੇ ਇਸ ਫ਼ਸਲ ਪੰਜਾਬ ਦੇ ਸਿਰ ਥੋਪ ਦਿੱਤੀ।



ਝੋਨੇ ਦੀ ਫ਼ਸਲ ਲਈ ਸਿੰਚਾਈ ਦੀ ਲੋੜ ਸਾਉਣੀ ਦੀਆਂ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੋਣ ਕਾਰਨ ਪੰਜਾਬ ਵਿਚ ਟਿਊਵੈੱਲਾਂ ਦੀ ਜਿਹੜੀ ਗਿਣਤੀ 1960-61 ਦੌਰਾਨ ਸਿਰਫ਼ 7445 ਸੀ ਵਧਕੇ 15 ਲੱਖ ਦੇ ਕਰੀਬ ਹੋ ਗਈ ਹੈ। ਇਸ ਦੇ ਨਤੀਜੇ ਵਜੋਂ ਇਸ ਸੂਬੇ ਦੇ 75 ਫ਼ੀਸਦ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਇਤਨਾ ਥੱਲੇ ਚਲਾ ਗਿਆ ਹੈ ਕਿ ਉੱਥੇ ਮੋਨੋਬਲਾਕ ਮੋਟਰਾਂ ਕੰਮ ਛੱਡ ਗਈਆਂ ਜਿਸ ਦੇ ਨਤੀਜੇ ਵਜੋਂ ਕਿਸਾਨਾਂ ਨੂੰ ਸਬਮਰਸੀਬਲ ਮੋਟਰਾਂ ਮਜ਼ਬੂਰੀਵੱਸ ਲਵਾਉਣੀਆਂ ਪਈਆਂ ਹਨ ਜਿਨ੍ਹਾਂ ਉੱਪਰ ਵਧੇ ਖ਼ਰਚੇ ਕਿਸਾਨਾਂ ਸਿਰ ਕਰਜ਼ੇ ਦਾ ਇਕ ਕਾਰਨ ਬਣੇ ਹਨ। 'ਖੇਤੀਬਾੜੀ ਦੀ ਨਵੀਂ ਜੁਗਤ' ਅਧੀਨ ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਰਸਾਇਣਿਕ ਖਾਦਾਂ ਅਤੇ ਹੋਰ ਰਸਾਇਣਾਂ ਦੀ ਵਰਤੋਂ ਕਾਰਨ ਪੰਜਾਬ ਦੇ ਰੋਮ ਰੋਮ ਵਿਚ ਜ਼ਹਿਰ ਭਰਿਆ ਪਿਆ ਹੈ ਅਤੇ ਇੱਥੋਂ ਦੀ ਧਰਤੀ ਦੀ ਸਿਹਤ ਵਿਚ ਵੀ ਵੱਡੇ ਪੱਧਰ ਉੱਪਰ ਵਿਗਾੜ ਆ ਰਹੇ ਹਨ। 'ਨਫ਼ੇ ਦੀ ਰੂਹ' ਵਾ.ਲੀ ਖੇਤੀਬਾੜੀ ਦੀ ਇਹ ਜੁਗਤ ਨੇ ਭਾਵੇਂ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਿਚ ਤਾ ਅਥਾਹ ਵਾਧਾ ਕੀਤਾ, ਪਰ ਇਸ ਨੇ ਪੇਂਡੂ ਪੰਜਾਬ ਵਿਚ ਸਮਾਜਿਕ-ਸਭਿਆਚਾਰਕ ਪੱਖਾਂ ਨੂੰ ਬਹੁਤ ਹੀ ਜ਼ਿਆਦਾ ਨੀਵੇਂ ਪੱਧਰ ਉੱਪਰ ਵੀ ਲਿਆਂਦਾ ਹੈ।

1950-51 ਦੌਰਾਨ ਭਾਰਤ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ ਅਬਾਦੀ 82 ਫ਼ੀਸਦ ਸੀ ਜਿਸ ਨੂੰ ਉਸ ਸਮੇਂ ਦੀ ਰਾਸ਼ਟਰੀ ਆਮਦਨ ਵਿੱਚੋਂ 55 ਫ਼ੀਸਦ ਹਿੱਸਾ ਦਿੱਤਾ ਗਿਆ। ਭਾਵੇਂ ਵਰਤਮਾਨ ਸਮੇਂ ਦੌਰਾਨ ਮੁਲਕ ਦੀ ਅਬਾਦੀ ਦੀ ਖੇਤੀਬਾੜੀ ਖੇਤਰ ਉੱਪਰ ਨਿਰਭਰਤਾ ਘਟਕੇ 50 ਫ਼ੀਸਦ ਦੇ ਰਹਿ ਗਹੀ ਹੈ, ਪਰ ਇਸ ਅੱਧੀ ਅਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਸਿਰਫ਼ 15 ਫ਼ੀਸਦ ਦੇ ਕਰੀਬ ਹੀ ਹਿੱਸਾ ਦਿੱਤਾ ਜਾ ਰਿਹਾ ਹੈ। ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਲਗਭਗ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚਕਾਰ ਜੰਮਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚਕਾਰ ਔਖੀ ਦਿਨਕਟੀ ਕਰਦੇ ਹਨ ਅਤੇ ਆਉਣ ਵਾ.ਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗਰੀਬੀ ਛੱਡਕੇ ਜਾਂ ਤਾਂ ਤੰ-ਗੀਆਂ-ਤੁਰਸੀਆਂ ਵਾ.ਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ।

ਭਾਰਤ ਵਿਚ ਕੁੱਲ ਕਿਰਤ ਸ਼ਕਤੀ ਦਾ 92.8 ਫ਼ੀਸਦ ਹਿੱਸਾ ਗ਼ੈਰ-ਰਸਮੀ ਰੁਜ਼ਗਾਰ ਵਿਚ ਦਿਨਕਟੀ ਕਰ ਰਿਹਾ ਹੈ। ਇਨ੍ਹਾਂ ਗ਼ੈਰ-ਰਸਮੀ ਕਿਰਤੀਆਂ ਦੀ ਬੱਝਵੀਂ ਤਨਖਾਹ, ਉਸ ਉਪਰ ਡੀ.ਏ. ਅਤੇ ਹੋਰ ਭੱਤੇ, ਸਹੂਲਤਾਂ ਤਾਂ ਕਿੱਥੇ ਹੋਣੇ ਹਨ, ਇਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਮੰਗਣ ਉੱਪਰ ਇਕ ਦਿਨ ਦਾ ਕੰਮ ਮਿਲੇਗਾ ਵੀ ਕਿ ਨਹੀਂ। ਕਰੋਨਾਵਾਇਰਸ ਦੀ ਮਹਾਮਾਰੀ ਨੇ ਇਨ੍ਹਾਂ ਕਿਰਤੀਆਂ ਲਈ 'ਕਾਰਪੋਰੇਟ ਸੋਸ਼ਲ ਜ਼ਿੰਮੇਵਾਰੀ' ਦੇ ਵਾਰ ਵਾਰ ਉੱਚੀ ਉੱਚੀ ਕੀਤੇ ਜਾਂਦੇ ਪਾਠ ਦਾ ਪਾਖੰਡ ਚਿੱਟੇ ਦਿਨ ਵਾਂਗ ਸਾਰਿਆਂ ਦੇ ਸਾਹਮਣੇ ਲਿਆ ਦਿੱਤਾ ਹੈ। ਇਸ ਮਹਾਮਾਰੀ ਕਾਰਨ ਰੁਜ਼ਗਾਰ ਨਾ ਮਿਲਣ ਕਾਰਨ ਪਰਵਾਸੀ ਮਜ਼ਦੂਰਾਂ ਦੇ ਕਾਫ਼ਲੇ 1500 ਕਿਲੋਮੀਟਰ ਤੱਕ ਦਾ ਸਫ਼ਰ ਪੈਦਲ ਤਹਿ ਕਰਦੇ, ਭੁੱਖੇ-ਪਿਆਸੇ ਰਹਿੰਦੇ, ਹਾਦਸਿਆਂ ਦੀ ਮਾਰ ਝੱਲਦੇ ਅਤੇ ਜ਼ਿੰਦਗੀ ਤੋਂ ਹੱਥ ਧੋਂਦੇ ਦੇਖੇ ਗਏ। ਜਿਹੜੀਆਂ ਕਾਰਪੋਰੇਸ਼ਨਾਂ/ਕੰਪਨੀਆਂ ਉਨ੍ਹਾਂ ਦੀਆਂ ਸਸਤੀਆਂ ਮਜ਼ਦੂਰੀ ਦਰਾਂ ਕਰਕੇ ਬਹੁਤ ਜ਼ਿਆਦਾ ਤੇਜ਼ੀ ਨਾ.ਲ ਮਾਲੋ-ਮਾਲ ਹੋਈਆਂ ਹਨ ਉਨ੍ਹਾਂ ਦੇ ਮਾਲਕਾਂ ਨੇ ਆਪਣੇ ਕਿਰਤੀਆਂ ਨੂੰ ਤਨਖਾਹ ਤਾਂ ਕੀ ਦੇਣੀ ਉਹ ਤਾਂ ਸਿਰਫ਼ 15 ਦਿਨਾਂ ਲਈ ਦੋ-ਡੰਗਾਂ ਦੀ ਰੋਟੀ ਵੀ ਨਹੀਂ ਦੇ ਸਕੇ।

ਪਿਛਲੇ ਸਮੇਂ ਦੌਰਾਨ ਉਦਯੋਗਿਕ ਖੇਤਰ ਨੇ ਬਹੁਤ ਤਰੱਕੀ ਕੀਤੀ, ਪਰ ਇਹ ਤਰੱਕੀ ਦੋ ਪੱਖਾਂ ਤੋਂ ਬਹੁਤ ਅਸਾਵੀਂ ਹੈ। ਪਹਿਲੇ, ਵੱਡੀਆਂ ਉਦਯੋਗਿਕ ਇਕਾਈਆਂ ਨੇ ਮੁਲਕ ਦੇ ਸਾਧਨਾਂ ਦੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਤਰੀਕਿਆ ਨਾ.ਲ ਵਰਤੋਂ ਕਰਕੇ ਸਫ਼ਲਤਾਵਾਂ ਦੀਆਂ ਬੁਲੰਦੀਆਂ ਨੂੰ ਛੂਹਿਆ, ਪਰ ਘਰੇਲੂ, ਲਘੂ, ਛੋਟੀਆਂ ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਆਮ ਕਰਕੇ ਅਣਦੇਖੀ ਕੀਤੀ ਗਈ। ਦੂਜੇ, ਉ-ਦਯੋਗੀਕਰਨ ਵਿਚ ਵਧ ਰਹੀ ਮਸ਼ੀਨਾਂ ਅਤੇ ਮਸਨੂਈ ਬੁੱਧੀ ਦੀ ਵਰਤੋਂ ਨੇ ਵੱਡੇ ਪੱਧਰ ਉੱਪਰ ਉਦਯੋਗਿਕ ਕਿਰਤੀਆਂ ਨੂੰ ਦੁਰਕਾਰਿਆਂ ਅਤੇ ਉਜਾੜਿਆ ਹੈ।

ਮੁ ਲਕ ਦੇ ਹੁਕਮਰਾਨ ਸੇਵਾਵਾਂ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰਨ ਦੇ ਦਾਅਵੇ ਕਰਦੇ ਭੋਰਾ ਵੀ ਥੱਕਦੇ ਨਹੀਂ। ਉਹ ਆਪਣੇ ਮੁਲਕ ਅਤੇ ਕੌਮਾਂਤਰੀ ਭਾਸ਼ਨਾਂ ਵਿਚ ਬਹੁ-ਤਾਰਾ ਹਸਪਤਾਲਾਂ, ਵਿ-ਦਅਕ ਸੰਸਥਾਵਾਂ ਆਦਿ ਦਾ ਜ਼ਿਕਰ ਕਰਦੇ ਹੋਏ ਬਾਹਰਲੇ ਮੁਲਕਾਂ ਤੋਂ ਇਹ ਸੇਵਾਵਾਂ ਲੈਣ ਵਾਲਿਆਂ ਦਾ ਜ਼ਿਕਰ ਕਰਨਾ ਕਦੇ ਵੀ ਨਹੀਂ ਭੁੱਲਦੇ, ਪਰ ਉਹ ਇਹ ਜਾਣਬੁੱਝਕੇ ਭੁੱਲ ਜਾਂਦੇ ਹਨ ਕਿ ਮੁਲਕ ਦੀ ਬਹੁਤ ਵੱਡੀ ਗਿਣਤੀ ਕਿਰਤੀਆਂ ਤੋਂ ਇਹ ਸੇਵਾਵਾਂ ਲਗਾਤਾਰ ਖੋਹੀਆਂ ਜਾ ਰਹੀਆਂ ਹਨ ਜਾਂ ਇਨ੍ਹਾਂ ਦੇ ਮਿਆਰ ਨੂੰ ਬਹੁਤ ਨੀਵਾਂ ਕੀਤਾ ਜਾ ਰਿਹਾ ਹੈ।

ਮੁਲਕ ਦੀ ਆਰਥਿਕ ਵਿਕਾਸ ਦਰ ਨੂੰ ਤੇਜ਼ ਕਰਨ ਲਈ ਸਦਾ ਤੱਤਪਰ ਰਹਿ ਰਹੇ ਹੁਕਮਰਾਨ ਮੁਲਕ ਵਿਚ ਅਪਣਾਈਆਂ ਗਈਆਂ ਆਰਥਿਕ ਨੀਤੀਆਂ ਦੇ ਨਤੀਜੇ ਵਜੋਂ ਤੇਜ਼ੀ ਨਾ.ਲ ਉਪਰਲੇ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਦੀ ਰਿਪੋਰਟਾਂ ਜਾਂ ਤਾਂ ਅਣਦੇਖਿਆ ਕਰ ਜਾਂ ਨਿਕਾਰ ਦਿੰਦੇ ਹਨ। ਇਨ੍ਹਾਂ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਅਤੇ ਰੁਜ਼ਗਾਰ ਦੇ ਮੌਕਿਆਂ ਦੇ ਲਗਾਤਾਰ ਘਟਦੇ ਜਾਣ ਦੇ ਨਤੀਜੇ ਵਜੋਂ ਮੁਲਕ ਦੇ ਨੌਜਵਾਨ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ ਜਿਹੜਾ ਵੱਖ ਵੱਖ ਸਮੱਸਿਆਵਾਂ ਨੂੰ ਜਨਮ ਦੇ ਰਿਹਾ ਹੈ ਜਿਨ੍ਹਾਂ ਵਿਚ ਬੁੱਧੀ ਹੂੰਝਾ (ਬਰੇਨ ਡਰੇਨ), ਪੂੰਜੀ ਹੂੰਝਾ (ਕੈਪੀਟਲ ਡਰੇਨ) ਅਤੇ ਨੌਜਵਾਨ ਪੀੜ੍ਹੀ ਦੇ ਲਾਹੇ ਦਾ ਨੁਕਸਾਨ ਅਹਿਮ ਹਨ।

ਮੂਧੇ-ਮੂੰਹ ਗਿਰੀ ਭਾਰਤੀ ਅਰਥਵਿਵਸਥਾ ਦੇ ਸੰਬੰਧ ਇਹ ਜਾਣਦੇ ਹੋਏ ਕਿ ਹਾਲਾਤ ਸਾਡੇ ਹੁਕਮਰਾਨਾਂ ਵੱਲੋਂ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਅਪਣਾਉਣ ਦਾ ਨਤੀਜਾ ਹਨ, ਇਸ ਦੇ ਸੰਭਾਲਣ ਦੇ ਯਤਨ ਹੋ ਸਕਦੇ ਹਨ।

ਭਾਰਤ ਵਿਚ 23.9 ਫ਼ੀਸਦ ਆਰਥਿਕ ਸੰਗੇੜ ਦੇ ਬਾਵਜੂਦ ਅੱਜ ਦੀ ਘੜੀ ਸਿਰਫ਼ ਇਕੋ ਆਸ ਦੀ ਕਿਰਨ ਖੇਤੀਬਾੜੀ ਹੈ ਜਿਸ ਦੇ ਕੁੱਲ ਘਰੇਲੂ ਉਤਪਾਦ ਵਿਚ 3.4 ਫ਼ੀਸਦ ਵਾਧਾ ਦਰਜ ਕੀਤਾ ਗਿਆ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਕਾਰਪੋਰੇਸ਼ਨਾਂ, ਕੰਪਨੀਆਂ ਅਤੇ ਵਪਾਰੀਆਂ ਦਾ ਬੇਲੋੜਾ ਮੋਹ ਤਿਆਗਦੇ ਹੋਏ ਖੇਤੀਬਾੜੀ ਖੇਤਰ ਵਿਚ ਕੰਮ ਕਰਨ ਵਾ.ਲੇ ਵੱਖ ਵੱਖ ਵਰਗਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾਉਣਾ ਪਵੇਗਾ ਜਿਸ ਵਿਚ ਸਹਿਕਾਰੀ ਖੇਤੀਬਾੜੀ ਨੂੰ ਹੱਲਾਸ਼ੇਰੀ, ਮਗਨਰੇਗਾ ਦੇ ਫੰਡਾਂ ਅਤੇ ਇਸ ਅਧੀਨ ਰੁਜ਼ਗਾਰ ਨੂੰ ਵਧਾਉਣਾ ਅਤੇ ਸਾਰੇ ਕਿਰਤੀਆਂ ਲਈ ਆਮਦਨ ਦਾ ਇਕ ਘੱਟੋ-ਘੱਟ ਪੱਧਰ ਯਕੀਨੀ ਬਣਾਉਣਾ ਜ਼ਰੂਰੀ ਹਨ।

ਘਰੇਲੂ, ਲਘੂ, ਛੋਟੀਆਂ ਅਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਤਰਜੀਹੀ ਤੌਰ ਉੱਪਰ ਮਦਦ ਕਰਨੀ ਬਣਦੀ ਹੈ। ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਜਨਤਕ ਖੇਤਰਾਂ ਤੱਕ ਹੀ ਸੀਮਤ ਕਰਨਾ ਬਣਦਾ ਹੈ। ਮੁਲਕ ਦੇ ਆਰਥਿਕ ਵਿਕਾਸ ਨੂੰ ਦੀਰਘਕਾਲ ਤੱਕ ਚੱਲਦੇ ਰੱਖਣ ਲਈ ਆਰਥਿਕ ਵਿਕਾਸ ਮਾਡਲ ਦਾ ਲੋਕ ਅਤੇ ਕੁਦਰਤ ਪੱਖੀ ਹੋਣਾ ਅਤਿ ਜ਼ਰੂਰੀ ਹੈ ਜਿਸ ਵਿਚ ਜਨਤਕ ਖੇਤਰ ਲਈ ਮੁੱਖ ਥਾਂ ਅਤੇ ਨਿੱਜੀ ਖੇਤਰ ਉੱਪਰ ਸਖ਼ਤ ਨਿਗਰਾਨੀ ਕਰਨੀ ਯਕੀਨੀ ਬਣਾਈ ਕਿਟ/।

# ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸਿੱਖ ਵਫ਼ਦ ਨੇ ਭਾਰਤੀ ਅੰਬੈਸਡਰ ਨੂੰ ਦਿੱਤਾ ਮੰਗ ਪੱਤਰ, ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਪੁਰਬ ਤੋਂ ਪਹਿਲਾ ਲਾਂਘਾ ਖੋਲ੍ਹੇ ਜਾਣ ਦੀ ਮੋਦੀ ਤੋਂ ਕੀਤੀ ਮੰਗ

**ਵਾਸ਼ਿੰਗਟਨ ( ਰਾਜ ਗੋਗਨਾ )**— ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਪੁਰਬ ਜੋ ਕਰਤਾਰਪੁਰ (ਪਾਕਿਸਤਾਨ ) ਵਿਖੇਂ 20 ਤੋਂ 22 ਸਤੰਬਰ ਤੱਕ ਮਨਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।



ਇਸ ਦਿਨ ਕਰਤਾਰਪੁਰ ਸਾਹਿਬ ਵਿਖੇਂ ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ ਸਨ। ਅਤੇ ਦੁਨੀਆ ਭਰ ਦੇ ਸਿੱਖ ਨਤਮਸਤਕ ਹੋਣਾ ਚਾਹੁੰਦੇ ਹਨ। ਪ੍ਰੰਤੂ ਕੋਰੋਨਾ ਸੜੀ ਮਹਾਮਾਰੀ ਦੇ ਕਾਰਨ ਸਭ ਦੀਆਂ ਭਾਵਨਾਵਾਂ ਨਾ ਪੂਰੀਆਂ ਹੋ ਸਕਣ, ਪਰ ਅਮਰੀਕਾ ਦੇ ਸਿੱਖਾਂ ਨੇ ਭਾਰਤ ਦੇ ਅਮਰੀਕਾ ਚ' ਅੰਬੈਂਸਡਰ ਤਰਨਜੀਤ ਸਿੰਘ ਸੰਧੂ ਨੂੰ ਮੰਗ ਪੱਤਰ ਦਿੰਦਿਆਂ, ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕੋਰੋਨਾ ਦੀ ਮਹਾਂਮਾਰੀ ਕਰਕੇ ਕਰਤਾਰਪੁਰ ਸਾਹਿਬ ਦਾ ਲਾਂਘਾ ਜੋ ਬੰਦ ਕਰ ਦਿੱਤਾ ਸੀ ਹੁਣ ਸੰਗਤਾਂ ਲਈ ਖੋਲ੍ਹ ਦਿੱਤਾ ਜਾਵੇ, ਤਾਂ ਜੋ ਕਰਤਾਰਪੁਰ ਲਾਂਘਾ ਖੁਲੱਣ ਤੋ ਪਹਿਲੀ ਵਾਰ ਸੰਗਤਾਂ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਪੁਰਬ ਵਿੱਚ ਸ਼ਰਧਾ ਅਤੇ ਭਾਵਨਾ ਨਾਲ ਸ਼ਾਮਲ ਹੋ ਸਕਣ।

ਅੰਬੈਸਡਰ ਤਰਨਜੀਤ ਸਿੰਘ ਸੰਧੂ ਵੱਲੋਂ ਭਾਰਤੀ ਅੰਬੈਂਸੀ ਦੇ ਕਮਿਊਨਿਟੀ ਅਫੇਅਰਜ਼ ਮਨਿਸਟਰ ਅਨੁਰਾਗ ਕੁਮਾਰ ਨੇ ਵਫ਼ਦ ਜਿਸ ਦੀ ਅਗਵਾਈ ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ' ਨੇ ਕੀਤੀ ਅਤੇ ਅੰਬੈਂਸੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਸਿੱਖਾਂ ਦੀਆ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ, ਅਤੇ ਇਹ ਯਾਦ ਪੱਤਰ ਭਾਰਤ ਸਰਕਾਰ ਨੂੰ ਭੇਜ ਕੇ ਸਿੱਖਾਂ ਦੀ ਇਸ ਮੰਗ ਨੂੰ ਪੂਰੀ ਕਰਨ ਲਈ ਭਾਰਤ ਸਰਕਾਰ ਨੂੰ ਸਿਫ਼ਾਰਸ਼ ਕਰਨਗੇ।

ਯਾਦ ਰਹੇਂ ਕਿ ਕੋਰੋਨਾ ਦੀ ਮਹਾਂਮਾਰੀ ਦੀ ਭਾਰਤ ਚ' ਤਾਜਾ ਸਥਿੱਤੀ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਭਾਰਤ ਵਿੱਚ ਸੰਗਤਾਂ ਨੂੰ ਧਾਰਮਿਕ ਅਸਥਾਨਾਂ ਤੇ ਜਾਣ ਦੀ ਖੁੱਲ ਦਿੱਤੀ ਜਾ ਰਹੀ ਹੈ। ਇਸ ਮੌਕੇ ਸਿੱਖਸ ਆਫ ਅਮਰੀਕਾ ਦੇ ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਐਸੋਸੀਏਸ਼ਨ ਆਫ ਬਾਲਟੀਮੋਰ ਦੇ ਚੇਅਰਮੈਨ ਬਲਜਿੰਦਰ ਸਿੰਘ ਸੰਮੀ, ਗੁਰਚਰਨ ਸਿੰਘ ਵਰਲਡ ਗੁਰੂ ਨਾਨਕ ਮਿਸ਼ਨ ਦੇ ਆਗੂ, ਸਿੱਖ ਸੇਵਾ ਦੇ ਪ੍ਰਧਾਨ ਸੁਖਪਾਲ ਸਿੰਘ ਧੰਨੋਆ ਆਦਿ ਨੁਮਾਇਦਿਆਂ ਨੇ ਭਾਰਤ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਬੇਸਕ ਸੰਗਤਾਂ ਲਈ ਕੋਰੋਨਾ ਵਾਇਰਸ ਲਈ ਸਮਾਜਿਕ ਦੂਰੀ ਤੇ ਹੋਰਨਾਂ ਪ੍ਰੋਟੋਕੋਲ ਦੀਆ ਸ਼ਰਤਾਂ ਨੂੰ ਲਾਜ਼ਮੀ ਕੀਤਾ ਜਾਵੇ, ਪ੍ਰੰਤੂ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਪੁਰਬ ਤੋ ਪਹਿਲਾ ਲਾਂਘਾ ਖੋਹਲ੍ਹਿਆ ਜਾਵੇ।

# ਬਜ਼ੁਰਗ ਮਾਪਿਆਂ ਦਾ ਦਰ ਦਰ ਰੁੱਲਣਾ, ਬੱਚਿਆਂ ਲਈ ਲਾਹਨਤ



ਜੰਗ ਸਿੰਘ
91-94170-95965

ਪੈਸਾ ਪ੍ਰਧਾਨ ਯੁੱਗ ਨੇ ਸਾਡੇ ਰਿਸ਼ਤਿਆਂ ਨੂੰ ਤਾਰ ਤਾਰ ਕਰਕੇ ਰੱਖ ਦਿਤਾ ਹੈ । ਇੰਝ ਲਗਣ ਲੱਗ ਪਿਆ ਹੈ ਜਿਵੇਂ ਸਾਡੇ ਖ਼ੂਨ, ਖ਼ੂਨ ਨਾ ਰਹਿ ਕੇ ਸਫੈਦ ਪਾਣੀ ਬਣ ਗਏ ਹੋਣ। ਇਹ ਉਹੀ ਪਵਿੱਤਰ ਸ਼ਹਿਰ ਸ੍ਰੀ ਮਕੱਤਸਰ ਸਾਹਿਬ ਦਾ ਹੈ । ਜਿਥੋਂ ਦੇ ਸ੍ਰ ਮਹਾਂ ਸਿੰਘ ਜੋ 40 ਸਿੰਘਾਂ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਵਿਖੇ ਕਈ ਮਹੀਨਿਆ ਤੋਂ ਕਿਲ੍ਹੇ ਵਿੱਚ ਘਿਰੇ ਹੋਏ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬੇਦਾਵਾ ਲਿਖ ਕੇ ਆ ਗਏ ਸਨ ।ਇਸੇ ਮਹਾਂ ਸਿੰਘ ਨੂੰ ਮਾਈ ਭਾਗੋ ਨੇ ਚੂੜੀਆਂ ਭੇਂਟ ਕਰਕੇ ਇਤਨਾ ਸ਼ਰਮਸਾਰ ਕਰ ਦਿੱਤਾ ਸੀ।ਕਿ ਫਿਰ ਇਸੇ ਮਹਤੱਵ ਪੂਰਵਕ ਸ਼ਹਿਰ ਮੁਕੱਤਸਰ ਵਿਖੇ ਮੁਗੱਲਾਂ ਦੀ ਸਿੱਖਾਂ ਨਾਲ ਹੋਈ ਲੜਾਈ ਵਿਚ ਉਹ ਹੀ ਬੇਦਾਵਾ ਦੇ ਕੇ ਆਏ ਸ੍ਰ ਮਹਾਂ ਸਿੰਘ ਆਪਣੇ 40 ਸਾਥੀਆਂ ਨਾਲ ਇਸ ਲੜਾਈ ਵਿੱਚ ਲ਼ੜ੍ਹਦਿਆਂ ਹੋਇਆਂ ਸ਼ਹੀਦੀਆਂ ਪਾ ਗਏ ਸਨ ।ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਹਾਂ ਸਿੰਘ ਨੂੰ ਜਖਮੀ ਹਾਲਤ ਵਿੱਚ ਜਦੋਂ ਸਹਿਕਦਿਆਂ ਜੰਗੇ ਮੈਦਾਨ ਵਿੱਚ ਵੇਖਿਆ।ਦਸਮ ਪਾਤਸ਼ਾਹ ਨੇ ਉਸ ਦਾ ਸਿਰ ਜਦੋਂ ਆਪਣੀ ਗੋਦੀ ਵਿੱਚ ਲਿਆ ਹੋਇਆ ਸੀ ਤਾਂ ਉਸ (ਸ੍ਰ ਮਹਾਂ ਸਿੰਘ) ਨੇ ਗੁਰੂ ਸਾਹਿਬ ਨੂੰ ਅਰਜੋਈ ਕੀਤੀ ਕਿ ਉਸ ਦਾ ਦਿਤੱਾ ਬੇਦਾਵਾ ਪਾੜ੍ਹ ਦਿਤਾ ਜਾਵੇ । ਇਹ ਵੀ ਦਸਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਜਿਉਂ ਹੀ ਉਹ ਬੇਦਾਵਾ ਪਾੜਿਆ ਤਾਂ ਸ੍ਰ ਮਹਾਂ ਸਿੰਘ ਨੇ ਉਨਾਂ ਦੀ ਗੋਦੀ ਵਿੱਚ ਹੀ ਆਪਣੇ ਪਰਾਣ ਤਿਆਗ ਦਿਤੇ । ਦਸਮ ਪਾਤਸ਼ਾਹ ਨੇ ਇਨਾਂ ਬੇਦਾਵਾ ਲਿੱਖ ਕੇ ਗਏ ਸਿੰਘਾਂ ਨੂੰ ਸਤਿਕਾਰ ਨਾਲ ਆਪਣੇ 40 ਮੁੱਕਤਿਆਂ ਦਾ ਨਾਂ ਦਿਤਾ ਸੀ ਜਿਸ ਦਾ ਜਿਕਰ ਹਰ ਰੋਜ ਸਿੱਖ ਆਪਣੀ ਅਰਦਾਸ ਵਿੱਚ ਉਨਾਂ ਮੁਕੱਤਿਆਂ ਦਾ ਨਾਂ ਲੈ ਕੇ ਯਾਦ ਕਰਦੇ ਹਨ ।ਇਸੇ ਕਰਕੇ ਇਸ ਸ਼ਹਿਰ ਦਾ ਨਾਂ ਮੁੱਕਤਿਆਂ ਦੇ ਨਾਂ ਤੇ ਸ੍ਰੀ ਮੁਕੱਤਸਰ ਸਾਹਿਬ ਰੱਖਿਆ ਗਿਆ ਹੈ । ਇਸੇ ਸਥਾਨ ਤੇ ਗੁਰਦੁਆਰਾ 'ਟੁੱਟੀ ਗੰਢੀ ਸਾਹਿਬ 'ਸਥਾਪਤ ਹੈ । ਜਿਸ ਥਾਂ ਤੇ ਸ੍ਰ ਮਹਾਂ ਸਿੰਘ ਨੇ 40 ਸਿੰਘਾਂ ਨਾਲ ਸ਼ਹੀਦੀਆਂ ਪਾ ਕੇ "ਟੁੱਟੀ ਗੰਢੀ" ਦਾ ਇਕ ਨਵਾਂ ਇਤਿਹਾਸ ਸਿਰਜਿਆ ਸੀ। ਉਸੇ ਮੁਕੱਤਸਰ ਸ਼ਹਿਰ ਵਿਖੇ ਇਕ 80-82 ਵਰ੍ਹਿਆਂ ਦੀ ਬਜੁਰਗ ਮਹਿੰਦਰ ਕੌਰ ਜਿਸ ਨੂੰ ਉਸ ਦੇ 2 ਪੁੱਤਰਾਂ ਤੇ ਚਾਰ ਧੀਆਂ ਕੋਲ ਸਭ ਕੁਝ ਹੁੰਦਿਆਂ ਹੋਇਆਂ ਵੀ ਉਸ ਬਿਰਧ ਮਾਂ ਨੂੰ ਸਾਂਭ ਨਾ ਸਕੇ । ਇਸ ਵਿੱਚ ਉਸ ਬਜੁਰਗ ਦੀ ਪੋਤੀ ਜੋ ਫਰੀਦਕੋਟ ਵਿਖੇ ਇਕ ਸਿਵਲ ਪ੍ਰਸ਼ਾਸ਼ਨਕ ਅਧਿਕਾਰੀ ਵੀ ਸਾਮਲ ਹੈ ਜੋ ਉਥੇ ਬਤੌਰ ਐਸ ਡੀ ਐਮ ਦੇ ਤੌਰ ਤੇ ਕੰਮ ਕਰ ਰਹੀ ਹੈ ਤੇ ਉਹ ਬੜੀ ਸਮਾਜ ਸੇਵੀ ਹੈ ਹੋਣ ਦੇ ਚਰਚੇ ਵੀ ਸੁਣੇ ਜਾਂਦੇ ਹਨ ਤੇ ਵੀ ਸੁਆਲੀਆ ਚਿੰਨ੍ਹ ਲਗ ਗਿਆ ਹੈ , ਕਿ ਆਖਰ ਇਹ ਕਿਸ ਤਰਾਂ ਦੀ ਪੋਤੀ ਹੈ ਜਿਹੜੀ ਇਤਨੇ ਉੱਚੇ ਅਹੁੱਦੇ ਤੇ ਹੁੰਦੀ ਹੋਈ ਵੀ ਆਪਣੀ ਦਾਦੀ ਨੂੰ ਨਹੀਂ ਸਾਂਭਿਆ ।ਕਿਹਾ ਜਾਂਦਾ ਹੈ ਕਿ ਇਸ ਇਸਤਰੀ ਅਧਿਕਾਰੀ ਨੇ 'ਮੂਲ ਨਾਲੋਂ ਵਿਆਜ ਪਿਆਰਾ ਹੈ 'ਦੇ ਰਿਸ਼ਤੇ ਨੂੰ ਵੀ ਦਾਗੀ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ।ਇਨਾਂ ਨੇ ਉਸ ਬਿਰਧ ਨੂੰ ਨਾ ਸਾਂਭ ਕੇ ਆਪਣੇ ਨਾਵਾਂ ਨੂੰ ਜਿਥੇ ਕਲੰਕਿਤ ਕੀਤਾ ਹੈ ਉਥੇ ਸਾਰੇ ਸੰਸਾਰ ਵਿਚ ਆਪਣੇ ਪ੍ਰੀਵਾਰ ਦੀ ਚਰਚਾ ਵੀ ਕਰਾ ਲਈ ਹੈ । ਪ੍ਰਾਂਤ ਦਾ ਸ਼ਾਇਦ ਹੀ ਕੋਈ ਟੀ ਵੀ ਚੈਨਲ ਹੋਵੇਗਾ ਜਿਸ ਨੇ ਇਸ ਬਜੁਰਗ ਮਾਂ ਜਿਹੜੀ ਲਾਵਾਰਸ ਹਾਲਤ ਵਿੱਚ ਇਕ ਖੁੱਡੇਨੁਮਾ ਕਮਰੇ ਵਿੱਚ ਬੇਸੁਰਤ ਪਈ ਹੋਈ ਸੀ ਉਸ ਦੇ ਸਿਰ ਵਿੱਚ ਕੀੜੇ ਪੈ ਜਾਣ ਕਾਰਨ ਕਾਫੀ ਸਮੇਂ ਤੋਂ ਜਿੰਦਗੀ ਮੌਤ ਦੀ ਲੜਾਈ ਲੜ੍ਹ ਰਹੀ ਸੀ ਦੀਆਂ ਫੋਟੋਆਂ ਦਿਖਾ ਕੇ ਉਸ ਦੀ ਦੁੱਖ ਭਰੀ ਗਾਥਾ ਨੂੰ ਬਿਆਨ ਨਾ ਕੀਤਾ ਹੋਵੇ। ਆਖਰ ਉਸ ਇਲਾਕੇ ਦੇ ਕੁਝ ਬਹਾਦਰ ਤੇ ਗੈਰਤਮੰਦ ਲੋਕਾਂ ਜਿਨਾਂ ਨੇ ਇਸ ਮਾਤਾ ਦੇ ਪ੍ਰੀਵਾਰ ਵਲੋਂ ਬੁਰਾ ਭੱਲਾ ਕਹੇ ਜਾਣ ਦੀ ਪ੍ਰਵਾਹ ਕੀਤੇ ਬਿਨਾ ਉਨਾਂ ਨੇ ਸਮਾਜ ਸੇਵੀਆਂ ਤੇ ਪੁਲੀਸ ਨੂੰ ਜਾਣਕਾਰੀ ਦਿਤੀ ਸੀ।ਉਨਾ ਵਲੋਂ ਇਸ ਬੁੱਢੀ ਮਾਤਾ ਨੂੰ ਹਸਪਤਾਲ ਵਿੱਚ ਪਹੁੰਚਾਏ ਜਾਣ ਬਾਅਦ ਡਾਕਟਰਾਂ ਵਲੋਂ ਮਾਤਾ ਦੇ ਸਿਰ ਵਿੱਚ ਪਏ ਕੀੜਿਆਂ ਨੂੰ ਕੱਢਣ, ਇਲਾਜ ਕਰਨ ਉਪਰੰਤ ਉਸ ਦੀ ਅਤਿ ਨਾਜੁਕ ਹਾਲਤ ਹੋਣ ਕਰਕੇ ਬਚਾਉਣ ਵਿੱਚ ਅਸਮੱਰਥ ਹੋ ਗਏ ਤੇ ਉਹ ਇਸ ਸੰਸਾਰ ਨੂੰ ਸਦਾ ਲਈ ਅਲਵਿੱਦਾ ਕਹਿ ਗਈ ਸੀ । ਇਸ ਘਟਨਾ ਨੇ ਪੰਜਾਬ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਵੀ ਹਿਲਾ ਕੇ ਰੱਖ ਦਿਤਾ। ਵਿਦੇਸ਼ ਦੇ ਚੈਨਲਾਂ ਵਲੋਂ ਜਿਸ ਤਰਾਂ ਦੇ ਸ਼ਬਦ ਬਜੁਰਗ ਮਾਤਾ ਦੇ ਸਮੁੱਚੇ ਪ੍ਰੀਵਾਰ ਲਈ ਵਰਤੇ ਗਏ ਹਨ ਉਹ ਸੱਚ ਮੁੱਚ ਸਿਖਰਾਂ ਦੇ ਸ਼ਰਮਸਾਰ ਕਰਨ ਵਾਲੇ ਹਨ। ਜਦੋਂ ਇਹ ਮੱਸਲਾ ਪੰਜਾਬ ਦੀ ਮਹਿਲਾ ਕਮਿਸ਼ਨ ਦੀ ਚੇਅਰਮੈਨ ਦੇ ਧਿਆਨ ਵਿੱਚ ਆਇਆ ਤਾਂ ਉਨਾਂ ਨੇ ਉਸ ਬਿਰਧ ਮਾਤਾ ਦੇ ਪ੍ਰੀਵਾਰ ਨੂੰ ਆਪਣੇ ਦਫਤਰ ਵਿੱਚ ਸਫਾਈ ਦੇਣ ਲਈ ਬੁਲਾਇਆ ਉਪਰੰਤ ਉਨਾਂ ਨੇ ਟੀ ਵੀ ਚੈਨਲਾਂ ਨਾਲ ਗਲ ਬਾਤ ਕਰਦਿਆਂ ਦਸਿਆ ਕਿ ਉਸ ਬਿਰਧ



ਮਾਤਾ ਦੇ ਦੋਹਾਂ ਲੜਕਿਆਂ ਤੇ ਸਾਰੀਆਂ ਧੀਆਂ ਨੂੰ ਆਪਣੇ ਦਫਤਰ ਚੰਡੀਗੜ੍ਹ ਵਿਖੇ ਸਫਾਈ ਦੇਣ ਲਈ ਸੱਦਿਆ ਸੀ । ਇਸ ਅਧਿਕਾਰੀ ਨੇ ਦਸਿਆ ਕਿ ਉਨਾਂ ਕੋਲ ਸਫਾਈ ਲਈ ਕੋਈ ਜੁਆਬ ਨਹੀਂ ਸੀ । ਚੇਅਰਮੈਨ ਸਾਹਿਬਾਂ ਨੇ ਦਸਿਆ ਕਿ ਉਨਾਂ ਨੇ ਸਰਕਾਰ ਨੂੰ ਸੀਨੀਅਰ ਸਿਟੀਜਨ ਐਕਟ ਦੇ ਮੁਤਾਬਿਕ ਦੋਸ਼ੀਆਂ ਨੂੰ ਤਿੰਨ ਮਹੀਨੇ ਦੀ ਸਜਾ ਤੇ 5000 ਰੁਪਏ ਜੁਰਮਾਨਾ ਦੇਣ ਦੀ ਸਿਫਾਰਸ਼ ਕਰ ਦਿੱਤੀ ਹੈ । ਚੇਅਰਮੈਨ ਸਾਹਿਬਾਂ ਨੇ ਇਹ ਵੀ ਕਿਹਾ ਕਿ ਇਸ ਗੁਨਾਹ ਦੇ ਜਿੰਮੇਵਾਰ ਪੋਤੇ ਤੇ ਪੋਤਰੀਆਂ ਨੂੰ ਵੀ ਇਸ ਦੋਸ਼ ਤੋਂ ਮੁੱਕਤ ਨਹੀਂ ਕੀਤਾ ਜਾ ਸਕਦਾ ਉਹ ਵੀ ਬਰਾਬਰ ਦੇ ਦੋਸ਼ੀ ਹਨ। ਉਨਾਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਇਹ ਵੀ ਕਿਹਾ ਕਿ ਇਸੇ ਐਕਟ ਅਧੀਨ ਇਕ ਹੋਰ ਬਿੱਲ ਪਾਰਲੀਮੈਂਟ ਵਿੱਚ ਪਾਸ ਹੋਣ ਲਈ ਰੁੱਕਿਆ ਪਿਆ ਹੈ ਜਿਸ ਤਹਿਤ ਇਸੇ ਐਕਟ ਅਧੀਨ ਛੇ ਮਹੀਨੇ ਦੀ ਸਜਾ ਤੇ 10000 ਰੁ ਦੀ ਸਜਾ ਦਰਸਾਈ ਗਈ ਹੈ।ਇਸਤਰੀ ਕਮਿਸ਼ਨ ਦੀ ਚੇਅਰਮੈਨ ਨੇ ਮੀਡੀਏ ਰਾਹੀਂ ਭਾਰਤ ਦੇ ਪ੍ਰਧਾਨ ਮੰਤਰੀ ਕੋਲੋਂ ਇਹ ਵੀ ਮੰਗ ਕੀਤੀ ਹੈ ਕਿ ਇਸ ਬਿੱਲ ਨੂੰ ਜਲਦੀ ਪਾਸ ਕਰਾਇਆ ਜਾਵੇ । ਉਨਾਂ ਨੇ ਹੋਰ ਦਸਿਆ ਜੋ ਕਿ ਦਿਲ ਕੰਬਾਉਣ ਵਾਲੀ ਗੱਲ ਹੈ ਕਿ ਹਰ ਦਸ ਸੀਨੀਅਰ ਸਿਟੀਜਨਾਂ ਵਿਚੋਂ ਸੱਤ ਸੀਨੀਅਰ ਸਿਟੀਜਨ ਇਸ ਦੇ ਸ਼ਿਕਾਰ ਹਨ ਕਿਉਂਕਿ ਉਨਾਂ ਨੂੰ ਇਸ ਸੀਨੀਅਰ ਸਿਟੀਜਨ ਐਕਟ ਬਾਰੇ ਕੋਈ ਜਾਣਕਾਰੀ ਹੀ ਨਹੀਂ ਹੈ । ਜੋ ਸਾਡਾ ਸਭ ਦਾ ਧਿਆਨ ਮੰਗਦੇ ਹਨ। ਇਸਤਰੀ ਕਮਿਸਨ ਦੀ ਮੈਂਬਰ ਨੇ ਸਰਕਾਰ ਕੋਲ ਇਕ ਹੋਰ ਬੜੀ ਪਰਸੰਸਾ ਜਨਕ ਗੱਲ ਵੀ ਕੀਤੀ ਹੈ। ਉਨਾਂ ਨੇ ਪੰਜਾਬ ਵਿੱਚ ਚੱਲ ਰਹੇ ਸਾਰੇ ਸਰਕਾਰੀ ਗੈਰ ਸਰਕਾਰੀ ਬਿਰਧ ਆਸ਼ਰਮਾਂ ਜਿਨਾਂ ਨੂੰ ਐਨ ਜੀ ਓਜ ਚਲਾ ਰਹੀਆਂ ਹਨ ਉਨਾਂ ਵਿੱਚ ਦਾਖਲ ਸਾਰੇ ਬਿਰਧਾਂ ਦੀ ਸੂਚੀ ਵੀ ਮੰਗ ਲਈ ਹੈ ਕਿ ਕਮਿਸ਼ਨ ਨੂੰ ਦਸਿਆ ਜਾਵੇ ਕਿ ਉਨਾਂ ਕੋਲ ਦਾਖਲ ਬਿਰਧਾਂ ਦੇ ਕਿੰਨੇ ਬੱਚੇ ਹਨ , ਉਹ ਕੀ ਕੀ ਕਰਦੇ ਹਨ ਤੇ ਉਹ ਆਪਣੇ ਬਿਰਧਾਂ ਨੂੰ ਆਪਣੇ ਘਰਾਂ ਵਿੱਚ ਕਿਉਂ ਨਹੀਂ ਸਾਂਭ ਰਹੇ? ਉਸ ਦੀ ਵਿਸਥਾਰਤ ਜਾਣਕਾਰੀ ਮੰਗ ਲਈ ਹੈ। ਇਹ ਵੀ ਪੁਛਿਆ ਗਿਆ ਹੈ ਕਿ ਕਿਤਨੇ ਅਜਿਹੇ ਬਿਰਧ ਹਨ ਜਿਨਾਂ ਦੇ ਬੱਚੇ ਨਾ ਹੋਣ ਕਾਰਨ ਉਨਾ ਨੂੰ ਸਾਂਭਣ ਵਾਲਾ ਬਿਰਧ ਆਸ਼ਰਮਾਂ ਤੋਂ ਬਿਨਾ ਹੋਰ ਕੋਈ ਨਹੀਂ! ਅਜਿਹਾ ਕੁਝ ਮੀਡੀਏ ਵਿੱਚ ਆ ਜਾਣ ਨਾਲ ਹੁਣ ਉਨਾਂ ਬੱਚਿਆਂ ਵਿੱਚ ਭੱਗਦੜ੍ਹ ਜਰੂਰ ਮੱਚੇਗੀ। ਜਿਨਾਂ ਨੇ ਆਪਣੇ ਬਿਰਧਾਂ ਦੀਆਂ ਜਾਇਦਾਦਾਂ ਸਾਂਭ ਕੇ ਬਾਅਦ ਵਿੱਚ ਉਨਾਂ ਨੂੰ ਸਾਂਭਣ ਦੀ ਥਾਂ ਤੇ ਬਿਰਧ ਆਸ਼ਰਮਾਂ ਵਿੱਚ ਛੱਡ ਆਏ ਹਨ । ਕਮਿਸ਼ਨ ਨੇ ਸਰਕਾਰ ਨੂੰ ਇਹ ਵੀ ਲਿਖਿਆ ਹੈ ਕਿ ਜਿਹੜੇ ਬਿਰਧ ਲਾਵਾਰਸ ਸ਼ਹਿਰਾਂ ਵਿੱਚ ਘੁੰਮ ਕੇ ਜੀਵਨ ਲੰਘਾ ਰਹੇ ਹਨ ਉਨਾਂ ਦੇ ਰਹਿਣ ਸਹਿਣ ਤੇ ਸਿਹਤ ਸੰਭਾਲ ਦਾ ਪ੍ਰਬੰਧ ਵੀ ਸਰਕਾਰ ਨੂੰ ਕਰਨਾ ਚਾਹੀਦਾ। ਇਸਤਰੀ ਕਮਿਸ਼ਨ ਪੰਜਾਬ ਨੇ ਉਕਤ ਸਿਫਾਰਸ਼ਾਂ ਕਰਕੇ ਸਰਕਾਰ ਦੀ ਵੱਡੀ ਜਿੰਮੇਵਾਰੀ ਲਗਾ ਦਿਤੀ ਹੈ ਕਿ ਉਹ ਆਪਣੇ ਅਫਸਰਾਂ ਨੂੰ ਮਿੱਤੀ ਬੱਧ ਹਦਾਇਤਾਂ ਦੇਵੇ ਤੇ ਸਾਰੀ ਰੀਪੋਰਟ ਇਕਠੀ ਕਰਕੇ ਸਰਕਾਰ ਤੇ ਕਮਿਸ਼ਨ ਨੂੰ ਦੇਵੇ। ਇਹ ਕਾਰਵਾਈ ਬਹੁਤ ਸਾਰੇ ਬਜੁਰਗ ਜਿਹੜੇ ਆਵਾਗੌਂਣ ਖੁੱਲੇ ਅਸਮਾਨੀ ਇਕ ਤਰਾਂ ਦੇ ਰੁੱਲ ਕੇ ਜੀਵਨ ਨੂੰ ਧੱਕੇ ਦੇ ਰਹੇ ਹਨ । ਉਨਾਂ ਨੂੰ ਸਾਂਭਣ ਲਈ ਸ਼ਰਮੋ ਕੁਸ਼ਰਮੀ ਮੈਦਾਨ ਵਿੱਚ ਜਰੂਰ ਆਉਣਗੇ। ਉਨਾਂ ਨੂੰ ਹੁਣ ਇੰਨੇ ਕੁ ਕੰਨ ਜਰੂਰ ਹੋ ਗਏ ਹਨ ਕਿ ਜੇਕਰ ਉਹ ਵੀ ਮੁੱਕਤਸਰ ਦੇ ਕੇਸ ਵਾਗੂੰ ਪ੍ਰਿੰਟਿਗ ਜਾਂ ਇਲੈਕਟਰੌਨਿਕ ਮੀਡੀਏ ਦੇ ਨਜਰੀਂ ਪੈ ਗਏ ਤਾਂ ਉਨਾਂ ਦੀ ਵੀ ਦੇਸ਼ ,ਵਿਦੇਸ਼ ਵਿੱਚ ਰਹਿੰਦੀ ਖੂਹੰਦੀ ਇੱਜਤ ਵੀ ਮਿੱਟੀ ਵਿੱਚ ਰੁੱਲ ਜਾਵੇਗੀ । ਮਾਤਾ ਪਿਤਾ ਬੱਚਿਆਂ ਦੀ ਦਾਤ ਉਸ ਅਕਾਲ ਪੁਰਖ ਕੋਲੋਂ ਕਿਉਂ ਮੰਗਦੇ ਹਨ? ਉਹ ਇਸ ਲਈ ਕਿ ਜਦੋਂ ਉਹ ਬੁੱਢੇ ਹੋਣਗੇ ਤਾਂ ਇਹ ਬੱਚੇ ਉਨਾਂ ਦੇ ਬੁਢੇਪੇ ਦੀ ਡੰਗੋਰੀ ਬਣਨਗੇ ਤੇ ਉਨਾਂ ਦਾ ਅੰਤਲਾ ਸਮਾਂ ਬਿਨਾ ਮੁਸ਼ਕਲਾਂ ਦੇ ਗੁਜਰੇਗਾ। ਉਨਾ ਨੇ ਸ਼ਾਇਦ ਇਹ ਕਦੇ ਵੀ ਸੋਚਿਆ ਵੀ ਨਹੀਂ ਹੋਵੇਗਾ ਕਿ ਸਾਰੀ ਉਮਰ ਸਖਤ ਮਿਹ-ਨਤਾਂ ਕਰਕੇ ਪਾਲੇ ਬੱਚੇ ਉਨਾਂ ਦੇ ਬੁਢੇਪੇ ਨੂੰ ਰੋਲਣਗੇ ।ਭਾਵੇਂ ਇਸ ਵਿਚ ਸਾਰੇ ਮਾਪਿਆਂ ਦੀ ਸੰਤਾਨ ਨੂੰ ਇਕੋ ਵੱਟੇ ਨਹੀਂ ਤੋਲਿਆ ਜਾ ਸਕਦਾ। ਇਹੋ ਜਿਹੇ ਵੀ ਬੱਚੇ ਹਨ ਭਾਵੇਂ ਉਨਾਂ ਦੀ ਗਿਣਤੀ ਘੱਟ ਕਿਉਂ ਨਾ ਹੋਵੇ ਉਹ ਆਪਣੇ ਬਜੁਰਗਾਂ ਨੂੰ ਫੁੱਲਾਂ ਵਾਗੂੰ ਰੱਖਦੇ ਆ ਰਹੇ ਹਨ। ਪਰ ਜਦੋਂ ਦੀ ਮੁੱਕਤਸਰ ਦੀ ਘਟਨਾ ਵਾਪਰੀ ਹੈ ਬਹੁਤ ਸਾਰੀਆਂ ਹੋਰ ਘਟਨਾਵਾਂ ਟੀ ਵੀ ਚੈਨਲਾਂ ਤੇ ਆਉਣ ਲਗ ਪਈਆ ਹਨ ।ਜੋ ਪੰਜਾਬੀਆਂ ਲਈ ਸ਼ਰਮਸਾਰ ਕਰਨ ਵਾਲੀਆਂ ਹਨ ।ਪਤਾ ਨਹੀਂ ਇਹ ਗੁਰੂਆਂ ਪੀਰਾਂ ਦੀ ਧਰਤੀ ਪੰਜਾਬ ਨੂੰ ਕਿਹੋ ਜਿਹੀ ਮਾਰ ਵੱਗ ਗਈ ਹੈ । ਇਹ ਉਹੀ ਪੰਜਾਬੀ ਹਨ ਜਿਨਾਂ ਨੇ ਕੇਂਦਰ ਦੀ ਭਾਜਪਾ ਸਰਕਾਰ ਜਿਸ ਨੇ 'ਹਿੰਦੂ, ਹਿੰਦੂ 'ਰਾਜ ਸਥਾਪਤ ਕੀਤੇ ਜਾਣ ਰੌਲਾ ਪਾਇਆ ਬੜੇ ਚਿਰ ਤੋਂ ਪਾਇਆ ਹੋਇਆ ਹੈ ।ਪਰ ਇਸੇ ਕੱਟੜ੍ਹ ਹਿੰਦੂਆਂ ਦੀ ਭਾਜਪਾ ਸਰਕਾਰ' ਦੇ ਸਾਹਮਣੇ ਕਰੋਨਾ ਬਿਮਾਰੀ ਸਮੇਂ ਲੱਖਾਂ ਹਿੰਦੂ ਧਰਮ ਨਾਲ ਸਬੰਧਤ ਦੇਸ਼ ਵਾਸੀਆਂ, ਜਿਨਾਂ ਦੀ ਇਸ ਮੁਸ਼ਕਲ ਦੀ ਘੜ੍ਹੀ ਵਿੱਚ ਦੇਖ ਭਾਲ ਤੇ ਵਸੇਬਾ ਕਰਨ ਦੀ ਜਿੰਮੇਵਾਰੀ ਸੀ।

ਇਸੇ ਕੇਂਦਰ ਦੀ ਹਿੰਦੂਆਂ ਦੀ ਭਾਜਪਾ ਸਰਕਾਰ ਦੀਆਂ ਅੱਖਾਂ ਸਾਹਮਣੇ ਹਿੰਦੂ ਧਰਮ ਨਾਲ ਸਬੰਧਤ ਲੱਖਾਂ ਲੋਕ ਭੁੱਖੇ, ਤਿਹਾਏ, ਪੈਰੋਂ ਨੰਗੇ, ਹਜਾਰਾਂ ਮੀਲਾਂ ਦਾ ਸਫਰ ਪੈਦਲ ਤਹਿ ਕਰਦੇ ਹੋਏ ਜਾ ਰਹੇ ਸਨ ।ਤਾਂ ਉਸ ਵੇਲੇ ਇਹ ਪੰਜਾਬੀ ਹੀ ਸਨ ਜੋ ਮੈਦਾਨ ਵਿੱਚ ਨਿੱਤਰੇ ਜਿਨਾਂ ਨੇ ਥਾਂ ਥਾ ਤੇ ਉਨਾਂ ਲਈ ਲੰਗਰ ਲਗਾ ਦਿਤੇ, ਲੋੜਵੰਦਾਂ ਨੂੰ ਕਪੜੇ, ਪੈਸੇ ਦਿੱਤੇ, ਇਥੋਂ ਤਕ ਕਿ ਨੰਗੇ ਪੈਰਾਂ ਵਾਲਿਆਂ ਨੂੰ ਕੱੜਕਦੀ ਧੁੱਪ ਵਿੱਚ ਉਨਾਂ ਦੇ ਪੈਰਾਂ ਨੂੰ ਸੜ੍ਹਣ ਤੋਂ ਬਚਾਉਣ ਲਈ ਜੁੱਤੀਆਂ ਤਕ ਪੁਆ ਕੇ ਘਰੋਂ ਘਰੀਂ ਪਹੁੰਚਾਇਆ ।

ਜੇਕਰ ਇਹ ਪੰਜਾਬੀ ਜੋ ਕੰਮ ਸਰਕਾਰਾਂ ਨਹੀਂ ਕਰ ਸਕਦੀਆਂ ਆਪ ਸਾਰੇ ਰੱਲ ਕੇ ਇਤਨਾ ਕੁਝ ਕਰ ਸਕਦੇ ਹਨ। ਪਰ ਇਸ ਸਭ ਕੁਝ ਦੇ ਸਾਹਮਣੇ ਇਹ ਸਾਰੇ ਸ਼ਲਾਘਾਯੋਗ ਕੰਮ ਮਾਂਦੇ ਪੈ ਜਾਂਦੇ ਹਨ, ਜਦੋਂ ਕੁਝ ਪੰਜਾਬ ਦੇ ਬੱਚੇ ਆਪਣੇ ਬਿਰਧ ਮਾਪਿਆਂ ਨੂੰ ਨਾ ਸਾਂਭ ਕੇ ਆਪਣੇ ਨਾਵਾਂ ਨੂੰ ਵੱਟੇ ਲਗਾ ਰਹੇ ਹਾਂ। ਉਨਾਂ ਵਲੋਂ ਕੀਤੇ ਹੋਰ ਪਰਉਪਕਾਰੀ ਸਭ ਕੰਮ ਫਿੱਕੇ ਪੈ ਜਾਂਦੇ ਹਨ । ਇਸ ਲਈ ਪੰਜਾਬ ਦੇ ਨੌਜੁਆਨ ਪੁੱਤਰੋ! ਜੋ ਕੰਮ ਦੇਸ਼ ਦੀਆਂ ਸਰਕਾਰਾਂ ਨਹੀਂ ਸਨ ਕਰ ਸਕੀਆਂ ਤੁਸੀ ਕਰ ਵਿਖਾਇਆ। ਤੁਸੀ ਤਾਂ ਹੋਰ ਵੀ ਕਈ ਮੱਲਾਂ ਮਾਰ ਕੇ ਆਪਣਾ ਨਾਂ ਸੰਸਾਰ ਭਰ ਵਿੱਚ ਰੋਸ਼ਨ ਕਰ ਸਕਦੇ ਹੋ।

ਇਹ ਮਾਪੇ ਤਾਂ ਤੁਹਾਡੇ ਜਨਮ ਦਾਤੇ ਹਨ ਇਨਾਂ ਨੂੰ ਸਾਂਭਣਾ ਕਿੰਨਾ ਕੁ ਵੱਡਾ ਕੰਮ ਹੈ ।ਸੰਸਾਰ ਵਿੱਚ ਕਿਉਂ ਸ਼ਰਮਸਾਰ ਹੋ ਰਹੇ ਹੋ? ਇਨਾਂ ਨੂੰ ਸਾਂਭਣਾ ਸਿਰਫ ਤੇ ਸਿਰਫ ਤੁਹਾਡੀ ਪਰਮੁੱਖ ਜਿੰਮੇਵਾਰੀ ਹੈ ।ਆਸ ਹੈ, ਤੁਸੀ ਇਸ ਜਿੰਮੇਵਾਰੀ ਨੂੰ ਜਿੰਮੇਵਾਰੀ ਨਾਲ ਨਿਭਾ ਕੇ, ਲਗ ਰਹੇ ਦੋਸ਼ਾਂ ਤੋਂ ਆਪਣੇ ਆਪ ਨੂੰ ਮੁਕੱਤ ਕਰਕੇ ਸੰਸਾਰ ਦੇ ਲੋਕਾਂ ਨੂੰ ਦੱਸ ਦਿਉਗੇ ਕਿ ਪੰਜਾਬੀ ਬੱਚਿਆਂ ਨੇ ਅਹਿਸਾਸ ਕਰ ਲਿਆ ਹੈ ਕਿ ਉਹ ਭਵਿੱਖ ਵਿੱਚ ਸੰਸਾਰ ਦੇ ਲੋਕਾਂ ਨੂੰ ਅਜਿਹਾ ਮੌਕਾ ਨਹੀਂ ਦੇਣਗੇ। ਜਿਸ ਨਾਲ ਉਨਾਂ ਨੂੰ ਸ਼ਰਮਸਾਰ ਹੋਣਾ ਪਵੇ। ਇਹ ਬਜੁਰਗ ਸਾਡੀ ਸ਼ਾਨ ਹਨ, ਇਨਾਂ ਮਾਪਿਆਂ ਦੀ ਬਦੌਲਤ ਅਸੀ ਸੰਸਾਰ ਨੂੰ ਵੇਖਣ ਦੇ ਸਮਰੱਥ ਹੋਏ ਹਾਂ ।ਇਸ ਲਈ ਇਨਾਂ ਦੀ ਸਾਂਭ ਸੰਭਾਲ ਕਰਨੀ ਸਾਡੀ ਹੀ ਜਿੰਮੇਵਾਰੀ ਹੈ।

## ਗੀਤ

ਚੱਪਾ ਚੱਪਾ ਧਰਤੀ ਦਾ ਛਾਣੀ ਬੈਠਾ ਬੰਦਾ,
ਲਏ ਸੱਤ ਸਾਗਰ ਹੰਗਾਲ।
ਟੋਹੀ ਜਾਂਦੈ ਖੰਡ ਬ੍ਰਹਿਮੰਡ ਨਾਲ ਅਕਲਾਂ ਦੇ
ਕਰੀ ਜਾਂਦੈ ਆਦਮੀ ਕਮਾਲ ।

ਅਕਲ ਲਤੀਫ ਨਿੱਤ ਨਵਾਂ ਕੁੱਝ ਟੋਲਦੈ।
ਆਏ ਦਿਨ ਕਾਦਰ ਦੇ ਗੁੱਝੇ ਭੇਦ ਖੋਲ੍ਹਦੈ ।
ਰਚਨਾ ਰਚਾਈ ਜਿਹੜੀ ਅਦਭੁੱਤ ਕਰਤੇ ਨੇ
ਹੁੰਦੈ ਵੇਖ ਵੇਖ ਕੇ ਨਿਹਾਲ ।........

ਝੂਠੀਆਂ ਮਨੌਤਾਂ, ਮਿੱਥਾਂ ਤੋੜ ਵਿਗਿਆਨ ਨੇ।
ਬੁੱਝੇ ਕਈ ਗੁੱਝੇ ਭੇਦ, ਖੋਜੀ ਇਨਸਾਨ ਨੇ ।
ਦੂਰ ਕਰੀ ਜਾਂਦੈ ਧੁੰਦ , ਕਾਲਖਾਂ ਨੂੰ ਧੋ ਕੇ
ਕਰ ਲਏ ਹੱਲ ਅਣਸੁੱਲਝੇ ਸੁਆਲ। ..........

ਸੁੱਖ ਸਾਧਨਾਂ ਦੇ ਨਾਲ ਧਰਤੀ ਸ਼ਿੰਗਾਰ ਕੇ ।
ਸੁਰਗ ਬਣਾਈ ਜਾਂਦੈ ਵੇਖੋ ਝਾਤੀ ਮਾਰਕੇ ।
ਲੱਭ ਲੱਭ ਸੁੱਚੇ ਮੋਤੀ ਭਰ ਦਿੱਤੀ ਝੋਲੀ
ਕਰ ਦਿੱਤਾ ਜੱਗ ਮਾਲੋ ਮਾਲ ।.......

ਹਸਤੀ ਨਿਗੂਣੀ ਪਰ ਮੂਹਰੇ ਕਰਤਾਰ ਦੇ।
ਵੱਡਾ ਸਮਰੱਥ ਹੈ ਓਹ ! ਡੋਬੇ ਚਾਹੇ ਤਾਰਦੇ।
ਕਲਾਧਾਰ ਆਪ ਜਿਹੜਾ ਪਸਰਿਆ ਸੱਭ ਥਾਂਈਂ
ਉਹਦਾ ਸਾਰਾ ਖੇਲ੍ਹ 'ਸੁਲਹਾਣੀ' ਵਾਲੇ 'ਲਾਲ'।



ਲਾਲ ਸਿੰਘ ਸੁਲਹਾਣੀ
91-98721-55120

## ਕੋਰੋਨਾ ਕਾਰਨ ਸੰਸਦ ਦੀ ਕਰਵਾਈ 'ਚ ਬਦਲਾਅ

**ਨਵੀਂ ਦਿੱਲੀ–** ਪਹਿਲੀ ਵਾਰ ਕੋਰੋਨਾ ਮਹਾਮਾਰੀ ਦੌਰਾਨ 14 ਸਤੰਬਰ ਤੋਂ 18 ਦਿਨ ਚੱਲਣ ਵਾਲੇ ਸੰਸਦ ਸੈਸ਼ਨ ਲਈ ਵਿਆਪਕ ਵਿਵਸਥਾ ਕੀਤੀ ਗਈ ਹੈ। ਕੋਰੋਨਾ ਵਾਇਰਸ ਦੇ ਸੰਕਟ ਨੂੰ ਦੇਖਦੇ ਹੋਏ ਲੋਕਸਭਾ ਤੇ ਰਾਜਸਭਾ ਦੀ ਕਾਰਵਾਈ 'ਚ ਕੁਝ ਬਦਲਾਅ ਕੀਤੇ ਗਏ ਹਨ, ਬਦਲਾਅ



ਅਨੁਸਾਰ ਮੌਨਸੂਨ ਸੈਸ਼ਨ 'ਚ ਪ੍ਰਸ਼ਨਕਾਲ ਨਹੀਂ ਹੋਵੇਗਾ। ਲੋਕ ਸਭਾ 'ਚ ਸੈਸ਼ਨ ਪਹਿਲੇ ਦਿਨ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤਕ ਬੈਠੇਗਾ। ਬਾਕੀ ਦਿਨ ਦੁਪਹਿਰ ਤਿੰਨ ਵਜੇ ਤੋਂ ਸ਼ਾਮ ਸੱਤ ਵਜੇ ਤਕ ਬੈਠਕ ਹੋਵੇਗੀ। ਪ੍ਰਾਈਵੇਟ ਮੈਂਬਰ ਭੁਸਨਿਇਸਸ ਨਹੀਂ ਹੋਵੇਗਾ। ਇਸ ਤਰ੍ਹਾਂ ਸਭਾ ਪਹਿਲੇ ਦਿਨ ਭਾਵ 14 ਸਤੰਬਰ ਨੂੰ ਦੁਪਹਿਰ ਤਿੰਨ ਵਜੇ ਤੋਂ ਸ਼ਾਮ ਸੱਤ ਵਜੇ ਤਕ ਬੈਠੇਗੀ ਪਰ ਬਾਕੀ ਦਿਨ ਸਵੇਰੇ 9 ਵਜੇ ਤੋਂ ਦੁਪਹਿਰ ਇਕ ਵਜੇ ਤਕ ਹੀ ਬੈਠੇਗੀ। ਸ਼ਨੀਵਾਰ ਤੇ ਐਤਵਾਰ ਛੁੱਟੀ ਨਹੀਂ ਹੋਵੇਗੀ। 14 ਸਤੰਬਰ ਤੋਂ ਇਕ ਅਕਤੂਬਰ ਤਕ 18 ਬੈਠਕਾਂ ਹੋਣਗੀਆਂ। ਜ਼ਿਕਰਯੋਗ ਹੈ ਕਿ ਸੰਸਦ ਮੌਨਸੂਨ ਸੈਸ਼ਨ ਤੋਂ ਪਹਿਲਾਂ ਰਾਜਸਭਾ ਦੇ ਚੇਅਰਮੈਨ ਐੱਮ ਵੈਂਕਈਆ ਨਾਇਡੂ ਨੇ ਸੰਸਦ ਮੈਂਬਰਾਂ ਦੀ ਸਿਹਤ ਨਿਸ਼ਚਿਤ ਕਰਨ ਦੇ ਮੁੱਦੇ 'ਤੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈਸੀਐੱਮਆਰ) ਦੇ ਮਹਾ ਨਿਰਦੇਸ਼ਕ ਤੇ ਕੇਂਦਰੀ ਗ੍ਰਹਿ, ਸਿਹਤ ਤੇ ਖੋਜ ਵਿਭਾਗਾਂ ਦੀ ਸਕੱਤਰ ਸੰਗ ਬੈਠਕ ਕੀਤੀ ਗਈ ਸੀ।

## ਹਰਨੇਕ ਸਿੰਘ ਰੰਨਦੇਵ ਦੀ ਹਵਾਈ ਜਹਾਜ਼ 'ਚੋਂ ਉਤਰਦਿਆਂ ਮੌਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬ ਜੰਗਲਾਤ ਮਹਿਕਮੇ ਦੇ ਆਈ. ਐਸ. ਐਫ. ਹਰਨੇਕ ਸਿੰਘ ਰੰਨਦੇਵ (82) ਸਾਬਕਾ ਡਾਇਰੈਕਟਰ ਛਤਬੀਰ ਜ਼ੂ ਅਤੇ ਡਿਵੈਲਪਮੈਂਟ ਕਮਿਸ਼ਨ ਕੈਨੇਡੀ ਏਰੀਆ ਡਿਵੈਲਪਮੈਂਟ ਰਹਿ ਚੁੱਕੇ ਭਾਰਤ ਤੋਂ ਸਿਆਟਲ ਪਹੁੰਚਣ ਲਈ ਸੈਨਫਰਾਂਸਿਸਕੋ ਹਵਾਈ ਅੱਡੇ ਤੇ ਉਤਰਦਿਆਂ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਹਰਨੇਕ ਸਿੰਘ ਰੰਨਦੇਵ ਪਿਛਲੇ 17-18 ਸਾਲ ਤੋਂ ਸਿਆਟ ਰਹਿ ਰਹੇ ਸਨ ਜੋ ਆਪਣੇ ਪਿੱਛੇ ਪਤਨੀ ਗੁਰਦੀਪ ਕੌਰ ਅਤੇ ਦੋ ਲੜਕੇ ਅਮਨਵੀਰ ਸਿੰਘ ਤੇ ਮਨਿੰਦਰਵੀਰ ਸਿੰਘ ਰੰਨਦੇਵ ਛੱਡ ਗਏ ਹਨ, ਜਿਹਨਾਂ ਦਾ ਸਸਕਾਰ ਵੀਰਵਾਰ 3 ਸਤੰਬਰ ਨੂੰ 3 ਵਜੇ ਅਤੇ ਉਪਰੰਤ ਗਰਦੁਆਰਾ ਸਿੰਘ ਸਭਾ ਅੰਤਿਮ ਅਰਦਾਸ ਹੋਵੇਗੀ।



ਅਵਤਾਰ ਸਿੰਘ ਆਦਮਪੁਰੀ, ਗੁਰਦੀਪ ਸਿੰਘ ਸਿੱਧੂ, ਕੁਲਵੰਤ ਸਿੰਘ ਸ਼ਾਹ, ਸੈਮ ਵਿਰਕ ਤੇ ਉਂਕਾਰ ਭੰਡਾਲ ਨੇ ਪਰਿਵਾਰਾਂ ਨਾਲ ਦੁੱਖ ਪ੍ਰਗਟ ਕੀਤਾ।

# ਡਾ. ਪਰਾਗ ਦੀਵਾਨ ਨੇ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੇ ਦੂਜੇ ਵਾਈਸ ਚਾਂਸਲਰ ਵਜੋਂ ਸੰਭਾਲਿਆ ਅਹੁਦਾ

ਸਿੱਖਿਅਕ ਸੰਸਥਾਵਾਂ ਨੂੰ ਚੌਥੀ ਉਦਯੋਗਿਕ ਕ੍ਰਾਂਤੀ ਅਨੁਸਾਰ ਸਿੱਖਿਆ ਦਾ ਪੱਧਰ ਢਾਲਣ ਲਈ 'ਐਜੂਕੇਸ਼ਨ-4.0' ਦਾ ਢਾਂਚਾ ਤਿਆਰ ਕਰਨ ਦੀ ਲੋੜ ਹੈ। ਸਿੱਖਿਆ, ਪਾਠਕ੍ਰਮ ਅਤੇ ਤਕਨਾਲੋਜੀ ਚੌਥੀ ਉਦਯੋਗਿਕ ਕ੍ਰਾਂਤੀ ਦਾ ਆਧਾਰ ਹੈ ਅਤੇ ਇਨ੍ਹਾਂ ਖੇਤਰਾਂ ਦਾ ਵਿਕਾਸ ਕਰਕੇ ਅਸੀਂ ਭਵਿੱਖ ਦੇ ਸੰਭਾਵਿਤ ਨਤੀਜੇ ਪ੍ਰਾਪਤ ਕਰ ਸਕਦੇ ਹਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦੇਸ਼ ਦੀਆਂ ਨਾਮਵਰ ਵਿਦਿਅਕ ਸੰਸਥਾਵਾਂ ਵਿੱਚ ਅਹਿਮ ਸੇਵਾਵਾਂ ਨਿਭਾ ਚੁੱਕੇ ਡਾ. ਪਰਾਗ ਦੀਵਾਨ ਨੇ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਦੂਜੇ ਵਾਈਸ ਚਾਂਸਲਰ ਵਜੋਂ ਅਹੁਦਾ ਸੰਭਾਲਣ ਮੌਕੇ ਕੀਤਾ।'ਵਰਸਿਟੀ ਵੱਲੋਂ ਕਰਵਾਏ ਸੰਖੇਪ ਸਮਾਗਮ ਦੌਰਾਨ ਅਹੁਦਾ ਸੰਭਾਲਣ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਅਤੇ ਪ੍ਰੋ-ਚਾਂਸਲਰ ਡਾ. ਆਰ.ਐਸ. ਬਾਵਾ ਸਮੇਤ ਯੂਨੀਵਰਸਿਟੀ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਡਾ. ਪਰਾਗ ਦੀਵਾਨ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਡਾ. ਪਰਾਗ ਦੀਵਾਨ ਵੱਲੋਂ ਆਨਲਾਈਨ ਪਲੇਟਫਾਰਮ ਦੇ ਮਾਧਿਅਮ ਰਾਹੀਂ ਸਮੁੱਚੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸੰਬੋਧਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਡਾ. ਪਰਾਗ ਦੀਵਾਨ ਨੇ ਦੇਸ਼ ਦੀਆਂ ਕਈ ਪ੍ਰਮੁੱਖ ਵਿਦਿਅਕ ਅਤੇ ਕਾਰਪੋਰੇਟ ਸੰਸਥਾਵਾਂ ਦੀ ਸਫ਼ਲਤਾ ਲਈ ਵਢਮੁੱਲਾ ਯੋਗਦਾਨ ਪਾਇਆ ਹੈ।ਉਨ੍ਹਾਂ ਨੇ ਆਪਣੀ ਬਿਜਨਸ ਐਡਮਨਿਸਟ੍ਰੇਸ਼ਨ ਖੇਤਰ 'ਚ ਪੀ.ਐਚ.ਡੀ ਮੁਕੰਮਲ ਕੀਤੀ।ਤਿੰਨ ਦਹਾਕਿਆਂ ਦੇ ਸ਼ਾਨਦਾਰ ਕਾਰਜਕਾਲ ਦੌਰਾਨ ਡਾ. ਦੀਵਾਨ ਅਕਾਦਮਿਕ ਅਤੇ ਕਾਰਪੋਰੇਟ ਖੇਤਰ 'ਚ ਵੱਖੋ ਵੱਖਰੇ ਅਹੁਦਿਆਂ 'ਤੇ ਪ੍ਰਸ਼ਾਸ਼ਨਿਕ ਅਧਿਕਾਰੀ ਵਜੋਂ ਕਾਰਜਸ਼ੀਲ ਰਹੇ ਹਨ। ਦੱਸਣਯੋਗ ਹੈ ਕਿ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਡਾ. ਦੀਵਾਨ ਆਲ ਇੰਡੀਆ ਮੈਨੇਜਮੈਂਟ ਐਸੋਸੀਏਸ਼ਨ (ਏ.ਆਈ.ਐਸ.ਏ) ਸੈਂਟਰ ਫ਼ਾਰ ਮੈਨੇਜਮੈਂਟ ਸਰਵਿਸਿਜ਼ (ਸੀ.ਐਮ.ਐਸ) ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ।ਆਪਣੀ ਮਿਹਨਤ ਅਤੇ ਲਗਨ ਨਾਲ ਸਾਲ 2001 ਵਿੱਚ ਉਹ ਯੂ.ਪੀ.ਈ.ਐਸ 'ਚ ਦੇਸ਼ ਦੇ ਸੱਭ ਤੋਂ ਘੱਟ ਉਮਰ ਦੇ ਉਪ ਕੁਲਪਤੀ ਬਣੇ।ਡਾ. ਦੀਵਾਨ ਨੇ ਮੈਕਸੀਕੋ, ਮਲੇਸ਼ੀਆ, ਸਾਈਪ੍ਰਸ, ਤੁਰਕੀ ਦੀਆਂ ਲੌਰੀਏਟ ਯੂਨੀਵਰਸਿਟੀਆਂ ਵਿੱਚ ਊਰਜਾ, ਇਨਫ੍ਰਾਸਟ੍ਰਾਕਚਰ ਅਤੇ ਤਕਨਾਲੋਜੀ ਖੇਤਰਾਂ ਵਿੱਚ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਦੀ ਸਥਾਪਨਾ ਕੀਤੀ ਹੈ।ਉਨ੍ਹਾਂ ਨੇ 200 ਤੋਂ ਵੱਧ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਹਨ ਉਥੇ ਹੀ ਮੈਨੇਜਮੈਂਟ, ਕੰਪਿਊਟਿੰਗ ਵਿਸ਼ਿਆਂ ਅਤੇ ਊਰਜਾ ਖੇਤਰ ਸਬੰਧੀ 50 ਪੁਸਤਕਾਂ ਲਿਖੀਆਂ ਹਨ ਅਤੇ ਮੈਨੇਜਮੈਂਟ ਵਿਸ਼ਿਆਂ ਬਾਬਤ 20 ਤੋਂ ਵੱਧ ਆਡੀਓ-ਵੀਡਿਓ ਕੈਸਿਟਾਂ ਜਾਰੀ ਕੀਤੀਆਂ ਹਨ।ਉਨ੍ਹਾਂ ਨੇ ਆਪਣੀਆਂ ਸ਼ਾਨਦਾਰ ਸੇਵਾਵਾਂ ਅਤੇ ਤਜ਼ਰਬੇ ਬਦਲੇ ਕਈ ਵਿਅਕਤੀਗਤ ਅਤੇ ਸੰਸਥਾਗਤ ਐਵਾਰਡ ਹਾਸਲ ਕੀਤੇ ਹਨ, ਜਿਨ੍ਹਾਂ ਵਿੱਚ ਆਨਲਾਈਨ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਕਾਰਜਾਂ ਲਈ ਵਕਾਰੀ 'ਹੈਵਲੈਟ ਪੈਕਾਰਡ ਫੈਲੋਸ਼ਿਪ' ਐਵਾਰਡ ਅਤੇ ਆਊਟਸਟੈਂਡਿੰਗ ਲੀਡਰਸ਼ਿਪ ਐਵਾਰਡ ਸ਼ਾਮਲ ਹਨ।





ਇਸ ਮੌਕੇ ਸੰਬੋਧਨ ਕਰਦਿਆਂ ਡਾ. ਦੀਵਾਨ ਨੇ ਮੌਜੂਦਾ ਲੋੜਾਂ ਅਨੁਸਾਰ ਸਿੱਖਿਆ, ਇਨੋਵੇਸ਼ਨ, ਰਿਸਰਚ ਵਿੱਚ ਸੰਭਾਵਿਕ ਤਬਦੀਲੀਆਂ ਕਰਕੇ 'ਵਰਸਿਟੀ ਨੂੰ 'ਯੂਨੀਵਰਸਿਟੀ 4.0' ਢਾਂਚੇ ਤਹਿਤ ਅੱਗੇ ਲਿਜਾਣ ਦੀ ਤਜਵੀਜ਼ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਸਨਮੁੱਖ ਰੱਖੀ।ਇਸ ਮੌਕੇ ਉਨ੍ਹਾਂ ਚੌਥੀ ਉਦਯੋਗਿਕ ਕ੍ਰਾਂਤੀ ਗਿਆਨ ਅਤੇ ਹੁਨਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਸਮਰੱਥ ਹੈ।ਉਦਯੋਗਿਕ ਕ੍ਰਾਂਤੀ ਦੇ ਨਤੀਜਿਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਇੱਕ ਪਾਸੇ ਇਹ ਕ੍ਰਾਂਤੀ ਵਿਸ਼ਵਵਿਆਪੀ ਆਮਦਨੀ ਦੇ ਪੱਧਰ ਨੂੰ ਵਧਾਉਣ ਵਿੱਚ ਵੱਡਾ ਯੋਗਦਾਨ ਪਾਏਗੀ ਉਥੇ ਹੀ ਤਕਨਾਲੋਜੀ ਨੇ ਉਤਪਾਦਾਂ ਅਤੇ ਸੇਵਾਵਾਂ ਦੀ ਸਿਰਜਣਾ ਸੰਭਵ ਕਰ ਦਿੱਤੀ ਹੈ, ਜੋ ਸਾਨੂੰ ਜ਼ਿੰਦਗੀ ਜਿਊਣ ਲਈ ਬਿਹਤਰ ਬਣਾਵੇਗੀ। ਇਸ ਲਈ ਪੜ੍ਹਨ ਅਤੇ ਸਿੱਖਣ ਦੇ ਢਾਂਚੇ ਵਿੱਚ ਤਬਦੀਲੀਆਂ ਲਈ ਜ਼ਰੂਰੀ ਹੈ ਕਿ ਵਿਦਿਅਕ ਸੰਸਥਾਵਾਂ ਨਵੀਂਆਂ ਵਿਦਿਅਕ ਤਕਨੀਕਾਂ ਦਾ ਵਿਕਾਸ ਕਰਨ।ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਇਨੋਵੇਸ਼ਨ ਵੱਲ ਪ੍ਰਫੁਲਿਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇੰਡਸਟਰੀ ਅਤੇ ਸਮਾਜ ਦੀਆਂ ਮੌਜੂਦਾ ਜ਼ਰੂਰਤਾਂ ਮੁਤਾਬਕ ਪਾਠਕ੍ਰਮ ਤਿਆਰ ਕਰਨਾ ਅਹਿਮੀਅਤ ਰੱਖਦਾ ਹੈ।

ਉਨ੍ਹਾਂ ਕਿਹਾ ਕਿ ਸਾਡਾ ਟੀਚਾ ਰਹੇਗਾ ਕਿ ਅਗਲੇ ਪੰਜ ਸਾਲਾਂ ਵਿੱਚ ਇੱਕ ਯੋਗ ਰਣਨੀਤਕ ਢਾਂਚਾ ਤਿਆਰ ਕੀਤਾ ਜਾਵੇ ਤਾਂ ਜੋ 'ਵਰਸਿਟੀ ਨੂੰ ਅੰਤਰਰਾਸ਼ਟਰੀ ਪੱਧਰ ਦੀ ਮਾਨਤਾ ਕਿਊ ਐਸ ਰੈਕਿੰਗ ਵੱਲ ਲਿਜਾਇਆ ਜਾਵੇ ਅਤੇ ਮਾਨਤਾ ਪੱਖੋਂ 'ਵਰਸਿਟੀ ਨੂੰ ਏ ਪਲੱਸ ਤੋਂ ਏ++ ਦੀ ਰਾਸ਼ਟਰੀ ਮਾਨਤਾ ਪ੍ਰਾਪਤ ਕਰਨ ਲਈ ਯੋਗ ਅਤੇ ਮਿਆਰਾ ਵਿਦਿਅਕ ਢਾਂਚਾ ਸਿਰਜਿਆ ਜਾਵੇ।ਉਨ੍ਹਾਂ ਕਿਹਾ ਕਿ ਆਰਟੀਫ਼ੀਸ਼ੀਅਲ ਇਟੈਂਲੀਜੈਂਸ, ਇੰਟਰਨੈਟ ਆਫ਼ ਥਿੰਗਜ਼, ਆਟੋਨੋਮਸ ਵਾਹਨ, ਬਾਇਓਟੈਕਨਾਲੋਜੀ, ਨੈਨੋ ਟੈਕਨਾਲੋਜੀ, 3ਡੀ ਪ੍ਰਿੰਟਿੰਗ, ਮਟੀਰੀਅਲ ਸਾਇੰਸ, ਕੁਆਂਟਮ ਕੰਪਿਊਟਿੰਗ ਅਤੇ ਐਨਰਜੀ ਸਟੋਰੇਜ਼ ਵਰਗੇ ਖੇਤਰਾਂ 'ਚ ਤੇਜ਼ੀ ਨਾਲ ਹੋ ਰਹੇ ਵਿਕਾਸ ਕਾਰਨ ਇਨੋਵੇਸ਼ਨ ਨੂੰ ਪ੍ਰਫੁਲਿਤ ਕਰਨਾ ਸਮੇਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਖੋਜ ਖੇਤਰ ਵਿੱਚ ਨਵੀਂਆਂ ਤਕਨੀਕਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਇਨੋਵੇਸ਼ਨ ਉਤਪਾਦਾਂ ਨੂੰ ਜ਼ਮੀਨੀ ਪੱਧਰ 'ਤੇ ਮਾਰਕੀਟ ਵਿੱਚ ਉਤਾਰਿਆਂ ਜਾ ਸਕੇ।ਉਨ੍ਹਾਂ ਕਿਹਾ ਆਧੁਨਿਕ ਯੁੱਗ ਵਿੱਚ ਆਧੁਨਿਕ ਮਹੌਲ ਵਿੱਚ ਪੈਦਾ ਹੋਈ ਨੌਜਵਾਨੀ ਲਈ ਲਿਬਰਲ ਆਰਟਸ, ਡਿਜੀਟਲ ਮਾਰਕਟਿੰਗ, ਬਿਜਨਸ ਐਨਾਲਿਟਕਸ, ਮਸ਼ੀਨ ਲਰਨਿੰਗ, ਫਾਈਨਾਂਸ਼ੀਅਲ ਟੈਕਨਾਲੋਜੀ ਆਦਿ ਵਿਸ਼ਿਆਂ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣ ਅਹਿਮ ਹੈ।

ਇਸ ਮੌਕੇ ਉਨ੍ਹਾਂ 'ਵਰਸਿਟੀ ਨੂੰ ਮੌਜੂਦਾ ਸਮੇਂ ਅਨੁਸਾਰ ਅੱਗੇ ਲੈ ਕੇ ਜਾਣ ਵਿੱਚ ਆਪਣੀ ਯਤਨਸ਼ੀਲਤਾ ਸਬੰਧੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਦਾ ਟੀਚਾ ਰਹੇਗਾ ਕਿ ਵਧੀਆ ਵਿਦਿਆਰਥੀ ਨਤੀਜਿਆਂ ਲਈ ਇੰਡਸਟਰੀ ਗਠਜੋੜਾਂ, ਅੰਤਰਾਸ਼ਟਰੀ ਗਠਜੋੜਾਂ, ਇਨੋਵੇਸ਼ਨ ਅਤੇ ਰਿਸਰਚ ਖੇਤਰਾਂ ਵੱਲ ਕੇਂਦਰਿਤ ਕੀਤਾ ਜਾਵੇ।ਚੌਥੀ ਉਦਯੋਗਿਕ ਕ੍ਰਾਂਤੀ ਨੂੰ ਇੱਕ ਮਹੱਤਵਪੂਰਨ ਪੜਾਅ ਦੱਸਦਿਆਂ ਡਾ. ਦੀਵਾਨ ਨੇ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦੇਸ਼ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ ਅਤੇ ਸਾਨੂੰ ਆਪਣੇ ਵਿਦਿਆਰਥੀਆਂ ਨੂੰ ਆਧੁਨਿਕ ਉਦਯੋਗਿਕ ਖੇਤਰ ਦੀਆਂ ਇੱਛਾਵਾਂ ਅਨੁਸਾਰ ਕਰਨਾ ਹੈ ਜਦਕਿ ਉਨ੍ਹਾਂ ਦੀ ਸਿੱਖਿਆ ਵਿੱਚ ਸੰਭਵ ਤਬਦੀਲੀਆਂ ਲਿਆਉਣੀਆਂ ਅਹਿਮ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਮੌਜੂਦਾ ਸਮੇਂ ਵਿੱਚ ਬਹੁਤ ਤਬਦੀਲੀ ਆਈ ਹੈ ਅਤੇ ਭਵਿੱਖ ਦੇ ਪ੍ਰਸੰਗ ਤਹਿਤ ਸਾਨੂੰ ਨੌਜਵਾਨਾਂ ਦੇ ਹੁਨਰ ਨੂੰ ਹੋਰ ਵਧਾਉਣਾ ਹੈ ਅਤੇ ਵਿਦਿਆਰਥੀਆਂ ਨੂੰ ਨਵੀਨਤਾਕਾਰੀ ਸੋਚ ਅਤੇ ਨਵੀਨਤਾ ਵੱਲ ਉਤਸ਼ਾਹਿਤ ਕਰਨ ਲਈ ਸਹਾਇਤਾ ਪ੍ਰਦਾਨ ਕਰਵਾਉਣੀ ਹੈ।ਉਨ੍ਹਾਂ ਕਿਹਾ ਕਿ ਨਵੀਂ ਪੀੜੀ ਨੂੰ ਵੱਧ ਤੋਂ ਵੱਧ ਗਿਆਨ ਪ੍ਰਦਾਨ ਕਰਨ, ਹਰ ਵਿਦਿਆਰਥੀ ਦੀ ਪੜ੍ਹਾਈ ਲਈ ਪਹੁੰਚ ਅਤੇ ਨਵੀਨਤਾ ਵਧਾ ਕੇ ਨਵੀਂ ਅਤੇ ਆਧੁਨਿਕ ਉਦਯੋਗ ਆਧਾਰਿਤ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਅਜੋਕੀ ਪੀੜ੍ਹੀ ਦੀਆਂ ਲੋੜਾਂ ਅਨੁਸਾਰ ਸਾਨੂੰ ਕਲਾਸਰੂਮ ਦੇ ਨਾਲ ਨਾਲ ਸਮੁੱਚੇ ਕੈਂਪਸ ਵਿੱਚ ਵਾਈ ਫਾਈ ਨੈਟਵਰਕ ਦੀ ਸਹੂਲਤ ਮੁਹੱਈਆ ਕਰਨੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ ਕਿਤੇ ਵੀ ਪੜ੍ਹਾਈ ਕਰ ਸਕਣ ਅਤੇ ਸਿੱਖ ਸਕਣ।ਉਨ੍ਹਾਂ ਕਿਹਾ ਕਿ ਸੋਸ਼ਲ ਇੰਟੈਲੀਜੈਂਸ, ਨਵੀਂ ਮੀਡੀਆ ਸਾਜਰਤਾ, ਨਿਊ ਮਾਈਂਡ ਸੈਟ ਦੇ ਨਾਲ ਵਿਦਿਆਰਥੀਆਂ ਦੇ ਹੁਨਰਾਂ ਨੂੰ ਵਧਾਉਣ 'ਤੇ ਜ਼ੋਰ ਦੇਣ ਦੀ ਲੋੜ ਹੈ। ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਡਾ. ਪਰਾਗ ਦੀਵਾਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਅਕਾਦਮਿਕ ਅਤੇ ਕਾਰਪੋਰੇਟ ਵਿੱਚ ਆਪਣੇ ਵਿਸ਼ਾਲ ਤਜ਼ਰਬੇ ਨੂੰ ਸਾਡੀ ਸੰਸਥਾ ਵਿੱਚ ਲਿਆਉਣ ਲਈ ਮਾਣ ਮਹਿਸੂਸ ਕਰਦੀ ਹੈ। ਉਨ੍ਹਾਂ ਕਿਹਾ ਕਿ ਡਾ. ਦੀਵਾਨ ਦੀ ਮੁਹਾਰਤ, ਮਾਰਗ ਦਰਸ਼ਨ ਅਤੇ ਅਗਵਾਈ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਨਵੀਂਆਂ ਉਚਾਈਆਂ ਨੂੰ ਮਾਪਣ ਲਈ ਤਿਆਰ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਡਾ. ਦੀਵਾਨ 'ਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਅਤੇ ਸਮੁੱਚੀ ਟੀਮ ਵੱਲੋਂ ਬਣਾਈ ਸ਼ਾਨਦਾਰ ਵਿਰਾਸਤ ਨੂੰ ਅੱਗੇ ਲਿਜਾਣ ਵਿੱਚ ਮਦਦ ਕਰਨਗੇ।






# ਮੇਲ ਤੇ ਮੋਹ ਦਾ ਸੁਮੇਲ - ਚੰਗਾ ਗੁਆਂਢ



ਐਡਵੋਕੈਟ
ਰਵਿੰਦਰ ਸਿੰਘ ਧਾਲੀਵਾਲ
91-78374-90309

ਸਕੂਨਮਈ ਜਿੰਦਗੀ ਲਈ ਚੌਤਰਫਾ ਖੁਸ਼ਹਾਲੀ ਜਰੂਰੀ ਹੈ। ਇਹ ਲੋਕਾ ਦੀ ਸਮੂਲੀਅਤ ਨਾਲ ਸੰਭਵ ਹੈ । ਜੋ ਇਸ ਨੂੰ ਸਿਰਜ ਕੇ ਚਾਰ ਚੰਨ ਲਾਉਦੇ ਹਨ। ਗੁਆਂਢ ਦੀ ਭੂਮਿਕਾ ਖਾਸ ਮਹੱਤਵ ਰੱਖਦੀ ਹੈ । ਜਿਹੜੇ ਸਾਡੇ ਘਰਾਂ ਨਾਲ ਜੁੜਦੇ ਸੱਜੇ ਖੱਬੇ ਪਾਸੇ ਰਿਹਦੇ ਤੇ ਹਰ ਰੋਜ ਮਿਲਦੇ ਹਨ। ਸਭ ਤੋ ਪਹਿਲਾ ਦੁੱਖਾ- ਸੁੱਖਾ ਵਿੱਚ ਭਾਗੀਦਾਰ ਬਣਦੇ । ਇਸੇ ਲਈ ਬਜੁਰਗ ਆਖਦੇ ਹਨ ਕਿ ਚੰਗੇ ਗੁਆਢੀ ਅਨਮੋਲ ਬਖਸਿਸ਼ਾ ਤੋ ਘੱਟ ਨਹੀ ਹੁੰਦੇ। ਉਹਨਾਂ ਕੋਲ ਰਹਦਿਆ ਜਿੰਦਗੀ ਸੁਖਦ ਤੇ ਅਨੰਦਾਇਕ ਜਾਪਦੀ ਹੈ। ਇਸ ਕਾਰਨ ਹਕੀਕਤ ਵਿੱਚ ਸਬਦ "ਚੰਦਰਾ ਗੁਆਢ ਨਾ ਹੋਵੋ " ਮਾਨਵੀ ਕਦਰਾਂ-ਕੀਮਤਾ ਦੀ ਹਾਮੀ ਭਰਦੇ ਵਡਮੁੱਲੇ ਜਾਪਦੇ ਹਨ । ਚੰਗਾ ਗੁਆਂਢ ਨੇਕ ਸੰਸਕਾਰਾ ਦੀ ਉਪਜ ਹੈ । ਜਿਹੜੇ ਪੀੜੀ-ਦਰ-ਪੀੜੀ ਅੱਗੇ ਚਲਦੇ ਹਨ । ਅਜਿਹੀ ਸਖਸੀਅਤ ਲੋਕਾ ਵਿੱਚ ਸਤਿਕਾਰ ਦੀ ਪਾਤਰ ਬਣਦੀ ਹੈ ।

ਪਿੰਡਾ ਵਿੱਚ ਸਾਝੀਵਾਲਤਾ ਨੂੰ ਸੰਜੀਦਗੀ ਨਾਲ ਨਿਭਾਇਆ ਜਾਦਾ ਸੀ । ਲੋਕੀ ਇਕ ਦੂਜੇ ਦੀ ਹਿਫਾਜਤ ਕਰਦੇ ਤੇ ਕੰਮ ਵਿੱਚ ਵੀ ਹੱਥ ਵਟਾਉਦੇ ਸਨ। ਖੇਤ ਜਾਂ ਸਹਿਰ ਜਾਦਿਆ ਉਧਰ ਦੇ ਕੰਮ ਹੋਵਣ ਤਾ ਕਰਨ ਦਾ ਬੋਝ ਨਹੀ ਸਮਝਦੇ । ਇਹ ਸਾਂਝ ਇਥੇ ਤੱਕ ਹੀ ਸੀਮਤ ਨਹੀ,ਸਗੋ ਸਾਗ ਸਬਜੀਆ, ਮਸ਼ੀਨਰੀ, ਖੇਤੀਬਾੜੀ ਸੰਦਾ ਜਾ ਪੈਸੇ ਟਕਾ ਦਾ ਬੁੱਤਾ ਸਾਰਨ ਲੱਗੇ ਪਰਵਾਹ ਨਹੀ ਕਰਦੇ। ਵਿਆਹ-ਸਾਦੀ ਮੌਕੇ ਵੀ ਗੁਆਢ ਘਰ ਦੀ ਵਾਧੂ ਵਰਤੋ ਹੁੰਦੀ ਸੀ। ਉਥੇ ਹੀ ਹਲਵਾਈ ਬਠਾਉਣ, ਸਰੀਕੇ ਰੋਟੀ, ਮੰਜੇ-ਬਿਸਤਰੇ, ਦਾਜ ਦਾ ਸਮਾਨ ਤੇ ਖਾਸ ਮਹਿਮਾਨਾਂ ਦੇ ਕਮਰੇ ਦਾ ਪ੍ਰਬੰਧ ਹੋ ਜਾਦਾ । ਉਹ ਵੀ ਪਰਿਵਾਰਕ ਕਾਰਜ ਸਮਝ ਖੁਸੀ- ਖੁਸੀ ਕੰਮ ਕਰਦੇ। ਬੀਤੇ ਵੇਲੇ 'ਚ ਸਾਧਨਾ ਜਾ ਪੈਸੇ ਦੀ ਤੋਟ ਜਰੂਰ ਸੀ। ਪਰ ਨਿਸਵਾਰਥ ਸੇਵਾ ਭਾਵਨਾ ਨਾਲ ਸਭ ਕਾਰ-ਵਿਹਾਰ ਪੂਰ ਚੜਦੇ। ਇਥੋ ਤੱਕ ਸਕੀਰੀਆ ਨੂੰ ਜਾਣ ਵੇਲੇ ਪਸ਼ੂਆ ਲਈ ਹਰੇ ਚਾਰੇ ਤੇ ਬਜੁਰਗਾ ਦੀ ਰੋਟੀ-ਟੁੱਕ ਦਾ ਜਿੰਮੇ ਵੀ ਖਿੜੇ ਮੱਥੇ ਕਬੂਲਦੇ। ਹੁਣ ਇਹ ਮੋਹ ਦਾ ਵਰਤਾਰਾ ਘਟਦਾ ਜਾ ਰਿਹਾ ਸ਼ਹਿਰ ਵਿੱਚ ਤਾ ਪਹਿਲਾ ਹੀ ਨਾਮਾਤਰ ਸੀ। ਨੌਕਰੀ ਪੇਸ਼ਾ ਜਾ ਵਪਾਰਕ ਕੰਮਾ ਰਝੇਵੇ ਕਾਰਨ ਸਮੇ ਦੀ ਘਾਟ ਜੂਰਰ ਮੰਨਦੇ ਹਾਂ। ਪਰ ਇਹ ਸਮਾਜਿਕ ਮੇਲ-ਜੋਲ ਲਈ ਸੰਸਕਾਰੀ ਪਰਵਿਰਤੀ ਨਹੀ। ਜਿਸ ਦੀਆ ਉਦਾਹਰਨਾ ਸਮਾਗਮਾ ਵਿੱਚ ਖਾਨਾ ਪੂਰਤੀ ਕਰਨ ਸਮਾਪਤੀ ਸਮੇ ਆਉਦੇ ਲੋਕੀ ਆਮ ਹੀ ਦੇਖੇ ਜਾਦੇ ਹਨ।

ਇਕਹਿਰੇ ਪਰਿਵਾਰ ਦੀ ਲਹਿਰ ਨੇ ਟੱਬਰ ਵਾਲਾ ਸ਼ਦੀਵੀ ਸਨੇਹ ਖਤਮ ਕਰ ਦਿੱਤਾ। ਹੁਣ ਕੰਮਾਂ ਕਾਰਾ ਵੱਲ ਜਾਣ ਪਿਛੋ ਘਰਾ ਵਿੱਚ ਇਕੱਲੇ ਬੱਚੇ ਜਾ ਬਜੁਰਗ ਹੀ ਦਿਖਦੇ ਹਨ। ਅਜਿਹੇ ਦੌਰ ਵਿੱਚ ਨੇਕਦਿਲ ਗੁਆਂਢ ਹੋਣਾ ਜਿਆਦਾ ਜਰੂਰੀ ਹੋ ਗਿਆ । ਜਿਸ ਦੇ ਸਹਾਰੇ ਅਸੀ ਪਰਿਵਾਰ ਨੂੰ ਮਹਿਫੂਜ ਸਮਝਦੇ ਹਾਂ। ਜੋ ਸੁਰੱਖਿਆ ਹੀ ਨਹੀ ਬਲਕਿ ਖਾਣੇ ਤੇ ਦਵਾ-ਦਾਰੂ ਦਾ ਵੀ ਖਿਆਲ ਰੱਖਦੇ ਹਨ। ਬੱਚਿਆ ਲਈ ਵਧੀਆ ਗੁਣਾ ਦਾ ਧਾਰਨੀ ਮਨੁੱਖ ਸੰਸਥਾ ਦੇ ਸਮਾਨ ਹੁੰਦਾ ਹੈ। ਉਸ ਦੀ ਸੰਗਤ ਵਿੱਚ ਉਤਮ ਵਿਚਾਰ ਗ੍ਰਹਿਣ ਕਰਦੇ ਹਨ। ਨਜ਼ਰੀਏ ਵਿੱਚ ਸਕਾਰਤਾਮਕ ਸੋਚ ਉਭਰਦੀ ਹੈ। ਜਿਸ ਸਦਕੇ ਜਿੰਦਗੀ ਦੇ ਔਖੇ ਪੈਂਡੇ ਵਿੱਚ ਢੇਰੀ ਨਹੀ ਢਾਉਦੇ।

21ਵੀ ਸਦੀ ਦੀਆ ਅਧੁਨਿਕ ਖੋਜਾ ਨੇ ਦੁਨੀਆ ਦੀ ਕਇਆ ਕਲਪ ਕਰ ਦਿੱਤੀ। ਪਰੰਤੂ ਮਾਨਵੀ ਮੇਲ-ਜੋਲ ਤੇ ਮਹੱਬਤੀ ਤੰਦਾਂ ਨੂੰ ਕਮਜੋਰ ਕਰ ਦਿੱਤੇ । ਸਭ ਸੁਵਿਧਾਵਾ ਮੋਬਾਇਲ ਸਹਾਰੇ ਅੱਖ ਝਪਕਦਿਆ ਮਿਲ ਜਾਦੀਆ ਹਨ। ਇਹ ਪੈਸੇ ਦੀ ਬਹੁਤਾਤ ਨੇ ਹੋਰ ਵੀ ਸੋਖਾ ਹੋ ਗਿਆ। ਦੁਨੀਆ ਭਰ ਦੇ ਅਨੰਦ ਲੋਕੀ ਘਰ ਬੈਠੇ ਮਾਣਦੇ ਹਨ। ਉਂਜ ਪਦਾਰਥਵਾਦੀ ਯੁੱਗ ਮਨੁੱਖੀ ਭਾਵਨਾਤਮਿਕ ਸਾਥ ਦੀ ਘਾਟ ਪੂਰੀ ਨਾ ਕਰ ਸਕਿਆ। ਜੋ ਬੰਦਾ ਹੀ ਬੰਦੇ ਦੀ ਦਾਰੂ ਅਖਾਣ ਦੀ ਅਟੁੱਟ ਪ੍ਰਵਾਨਤਾ ਹੈ। ਜਿਹੜੇ ਕਾਰਜ ਮਨੁੱਖ ਸਮਾਜ ਜਾ ਮਾਨਵਤਾ ਭਲਾਈ ਲਈ ਕਰਦਾ ਹੈ ਉਹ ਮਸੀਨਾ ਜਾ ਸਿਰਫ ਪੈਸੇ ਨਾਲ ਸੰਭਵ ਨਹੀ। ਜਦੋ ਵਿਸਵਾਸ ਯੋਗ ਨਿਰਸਵਾਰਥ ਸਾਥ ਮਿਲ ਜਾਵੇ ਉਹ ਹੋਸਲਾ ਸੰਸਾਰ ਜਿੱਤਣ ਵਰਗਾ ਜਾਪਦਾ ਹੈ। ਹੱਸਮੁੱਖ ਤੇ ਮਿਲਾਪੜਾ ਸੁਭਾਅ ਸਹਿਜ ਮਨੁੱਖ ਦੀ ਨਿਸਾਨੀ ਹੈ। ਜੋ ਨਿਰੋਏ ਸਮਾਜ ਦੇ ਘੇਰੇ ਨੂੰ ਵਿਸਾਲ ਕਰਦਾ ਹੈ। ਅਜਿਹੇ ਸੰਗੀ ਸਾਥੀ ਮੁਸੀਬਤਾ ਵੇਲੇ ਚਟਾਨਾ ਵਾਗ ਨਾਲ ਖੜਦੇ ਹਨ।

ਤਿਉਹਾਰ ਜੀਵਨ ਦਾ ਖੁਸ਼ਨੁਮਾ ਭਾਗ ਹਨ। ਜਿਸ ਤੋ ਬਿਨਾ ਦੁਨੀਆ ਬੇਰੰਗੀ ਹੈ। ਲੋਕੀ ਇਕੱਠੇ ਹੋ ਬੜੇ ਚਾਵਾਂ-ਮਲਾਰਾਂ ਨਾਲ ਮਨਾਉਦੇ ਹਨ। ਹਰ ਵਾਰ ਸਕੇ-ਸੰਬੰਧੀ ਸਾਮਿਲ ਨਹੀ ਹੋ ਸਕਦੇ। ਸੋ ਇਹਨਾ ਨੂੰ ਮਾਨਣਾ ਅਜੀਜ ਗੁਵਾਂਢ ਬਿਨਾ ਅਧੂਰਾ ਹੈ। ਇਕ ਕੁਨਬੇ ਵਾਗ ਸਭ ਮਿਲ ਕੇ ਅਨੰਦ ਮਾਣਦੇ ਹਨ। ਦੀਵਾਲੀ, ਹੋਲੀ ਵਰਗੇ ਤਿਉਹਾਰਾ ਦੀਆ ਖੁਸ਼ੀਆ ਦੂਣ ਸੁਵਾਈਆ ਹੋ ਜਾਦੀਆ । ਇਕੱਲੇ ਕਿਹਰੇ ਬੱਚੇ ਇੱਕੱਠੇ ਹੋ ਮੈਦਾਨੀ ਖੇਡਾ ਖੇਡਦੇ ਨਹੀ ਥੱਕਦੇ। ਇਹ ਸਰੀਰਕ ਸੁਤੰਲਨ ਤੇ ਫਾਸਟ ਫੂਡ ਖਾਣਿਆ ਕਰਕੇ ਜਰੂਰੀ ਵੀ ਹੈ। ਬੁਜਰਗਾਂ ਦਾ ਸਮਾ ਵਧੀਆ ਬੀਤਦਾ ਹੈ । ਸਵੇਰੇ ਸਾਮ ਦੀ ਸੈਰ ਨਾਲ ਸਰੀਰ ਤਰੋਤਾਜਾ ਤੇ ਤੰਦਰੁਸਤ ਮਹਿਸੂਸ ਕਰਦਾ ਹੈ। ਕਈ ਵਾਰ ਢਲਦੀ ਉਮਰੇ ਲੋਕ ਚੰਗੇ ਗੁਆਂਢ ਦੇ ਸਾਥ ਕਾਰਨ ਦੂਰ ਗਰਾਂ ਜਾਣਾ ਪਸੰਦ ਨਹੀ ਕਰਦੇ। ਜੋ ਬੁਢਾਪੇ ਸਮੇ ਦੀ ਜਰੂਰਤ ਦੇ ਨਾਲੋ ਨਾਲ ਖੁਸੀਆ ਵੀ ਦਿੰਦਾ ਹੈ।

ਸਭਿਆਚਾਰ ਸਾਡੇ ਸਮਾਜ ਦਾ ਸੀਸਾ ਹੈ। ਜਿਹੜਾ ਸਾਨੂੰ ਰੀਤੀ,ਰਿਵਾਜ ਤੇ ਪ੍ਰੰਪਰਾਵਾ ਪ੍ਰਤੀ ਅਗਾਹ ਕਰਦਾ ਹੈ। ਗੁਆਢ ਪ੍ਰੰਪਰਾ ਪੁਰਖਿਆ ਦੀ ਦੇਣ ਹੈ। ਇਸ ਨੂੰ ਪ੍ਰਫੁੱਲਤ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਮੇਲ ਮਿਲਾਪ ਤੇ ਸਹਿਯੋਗ ਹੀ ਸੰਤੁਲਿਤ ਸਮਾਜ ਦੀ ਨੀਹ ਹੈ। ਜਿਸ ਨਾਲ ਅਦਬੀ ਸੰਸਾਰ ਦੀ ਸਿਰਜਣਾ ਕਰ ਸਕਦੇ ਹਾਂ। ਪੁਰਾਣੇ ਸਮਿਆ ਵਿੱਚ ਲੋਕੀ ਗੁਆਂਢ ਜਾ ਨੇੜੇ ਵਸਦੇ ਲੋਕਾ ਨੂੰ ਖਾਸ ਮਹੱਤਵ ਦਿੰਦੇ ਸਨ । ਉਹਨਾ ਨਾਲ ਚੰਗੇ ਤੇ ਲੰਮੇਰੇ ਸ਼ਬੰਧ ਰੱਖਣ ਦਾ ਯਤਨ ਕਰਦੇ ਤੇ ਪਰਿਵਾਰਕ ਮੈਬਰਾ ਵਾਗ ਵਿਚਰਦੇ। ਅਜੋਕੀ ਪੀੜੀ ਦੀ ਤੇਜ ਤਰਾਰ ਵਾਲੀ ਜੀਵਨ ਸੈਲੀ ਵਿਘਨਮਈ ਹੈ। ਸਮੇ ਦੀ ਘਾਟ, ਘਰੇਲੂ ਤੇ ਦਫਤਰੀ ਫਰਜ ਵੀ ਹਨ । ਜਿਸ ਕਾਰਨ ਬਹੁਤੇ ਲੋਕੀ ਸਮਾਜਿਕ ਜਿੰਮੇਵਾਰੀਆਂ ਤੋ ਲਾਪਰਵਾਹ ਤੇ ਸੁਭਾਅ ਦੇ ਚਿੜਚਿੜੇ ਹੋ ਜਾਦੇ ਹਨ। ਸੋਚਦੇ ਨਹੀ ਕਿ ਇਹ ਤਰੱਕੀ ਲਈ ਖੂਬਸੂਰਤ ਰਾਸਤਾ ਹੈ। ਜਿਸ ਨਾਲ ਸਾਡੇ ਅੰਦਰ ਚੁਸਤੀ ਤੇ ਨਵੀਆ ਪੁਲਾਘਾਂ ਦੀ ਉਮੰਗ ਉਮੜਦੀ ਹੈ।

ਘਰ ਵਿਚਲੇ ਚਾਰ ਭਾਡਿਆ ਦਾ ਖੜਕਣਾ ਸੁਭਾਵਕ ਹੈ।ਬੁਲੰਦ ਹੋਸਲੇ ਤੇ ਜਵਾਨ ਦੀ ਮਿਠਾਸ ਵੱਡੇ ਫੱਟ ਭਰਨ ਵਿੱਚ ਦੇਰ ਨਹੀ ਲਾਉਦੀ। ਅਮਰੀਕਾ ਦੀ ਲੇਖਿਕਾ ਹੈਲਨ ਕੈਲਰ ਦੇ ਅਨੁਸਾਰ "ਇਕੱਲੇ ਤੁਸੀ ਘੱਟ ਹੋ,ਪਰ ਇਕੱਠੇ ਹੋ ਕੇ ਬਹੁਤ ਕੁਝ ਕਰ ਸਕਦੇ ਹੋ" ਸਾਨੂੰ ਸਮੇ ਦੀ ਨਿਜਾਕਤ ਨਾਲ ਤਲਖੀ ਛੱਡ ਰਿਸਤਿਆ ਦਾ ਨਿੱਘ ਮਾਨਣ ਵੱਲ ਗੌਰ ਕਰਨੀ ਚਾਹਦੀ ਹੈ। ਤਾਂ ਜੋ ਆਢ-ਗੁਆਂਢ ਦੇ ਮਖਮਲੀ ਅਹਿਸਾਸ ਖਤਮ ਨਾ ਹੋਵਣ।

# ਟਿਕ-ਟਾਕ ਤੋਂ ਹੈਰਿਸ ਪਾਰਕ ਦੇ ਜੂਤ-ਪਤਾਂਗ ਤੱਕ



ਮਿੰਟੂ ਬਰਾੜ
+61 434 289 905

ਆਖ਼ਿਰ ਬਾਰਾਂ ਸਾਲਾਂ ਬਾਅਦ ਹੁਣ ਫੇਰ ਆਸਟ੍ਰੇਲੀਆ 'ਚ ਕੁਝ ਕੁ ਲੋਕਾਂ ਕਾਰਨ ਸਾਡਾ ਨੌਜਵਾਨ ਵਰਗ ਚਰਚਾ 'ਚ ਹੈ। ਭਾਵੇਂ ਇਹਨਾਂ ਬਾਰਾਂ ਸਾਲਾਂ ਦੌਰਾਨ ਸਾਡੇ ਬਹੁਤ ਸਾਰੇ ਬੱਚਿਆਂ ਨੇ, ਵੱਡੀਆਂ-ਵੱਡੀਆਂ ਮੱਲ੍ਹਾਂ ਮਾਰੀਆਂ। ਪਰ ਅੱਜ ਦੇ ਯੁੱਗ ਦੀ ਰੀਤ ਹੈ ਕਿ ਜੋ ਚੰਗਾ ਕਾਰਜ ਹੋਵੇ ਉਹ ਨਜ਼ਰਾਂ ਤੋਂ ਓਹਲੇ ਹੀ ਰਹਿ ਜਾਂਦਾ ਹੈ ਪਰ ਬੁਰਾ 'ਕਾਰਾ' ਨਜ਼ਰੀ ਚੜ੍ਹਦਾ ਬਿੰਦ ਨਹੀਂ ਲਾਉਂਦਾ।

ਪਹਿਲਾਂ 2008 'ਚ ਸਾਡੇ ਕੁਝ ਕੁ ਨੌਜਵਾਨ ਆਸਟ੍ਰੇਲੀਆ ਦੀਆਂ ਸੜਕਾਂ 'ਤੇ ਆਏ ਸਨ। ਉਸ ਗ਼ਲਤੀ ਦੇ ਨਤੀਜੇ ਕਈਆਂ ਨੇ, ਕਈ ਸਾਲਾਂ ਤੱਕ ਭੁਗਤੇ ਸਨ। ਉਸ ਵਕਤ ਹਾਲੇ ਫੇਰ ਵੀ ਨਰਾਜ਼ਗੀ ਦੀ ਵਜ੍ਹਾ ਸਹੀ ਸੀ, ਪਰ ਇਤਰਾਜ਼ ਜਤਾਉਣ ਦਾ ਤਰੀਕਾ ਗ਼ਲਤ ਸੀ। ਪਰ ਇਸ ਬਾਰ ਤਾਂ ਬਿਨਾਂ ਵਜ੍ਹਾ ਦੇ ਸੋਸ਼ਲ ਮੀਡੀਆ ਦੇ ਮੈਦਾਨ 'ਚ ਬੜ੍ਹਕਾਂ ਮਾਰਨ ਤੋਂ ਲੈ ਕੇ ਹੈਰਿਸ ਪਾਰਕ ਦੀਆਂ ਗਲੀਆਂ 'ਚ ਉੱਡੀਆਂ ਧੱਜੀਆਂ ਸਭ ਨੇ ਦੇਖੀਆਂ। ਅਫ਼ਸੋਸ ਇਸ ਗੱਲ ਦਾ ਹੈ ਕਿ ਹਰ ਬਾਰ ਦੀ ਤਰ੍ਹਾਂ ਇਸ ਨੂੰ ਰੰਗਤ ਭਾਈਚਾਰੇ ਦੀ ਜਾਂ ਫੇਰ ਧਰਮ ਦੀ ਦੇ ਦਿੱਤੀ ਗਈ।

ਹਰ ਪਾਸੇ ਤੋਂ ਪ੍ਰਤੀਕਰਮ ਦੇਖਣ ਸੁਣਨ ਨੂੰ ਮਿਲੇ ਪਰ ਜ਼ਿਆਦਾਤਰ ਨੇ ਇਸ ਵਰਤਾਰੇ ਦੀ ਨਿੰਦਿਆ ਹੀ ਕੀਤੀ। ਕੁਝ ਕੁ ਨੇ ਇਸ ਨੂੰ ਸਹੀ ਦਰਸਾਉਣ ਲਈ ਵੀ ਵਾਹ ਲਾਈ। ਇੱਥੇ ਹਰ ਇਕ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੈ। ਪਰ ਸਿਰਫ਼ ਇਸ ਲਈ ਟਿੰਡ 'ਚ ਕਾਨਾ ਨਹੀਂ ਫਸਾਈ ਦਾ ਹੁੰਦਾ ਕਿ ਭਾਵੇਂ ਅਸੀਂ ਸਹੀ ਹਾਂ, ਭਾਵੇਂ ਗ਼ਲਤ ਹਾਂ ਪਰ ਹਾਰਨਾ ਨਹੀਂ। ਬਿਨਾਂ ਕਿਸੇ ਵੀ ਗੱਲ ਦੀ ਤਹਿ 'ਤੇ ਗਿਆਂ ਨਤੀਜਾ ਕੱਢ ਲੈਣੇ ਸਹੀ ਨਹੀਂ ਹੁੰਦਾ।

ਬੀਤੇ ਦਿਨੀਂ ਸਿਡਨੀ 'ਚ ਜੋ ਹੋਇਆ ਉਸ ਬਾਰੇ ਕਿਸੇ ਇਕ ਧਿਰ ਨੂੰ ਦੋਸ਼ੀ ਨਹੀਂ ਗਰਦਾਨਦਿਆਂ ਜਾ ਸਕਦਾ। ਪਰ ਇਹ ਗੱਲ ਸਾਬਿਤ ਹੋ ਚੁੱਕੀ ਹੈ ਕਿ ਵਿਦੇਸ਼ 'ਚ ਹਰ ਕੋਈ ਆਪਣੀ ਕੌਮ ਰਾਜ ਜਾਂ ਦੇਸ਼ ਦਾ ਰਾਜ ਨਾਇਕ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਕੋਈ ਵੀ ਵਰਤਾਰਾ ਕਰਨ ਤੋਂ ਪਹਿਲਾਂ ਸੌ ਬਾਰ ਸੋਚ ਲੈਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਲੜਨ ਵਾਲੀਆਂ ਦੋਨੋਂ ਧਿਰਾਂ ਇੱਕੋ ਮੁਲਕ ਨਾਲ ਸੰਬੰਧਿਤ ਹਨ। ਸੋ ਤੀਜਿਆਂ 'ਤੇ ਸਾਡਾ ਜੋ ਅਕਸ ਬਣਿਆ ਉਹ ਸਭ ਦੇ ਸਾਹਮਣੇ ਹੈ। ਦੂਜੀ ਗੱਲ, ਜਿਸ ਮਸਲੇ ਦੀ ਲੜਾਈ ਸੀ, ਉਸ ਲਈ ਜੰਗ ਦਾ ਮੈਦਾਨ ਇਹ ਮੁਲਕ ਨਹੀਂ ਹੋ ਸਕਦਾ ਸੀ।

ਭਾਵੇਂ ਕੁਝ ਲੋਕ ਇਸ ਨੂੰ ਨਿੱਜੀ ਲੜਾਈ ਦਾ ਨਾਮ ਦੇ ਰਹੇ ਹਨ। ਪਰ ਮੇਰਾ ਮੰਨਣਾ ਹੈ ਕਿ ਲੜਾਈ ਉੱਨੀ ਦੇਰ ਨਿੱਜੀ ਹੁੰਦੀ ਹੈ ਜਿੰਨੀ ਦੇਰ ਕਿਸੇ ਝੰਡੇ ਥੱਲੇ ਨਾ ਲੜੀ ਜਾਵੇ। ਪਰ ਇੱਥੇ ਤਾਂ ਨਾਅਰੇ, ਜੈਕਾਰੇ ਸਭ ਮੁਲਕ ਜਾਂ ਕੌਮ ਦੀ ਅਗਵਾਈ ਕਰ ਰਹੇ ਸਨ। ਸੋ ਲੜਾਈ ਨੂੰ 'ਹਰਿਆਣਾ ਬਨਾਮ ਪੰਜਾਬ' ਦਾ ਨਾਮਕਰਨ ਕੀਤਾ ਗਿਆ।



ਭਾਵੇਂ ਧਰਮ ਨਾਲੋਂ ਪਹਿਲਾਂ ਮੈਂ ਇਨਸਾਨੀਅਤ 'ਚ ਵਿਸ਼ਵਾਸ ਰੱਖਦਾ ਹਾਂ, ਦੋਨਾਂ ਧਿਰਾਂ 'ਚ ਆਪਣੇ ਹੀ ਸਨ। ਪਰ ਮੇਰਾ ਪਹਿਲਾ ਗਿਲਾ ਉਸ ਨੌਜਵਾਨ ਨਾਲ ਹੈ, ਜੋ ਬਿਨਾਂ ਸੋਚੇ ਸਮਝੇ ਸਾਹਿਬ-ਏ-ਕਮਾਲ ਦੀ ਲਲਕਾਰ ਮਾਰ ਰਿਹਾ ਸੀ। ਉਸ ਨੂੰ ਇਹ ਲਲਕਾਰ ਮਾਰਨ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਸੀ ਕਿ ਗੁਰੂ ਸਾਹਿਬ ਨੇ ਤਾਂ ਕਿਹਾ ਕਿ ਸੂਰਾ ਉਸੇ ਨੂੰ ਸਮਝੋ ਜਿਹੜਾ ਦੀਨ ਕੇ ਹੇਤ ਲੜਦਾ ਹੈ ਜਾਂ ਬੰਦਾ ਉਹ ਹੁੰਦਾ ਜੋ ਵਕਤ ਵਿਚਾਰੇ। ਉਸ ਨੂੰ ਕੈਮਰੇ ਮੂਹਰੇ ਬਹਿ ਕੇ ਗੱਜਣ ਤੋਂ ਪਹਿਲਾਂ ਦੇਖ ਲੈਣਾ ਚਾਹੀਦਾ ਸੀ ਕਿ ਉਸ ਦੀਆਂ ਬਾਂਹਾਂ ਵਿਚ ਬਾਬਾ ਦੀਪ ਸਿੰਘ ਵਰਗਾ ਜ਼ੋਰ ਹੈ ਕੇ ਨਹੀਂ? ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਭਾਈ ਬਚਿੱਤਰ ਸਿੰਘ ਦੀ ਨਾਗਣੀ ਕੀ ਆਪੇ ਮਸਤੇ ਹਾਥੀ ਦਾ ਮੱਥਾ ਚੀਰ ਗਈ ਸੀ? ਹਰੀ ਸਿੰਘ ਨਲੂਏ ਨੂੰ 'ਨਲੂਆ' ਕਿਉਂ ਕਿਹਾ ਜਾਂਦਾ ਸੀ? ਇਸ ਬਾਰੇ ਪਤਾ ਹੋਣਾ ਚਾਹੀਦਾ ਸੀ। ਉਸ ਨੂੰ ਇਹ ਵੀ ਗਿਆਨ ਹੋਣਾ ਚਾਹੀਦਾ ਸੀ ਕਿ ਸਵਾ ਲਾਖ ਨਾਲ ਏਕ ਲੜਾਊਂ ਪਿੱਛੇ ਉਹ 'ਏਕ' ਗੁਰੂ ਦੀ ਬਖ਼ਸ਼ੀਸ਼ 'ਚੋਂ ਨਿਕਲੇ 'ਮਰਜੀਵੜੇ' ਸਨ ਜੋ ਮੈਦਾਨ 'ਚ ਆਪਣੇ ਸੈਨਾਪਤੀ ਨੂੰ ਇਕੱਲਾ ਜਾਂ ਜ਼ਖ਼ਮੀ ਨਹੀਂ ਛੱਡਦੇ ਹੁੰਦੇ। ਜੇ ਕਰ ਐਨਾ ਬਾਹੂ-ਬਲ ਨਹੀਂ ਸੀ ਤਾਂ ਮੁਗ਼ਲਾਂ ਨੂੰ ਉਨ੍ਹਾਂ ਦੇ ਦਰਬਾਰ 'ਚ ਲਲਕਾਰਨ ਵਾਲੇ ਛੋਟੇ ਸਾਹਿਬਜ਼ਾਦਿਆਂ ਵਾਂਗ ਲੋਹੇ ਦੇ ਇਰਾਦੇ ਦੇ ਧਾਰਨੀ ਹੋਣਾ ਲਾਜ਼ਮੀ ਸੀ। ਹੁਣ ਜੋ ਮਰਜ਼ੀ ਕਹੀ ਜਾਓ ਕਿ ਪਿੱਛੋਂ ਬਾਰ ਕਰ ਦਿੱਤਾ ਜਾਂ ਕੁਝ ਹੋਰ, ਪਰ ਅਸਲ 'ਚ ਜੋ ਹੋਇਆ ਉਹ ਲੋਕਾਂ ਦੇ ਸਾਹਮਣੇ ਹੈ।

ਹੁਣ ਜਾਂ ਤਾਂ ਇਸ ਵਰਤਾਰੇ ਨੂੰ ਆਪਣਾ ਨਿੱਜੀ ਮੰਨ ਕੇ ਤੁਸੀਂ ਆਪਣੇ ਆਪ ਨੂੰ ਸਹੀ ਸਾਬਿਤ ਕਰ ਸਕਦੇ ਹੋ, ਨਹੀਂ ਤਾਂ ਅੱਗੇ ਤੋਂ ਆਪੇ ਕਿਸੇ ਕੌਮ ਦੇ ਸੈਨਾਪਤੀ ਨਾ ਬਣਿਓ।

ਦੂਜਾ ਗਿਲਾ ਹਰਿਆਣਵੀ ਭਰਾਵਾਂ ਨੂੰ, ਦੱਸ ਦੇਵਾਂ ਕਿ ਨਿੱਜੀ ਗੱਲਾਂ ਨੂੰ ਜਾਤਾਂ-ਪਾਤਾਂ ਦੇ ਲੀੜੇ ਨਹੀਂ ਪਵਾਈ ਦੇ ਹੁੰਦੇ। ਜੀ ਸਦਕੇ ਤਰੱਕੀਆਂ ਕਰੋ। ਮਾਂ ਬਾਪ ਨੇ ਜੋ ਕੰਮ ਭੇਜੇ ਹੋ ਉਸ ਨੂੰ ਨੀਝ ਨਾਲ ਕਰੋ। ਥੋੜ੍ਹਾ ਜਿਹਾ ਇਤਿਹਾਸ ਵੀ ਪੜ੍ਹ ਲਓ ਕਿ ਅਸੀਂ-ਤੁਸੀਂ ਕੌਣ ਹਾਂ। ਐਵੇਂ ਨਾਂ ਮੌਕਾਪ੍ਰਸਤ ਨੇਤਾਵਾਂ ਦੀਆਂ ਗੱਲਾਂ 'ਚ ਆ ਜਾਇਆ ਕਰੋ। ਤੁਸੀਂ ਨਿੱਜੀ ਤੌਰ ਤੇ ਜੋ ਮਰਜ਼ੀ ਕਿਸੇ ਨੂੰ ਕਹਿ ਦਿਓ ਪਰ ਕਿਸੇ ਦੇ ਧਰਮ ਤੇ ਉਂਗਲਾਂ ਉਠਾਉਣ ਤੋਂ ਜਿਨ੍ਹਾਂ ਗੁਰੇਜ਼ ਹੋ ਜਾਵੇ ਚੰਗਾ ਹੁੰਦਾ। ਇਹ ਗੱਲ ਇਕੱਲੀ ਤੁਹਾਡੇ ਲਈ ਨਹੀਂ ਇਹ ਦੋਨਾਂ ਧਿਰਾਂ ਸਮੇਤ ਸਾਰੀ ਕਾਇਨਾਤ ਤੇ ਵੱਸਦੇ ਧਰਮਾਂ ਲਈ ਹੈ।

ਇਕ ਗੱਲ ਹੋਰ ਉਨ੍ਹਾਂ ਲੋਕਾਂ ਲਈ ਜੋ ਅਕਸਰ ਇਸ ਗੱਲ ਤੋਂ ਦੁਖੀ ਹੁੰਦੇ ਹਨ ਕਿ ਸਿੱਖ ਆਪਣਾ ਵੱਖਰਾ ਘਰ ਕਿਉਂ ਮੰਗਦੇ ਹਨ।

ਉਨ੍ਹਾਂ ਲੋਕਾਂ ਨੂੰ ਦੱਸ ਦੇਵਾਂ ਕਿ ਜੇ ਕਿਸੇ ਦਾ ਘਰ ਗ਼ੱਦਾਰੀ ਕਰ ਕੇ ਦੱਬ ਲਿਆ ਜਾਵੇ ਤਾਂ ਕੀ ਉਹ ਆਪਣਾ ਘਰ ਵਾਪਸ ਮੰਗਣ ਕਾਰਨ 'ਦੋਸ਼ੀ' ਹੋ ਗਿਆ? ਸੋ ਇਤਿਹਾਸ ਪੜ੍ਹੋ ਏਸ਼ੀਆ ਦਾ ਸਭ ਤੋਂ ਤਾਕਤਵਰ ਸੀ 'ਖ਼ਾਲਸਾ ਰਾਜ'।

ਕਿਸੇ ਨੇ ਖ਼ੂਬ ਕਿਹਾ ਕਿ ਕੌਣ ਕਹਿੰਦਾ ਕਿ ਜ਼ਿੰਦਗੀ ਇਕ ਬਾਰ ਮਿਲਦੀ ਹੈ? ਜ਼ਿੰਦਗੀ ਤਾਂ ਹਰ ਰੋਜ਼ ਮਿਲਦੀ ਹੈ। ਇਕ ਬਾਰ ਤਾਂ ਬੱਸ ਮੌਤ ਮਿਲਦੀ ਹੈ। ਸੋਸ਼ਲ ਮੀਡੀਆ ਤੇ ਆਉਣ ਵਾਲੇ ਲਾਈਕ ਸਥਾਈ ਨਹੀਂ ਹੁੰਦੇ ਉਹ ਤਾਂ ਸਿਰਫ਼ ਸਿੰਗ ਫਸਾਉਣ ਤੱਕ ਹੀ ਸੀਮਤ ਹੁੰਦੇ ਹਨ। ਬਾਅਦ 'ਚ ਤਾਂ ਮੇਰੇ ਵਰਗੇ ਅਕਸਰ ਆਪਣੇ ਸਟੇਟਸ ਜ਼ਰੀਏ ਇਹਨਾਂ ਵਰਤਾਰਿਆਂ ਦੀ ਪੁਰਜ਼ੋਰ ਨਿੰਦਿਆ ਹੀ ਕਰਦੇ ਦੇਖੇ ਜਾਂਦੇ ਹਨ। ਕਿਸੇ ਦਾ ਪੁੱਤ ਮਰਵਾ ਕੇ ਉਸ ਨੂੰ ਸ਼ਹੀਦ ਦਾ ਦਰਜਾ ਗੁਆਂਢ 'ਚ ਸੋਂਹਦਾ ਹੁੰਦਾ। ਜਦੋਂ ਸ਼ਹੀਦੀ ਜਾਮ ਪੀਣ ਵਾਲਾ ਆਪਣਾ ਹੋਵੇ ਤਾਂ ਦੁੱਖ ਝੱਲਣਾ ਔਖਾ ਹੋ ਜਾਂਦਾ।

ਲੋਕਾਂ ਲਈ ਇਹ ਸਾਰਾ ਘਟਨਾਕ੍ਰਮ ਮਹਿਜ਼ ਮਨੋਰੰਜਨ ਹੋਵੇ। ਪਰ ਉਸ ਮਾਂ ਦੇ ਧੜਕਦੇ ਕਾਲਜੇ ਦੀ ਆਵਾਜ਼ ਸੁਣ ਕੇ ਦੇਖੋ ਜਿਸ ਦਾ ਪੁੱਤ ਬਿਨਾਂ ਕਿਸੇ ਉਦੇਸ਼ ਦੀ ਲੜਾਈ ਦੇ ਮੈਦਾਨ 'ਚ ਹੁੰਦਾ। ਪਹਿਲਾਂ ਪਿੰਡਾਂ 'ਚ ਸੁਣਦੇ ਹੁੰਦੇ ਸੀ ਕਿ ਫਲਾਣੇ ਨੂੰ ਫਲਾਣੇ ਦੀ ਚੁੱਕ ਨੇ ਮਰਵਾ ਦਿੱਤਾ। ਹੁਣ ਇਸੇ ਕਾਰਜ 'ਚ ਥੋੜ੍ਹੀ ਜਿਹੀ ਆਧੁਨਿਕਤਾ ਆ ਗਈ ਹੁਣ ਮਰਵਾਉਂਦੇ ਹਨ ਲਾਈਕ ਅਤੇ ਸ਼ੇਅਰ।

ਸੁਣਿਆ ਇਸ ਕੇਸ 'ਚ ਜੋ ਧਾਰਾਵਾਂ ਲੱਗਣ ਦੀ ਉਮੀਦ ਹੈ ਉਹ ਇਹਨਾਂ ਟਿਕ-ਟਾਕ ਯੋਧਿਆਂ ਨੂੰ ਦਸ ਕੁ ਸਾਲ ਤਾਂ ਜੇਲ੍ਹ ਦੀਆਂ ਰੋਟੀਆਂ ਖਵਾਉਣਗੀਆਂ ਹੀ। ਸੋ ਆਹ ਭਵਿੱਖਬਾਣੀ ਵੀ ਸੁਣਦੇ ਜਾਇਓ ਜਵਾਨੋ, ਜਦੋਂ ਤੁਸੀਂ ਝੁੱਗੇ ਦੇ ਚਾਰ ਛਿੱਲੜ ਲਾ ਕੇ ਤੇ ਜ਼ਿੰਦਗੀ ਦਾ ਕੀਮਤੀ ਸਮਾਂ ਜੇਲ੍ਹ 'ਚ ਗੁਆ ਕੇ ਆਉਗੇ ਨਾਂ, ਤਾਂ ਉਦੋਂ ਤੱਕ ਸੋਸ਼ਲ ਮੀਡੀਆ ਹੋਰ ਵੀ ਐਡਵਾਂਸ ਹੋ ਚੁੱਕਾ ਹੋਵੇਗਾ।

ਇਹ ਭੁਲੇਖਾ ਕੱਢ ਦਿਓ ਕਿ ਤੁਹਾਡੇ ਇਹ ਅਖੌਤੀ ਫੋਲਅਰ ਤੁਹਾਡੀ ਵਾਪਸੀ 'ਤੇ ਜੇਲ੍ਹ ਮੂਹਰੇ ਹਾਰ ਲਈ ਖੜ੍ਹੇ ਹੋਣਗੇ। ਉਹ ਤਾਂ ਆਪਣੀ ਜ਼ਿੰਦਗੀ ਰਾਹ ਪਾ ਚੁੱਕੇ ਹੋਣਗੇ। ਕੋਈ ਐਸਾ ਮਹਾਨ ਕਾਰਜ ਕਰ ਕੇ ਤੁਸੀਂ ਜੇਲ੍ਹ ਨਹੀਂ ਸੀ ਗਏ, ਜੋ ਤੁਹਾਡੇ ਬੁੱਤ, ਚੌਂਕਾਂ 'ਚ ਲੱਗੇ ਹੋਣਗੇ।

ਅਗਲੇ ਜੇਲ੍ਹ 'ਚੋਂ ਸਿੱਧਾ ਤੁਹਾਡੇ ਪਿੰਡ ਆਲਾ ਜਹਾਜ਼ ਚੜ੍ਹਾ ਕੇ ਤੁਹਾਡੇ ਸੁਪਨਿਆਂ ਦੀ ਵਾਪਸੀ ਦੀ ਉਡਾਰੀ ਲਗਵਾਉਣਗੇ। ਉਦੋਂ ਤੱਕ ਭਾਵੇਂ ਤੁਹਾਡਾ ਸਰੀਰ ਤਾਂ ਜੋਸ਼ ਗੁਆ ਚੁੱਕਾ ਹੋਵੇਗਾ ਪਰ ਏਨੀ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਫੇਰ ਅਗਲੀਆਂ ਪੀੜ੍ਹੀਆਂ ਨੂੰ ਹੋਸ਼ 'ਚ ਰਹਿਣ ਦਾ ਪ੍ਰਵਚਨ ਕਰਨਾ ਤੁਸੀਂ ਜ਼ਰੂਰ ਸਿੱਖ ਜਾਵੋਗੇ।

ਨੌਜਵਾਨ ਭਰਾਵੋ ਚੰਗਾ ਕਹੋ ਜਾਂ ਮਾੜਾ ਪਰ ਤੁਹਾਡੇ ਮੂਹਰੇ ਹੱਥ ਜੋੜ ਕੇ ਬੇਨਤੀ ਹੈ ਕਿ ਜਿੰਨਾ ਫ਼ਿਕਰ ਤੁਸੀਂ ਦੁਨੀਆ ਦਾ ਕਰਦੇ ਹੋ ਜੇ ਉਸ ਨਾਲੋਂ ਅੱਧਾ ਵੀ ਆਪਣਿਆਂ ਦਾ ਕਰ ਲਵੋ ਜਿਨ੍ਹਾਂ ਨੇ ਤੁਹਾਨੂੰ ਆਪਾ ਵੇਚ ਕੇ ਕੁਝ ਬਣਨ ਲਈ ਵਿਦੇਸ਼ ਭੇਜਿਆ, ਤਾਂ ਤੁਸੀਂ ਅੱਗਾ ਪਿੱਛਾ ਸਵਾਰ ਲਵੋਗੇ। ਹਾਂ ਮੈਂ ਨਹੀਂ ਕਹਿੰਦਾ ਕਿ ਆਪਣੇ ਧਰਮ, ਵਿਰਸੇ ਅਤੇ ਸਵੈਮਾਣ ਦੀ ਰਾਖੀ ਨਾਂ ਕਰੋ, ਕਰੋ ਜ਼ਰੂਰ ਕਰੋ ਪਰ ਹਰ ਇਕ ਦੀ ਜ਼ਿੰਦਗੀ 'ਚ ਇਸ ਨੂੰ ਕਰਨ ਦਾ ਇਕ ਸਹੀ ਸਮਾਂ ਜ਼ਰੂਰ ਆਉਂਦਾ। ਉਦੋਂ ਨਾ ਪਿੱਛੇ ਹਟੋ। ਉਦੋਂ ਤੱਕ , ਬੰਦਾ ਕੁਝ ਰੜ੍ਹ ਵੀ ਜਾਂਦਾ ਹੈ, ਜਿਸ ਨਾਲ ਸੱਪ ਵੀ ਮਾਰ ਲੈਂਦਾ ਤੇ ਸੋਟੀ ਵੀ ਬਚਾ ਲੈਂਦਾ ਹੈ।

## 'ਅਦਾਲਤਾਂ' ਟਰੈਕ ਗੁਰਬਖਸ਼ ਸ਼ੌਂਕੀ ਨੂੰ ਸਰੋਤਿਆਂ ਦਾ ਦੇ ਰਿਹਾ ਭਰਪੂਰ ਪਿਆਰ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)** – ਸੁਰੀਲੀ ਸੁਰ ਦੇ ਸਿਰਨਾਵੇਂ ਗਾਇਕ ਗੁਰਬਖਸ਼ ਸ਼ੌਂਕੀ ਦਾ ਹਾਲ ਹੀ ਵਿਚ ਰਿਲੀਜ਼ ਹੋਇਆ ਟਰੈਕ ਅਦਾਲਤਾਂ ਸ਼ੋਸ਼ਲ ਮੀਡੀਏ ਰਾਹੀਂ ਅਤੇ ਯੂ ਟਿਊਬ ਚੈਨਲ ਰਾਹੀਂ ਸਰੋਤਿਆਂ ਦਾ ਭਰਪੂਰ ਪਿਆਰ ਖੱਟ ਰਿਹਾ ਹੈ। ਇਸ ਸਬੰਧੀ ਵਿਸ਼ੇਸ਼ ਗੱਲਬਾਤ ਕਰਦਿਆਂ ਗਾਇਕ ਗੁਰਬਖਸ਼ ਸ਼ੌਂਕੀ ਨੇ ਦੱਸਿਆ ਕਿ ਇਸ ਟਰੈਕ ਦੇ ਗੀਤਕਾਰ ਤਰਵਿੰਦਰ ਮਾਨ ਹਨ ਜਦਕਿ ਇਸ ਦੇ ਪ੍ਰੋਡਿਊਸਰ ਅਮਰਜੀਤ ਅਟਵਾਲ ਅਤੇ ਰਾਜਨ ਅਟਵਾਲ ਹਨ। ਇਸ ਟਰੈਕ ਦਾ ਸੰਗੀਤ ਵਿਨੇ ਕਮਲ ਨੇ ਤਿਆਰ ਕੀਤਾ ਹੈ ਅਤੇ ਇਸ ਦਾ ਫਿਲਮਾਂਕਣ ਟੀ ਜੇ ਇੰਦਰ ਵਲੋਂ ਕੀਤਾ ਗਿਆ ਹੈ। ਸਟਾਰ ਬਾਕਸ ਵਲੋਂ ਰਿਲੀਜ਼ ਕੀਤੀ ਗਿਆ ਇਹ ਟਰੈਕ ਸਰੋਤਿਆਂ ਦਾ ਭਰਪੂਰ ਪਿਆਰ ਮਿਲੇਗਾ।



# ਜ਼ਿਲ੍ਹਾ ਹੁਸ਼ਿਆਰਪੁਰ 'ਚ ਹੁਣ ਨਹੀਂ ਬਖਸ਼ੇ ਜਾਣਗੇ ਤੇਜ਼ ਰਫਤਾਰੀ ਵਾਹਨ ਡਰਾਇਵਰ- ਐਸ ਐਸ ਪੀ



**ਹੁਸ਼ਿਆਰਪੁਰ/ਸ਼ਾਮ-ਚੁਰਾਸੀ (ਚੁੰਬਰ) –** ਹੁਸ਼ਿਆਰਪੁਰ ਪੁਲਿਸ ਨੇ ਸ਼੍ਰੀ ਨਵਜੋਤ ਸਿੰਘ ਮਾਹਲ ਪੀ. ਪੀ. ਐਸ, ਐਸ. ਐਸ. ਪੀ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇੱਕ ਨਵੀਂ ਮੁਹਿੰਮ ਸ਼ੁਰੂ ਕੀਤੀ। ਜ਼ਿਲ੍ਹਾ ਪੁਲਿਸ ਨੇ ਲਾਪਰਵਾਹੀ ਦੀ ਨਾਲ ਡਰਾਈਵਿੰਗ ਸੜਕ ਹਾਦਸਿਆਂ ਨੂੰ ਰੋਕਣ ਲਈ ਵੱਖ-ਵੱਖ ਵਾਹਨਾਂ ਦੀ ਸਪੀਡ ਲਿਮਟਾਂ ਦਾ ਵਰਣਨ ਕਰਦਿਆਂ ਵਿਆਪਕ ਹੋਰਡਿੰਗ ਲਗਾਏ ਗਏ। ਇਸ ਨਵੀਂ ਮੁਹਿੰਮ ਦਾ ਅਗਾਜ਼ ਪੂਰੇ ਉਤਸ਼ਾਹ ਅਤੇ ਲੋੜੀਂਦੀ ਸਖਤੀ ਨਾਲ ਕੀਤਾ ਗਿਆ ਹੈ। ਜ਼ਿਲ੍ਹਾ ਟ੍ਰੈਫਿਕ ਪੁਲਿਸ ਲੇਜ਼ਰ ਸਪੀਡ ਗਨਾਂ ਰਾਹੀਂ ਓਵਰ ਵਾਹਨਾਂ 'ਤੇ ਨਜ਼ਰ ਰੱਖੇਗੀ ਅਤੇ ਉਲੰਘਣਾਂ ਕਰਨ ਵਾਲਿਆਂ ਮੌਕੇ ਤੇ ਚਲਾਨ ਜਾਰੀ ਕੀਤੇ ਜਾਣਗੇ।

# 43 ਪਾਜੇਟਿਵ ਮਰੀਜ ਆਉਣ ਨਾਲ ਗਿਣਤੀ ਹੋਈ 1495, 2 ਮੌਤਾਂ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)–** ਫਲੂ ਵਰਗੇ ਸ਼ੱਕੀ ਲੱਛਣਾ ਵਾਲੇ ਵਿਆਕਤੀਆਂ ਦੇ 606 ਨਵੇ ਸੈਂਪਲ ਲੈਣ ਨਾਲ ਅਤੇ 953 ਸੈਂਪਲਾਂ ਦੀ ਰਿਪੋਟ ਪ੍ਰਾਪਤ ਹੋਣ ਨਾਲ ਅਤੇ ਪਾਜੇਟਿਵ ਮਰੀਜਾਂ ਦੇ 43 ਨਵੇ ਕੇਸ ਆਉਣ ਨਾਲ ਕੁੱਲ ਪਾਜੇਟਿਵ ਮਰੀਜਾਂ ਦੀ ਗਿਣਤੀ 1495 ਹੋ ਗਈ ਹੈ । ਜਿਲੇ ਵਿੱਚ ਕੋਵਿਡ 19 ਦੇ ਕੁੱਲ ਸੈਂਪਲਾਂ ਦੀ ਗਿਣਤੀ 57552 ਹੋ ਗਈ ਹੈ ਤੇ ਲੈਬ ਤੋ ਪ੍ਰਾਪਤ ਰਿਪੋਟਾਂ ਅਨੁਸਾਰ 54517 ਸੈਂਪਲ ਨੈਗਟਿਵ, ਜਦ ਕਿ 1563 ਸੈਂਪਲਾਂ ਦੀ ਰਿਪੋਟ ਦਾ ਇੰਤਜਾਰ ਹੈ , 80 ਸੈਂਪਲ ਇਨਵੈਲਡ ਹਨ ਤੇ ਹੁਣ ਤੱਕ ਮੌਤਾਂ ਦੀ ਗਿਣਤੀ 41 ਹੈ । ਐਕਟਿਵ ਕੇਸਾ ਦੀ ਗਿਣਤੀ 429 ਹੈ, ਤੇ 1026 ਮਰੀਜ ਠੀਕ ਹੋ ਕਿ ਆਪਣੇ ਘਰ ਜਾ ਚੁਕੇ ਹਨ । ਇਹ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਡਾ ਜਸਬੀਰ ਸਿੰਘ ਨੇ ਦੱਸਿਆ ਕਿ 43 ਕੇਸ ਹੁਸ਼ਿਆਰਪੁਰ ਕੇਸ ਵੱਖ ਵੱਖ ਸਿਹਤ ਬਲਾਕਾਂ ਨਾਲ ਸਬੰਧਿਤ ਹਨ, ਹੁਸ਼ਿਆਰਪੁਰ ਸ਼ਹਿਰ 23, ਮੰਡ ਭੰਡੇਰ 3, ਭੂਗਾਂ 3 , ਚੱਕੋਵਾਲ 1, ਦਸੂਹਾਂ 2, ਹਾਜੀਪੁਰ 1, ਗੰੜਸੰਕਰ 2 , ਹਾਰਟਾ ਬੜਲਾ 2 , ਮੁਕੇਰੀਆ 1, ਪੋਸੀ 1, ਪਾਲਦੀ 3 ਸਿਹਤ ਕੇਦਰ ਵਿੱਚ ਪਾਜੇਟਿਵ ਕੇ ਆਏ ਹਨ । ਇਸ ਤੋ ਇਲਾਵਾ (1) ਮੌਤ ਗੁਰਪ੍ਰੀਤ ਕੋਰ 66ਵਾਸੀ ਚੱਕ ਲਾਦੀਆ , ਜੋਹਲ ਹਲਸਪਤਾਲ ਜਲੰਧਰ ਵਿਖੇ ਜੇਰੇ ਇਲਾਜ ਸੀ (2) ਸੂਰਜ ਸ਼ਰਮਾਂ 44 ਸਾਲ ਵਾਸੀ ਇੰਦਰਾ ਕਲੋਨੀ ਹੁਸ਼ਿਆਰਪੁਰ ਡੀ. ਐਮ. ਸੀ. ਲੁਧਿਆਣਾ ਵਿਖੇ ਜੇਰੇ ਇਲਾਜ ਸੀ ਉਥੇ ਇਸ ਦੀ ਮੌਤ ਹੋ ਗਈ ਇਹ ਦੋਨੋ ਮਰੀਜ ਕੋਰੋਨਾ ਪਾਜੇਟਿਵ ਸਨ । ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਲੇ ਵਿੱਚ



ਕੋਵਿਡ 19 ਵਾਇਰਸ ਦੇ ਕੇਸਾਂ ਦੇ ਵੱਧਣ ਨਾਲ ਜਿਲਾਂ ਵਾਸੀਆਂ ਨੂੰ ਘਬਰਾਉਣ ਦਾ ਲੋੜ ਨਹੀ ਬਲ ਕਿ ਸਿਹਤ ਨਿਯਮਾਂ ਨੂੰ ਅਪਣਾਉਦੇ ਹੋਏ ਇਸ ਬਿਮਾਰੀ ਨੂੰ ਹਰਾਉਣ ਦੀ ਜਰੂਰਤ ਹੈ । ਮਿਸ਼ਨ ਫਹਤੇ ਨੂੰ ਹਾਸਿਲ ਕਰਨ ਲਈ ਸਾਨੂੰ ਪਾਜੇਟਿਵ ਮਰੀਜ ਦੇ ਸਪੰਰਕ ਵਿੱਚ ਆਉਣ ਤੇ ਆਪਣਾ ਕੋਵਿਡ 19 ਵਇਰਸ ਦਾ ਟੈਸਟ ਨਜਦੀਕੀ ਸਿਹਤ ਸੰਸਥਾਂ ਤੋ ਕਰਵਾਉਣਾ ਚਾਹੀਦਾ ਹੈ ਅਤੇ ਇਹ ਟੈਸਟ ਸਰਕਾਰ ਵੱਲੋ ਮੁੱਫਤ ਕੀਤਾ ਜਾਦਾ ਹੈ । ਘਰ ਤੋ ਬਾਹਰ ਨਿਕਲ ਸਮੇ ਮਾਸਿਕ ਲਾਗਉਣ ਤੇ ਸਮਾਜਿਕ ਦੂਰੀ ਦੇ ਨਿਯਮਾ ਦੀ ਪਾਲਣਾ ਕਰਨ ਅਤੇ ਸਮੇ ਸਮੇ ਹੱਥਾਂ ਨੂੰ ਸਾਫ ਕਰਨਾ ਚਾਹੀਦਾ ਹੈ।

# ਫਗਵਾੜਾ-ਜੰਡਿਆਲਾ ਸੜਕ ਸੜਕ ਵਿਚਕਾਰ ਪਏ ਡੂੰਘੇ ਟੋਏ ਰਾਹਗੀਰਾਂ ਲਈ ਬਣੀ ਭਾਰੀ ਮੁਸੀਬਤ

**ਫਗਵਾੜਾ (ਬੀ.ਕੇ.ਰੱਤੂ)** ਫਗਵਾੜਾ ਜੰਡਿਆਲਾ ਸੜਕ ਜੋ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਸਕੀਮ ਅਧੀਨ ਬਣਾਈ ਗਈ ਸੀ, ਹੁਣ ਇਸ ਦੀ ਹਾਲਤ ਬਹੁਤ ਹੀ ਤਰਸਯੋਗ ਬਣ ਚੁੱਕੀ ਹੈ, ਜਿਸ ਦੇ ਚੱਲਦਿਆਂ ਫਗਵਾੜਾ ਤੋਂ ਦਰਵੇਸ਼ ਪਿੰਡ ਤੱਕ ਜਾਂਦੀ ਇਹ ਸੜਕ ਡੂੰਘੇ ਟੋਇਆਂ ਦਾ ਰੂਪ ਧਾਰਨ ਕਰ ਚੁੱਕੀ ਹੈ ਅਤੇ ਇਸ ਸੜਕ ਦੀ ਹਾਲਤ ਇੰਨੀ ਤਰਸਯੋਗ ਬਣ ਚੁੱਕੀ ਹੈ ਕਿ ਇਸ ਸੜਕ ਤੋਂ ਵਾਹਨ ਚਾਲਕਾਂ ਦਾ ਲੰਘਣਾ ਵੀ ਔਖਾ ਬਣਿਆਂ ਹੋਇਆ ਹੈ ਅਤੇ ਜਿਸ ਕਾਰਨ ਆਏ ਦਿਨ ਭਿਆਨਕ ਹਾਦਸਾ ਵਾਪਰਨ ਦਾ ਡਰ ਹਮੇਸ਼ਾਂ ਬਣਿਆਂ ਰਹਿੰਦਾ ਹੈ । ਇਸ ਸਬੰਧੀ ਗੱਲਬਾਤ ਕਰਦਿਆਂ ਇਲਾਕੇ ਦੇ ਵਸਨੀਕਾਂ ਗੁਰਪ੍ਰੀਤ ਬੰਗਾ, ਰੂਪ ਲਾਲ, ਗੁਰਤੇਜ, ਪ੍ਰੇਮ ਚੰਦ, ਜਤਿਨ, ਅੰਕੁਸ਼ ਕੈਲੇ, ਸੋਢੀ ਰਾਮ, ਰੇਸ਼ਮ ਸਿੰਘ, ਸੁਖਵਿੰਦਰ ਸਿੰਘ, ਮੱਖਣ ਲਾਲ, ਸੁੱਚਾ ਰਾਮ, ਬਲਵਿੰਦਰ ਸਿੰਘ, ਧਰਮਵੀਰ, ਮਦਨ ਲਾਲ, ਜੋਗਿੰਦਰ ਪਾਲ, ਦਵਿੰਦਰ ਸਿੰਘ, ਰਾਜ ਕੁਮਾਰ, ਹਰਜਿੰਦਰ ਕੌਰ, ਗੁਰਦੇਵ ਕੌਰ, ਮੀਨਾ ਰਾਣੀ, ਬਖਸੋ , ਮਿੰਦੋ, ਰੇਸ਼ਮ ਕੌਰ, ਗੁਰਦੀਪ ਸਿੰਘ ਦੀਪਾ ਅਤੇ ਨਰੇਸ਼ ਜੋਸ਼ੀ ਨੇ ਕਿਹਾ ਕਿ ਇਸ ਸੜਕ ਦੀ ਸਮੱਸਿਆ ਸਬੰਧੀ ਕਈ ਵਾਰ ਹਲਕਾ ਵਿਧਾਇਕ ,ਸਬੰਧਤ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਨੂੰ ਜਾਣੂ ਕਰਵਾਇਆ ਗਿਆ ਹੈ ਲੇਕਿਨ ਕਿਸੇ ਨੇ ਵੀ ਹਾਲੇ ਤੱਕ ਉਕਤ ਸੜਕ ਦੀ ਸਾਰ ਨਹੀਂ ਲਈ ਹੈ, ਜਿਸਦੇ ਚੱਲਦੇ ਹੋਏ ਰੋਜਾਨਾ ਹੀ ਵਾਹਨ ਚਾਲਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਖਾਸ ਕਰਕੇ ਬਰਸਾਤ ਦੇ ਮੌਸਮ ਵਿੱਚ ਸੜਕ ਵਿਚਕਾਰ ਪਏ ਡੂੰਘੇ ਟੋਇਆਂ 'ਚ ਪਾਣੀ ਭਰ ਜਾਂਦਾ ਹੈ ਤਾਂ ਆਏ ਦਿਨ ਭਿਆਨਕ ਹਾਦਸਾ ਵਾਪਰਨ ਦਾ ਡਰ ਹਮੇਸ਼ਾਂ ਬਣਿਆਂ ਰਹਿੰਦਾ ਹੈ । ਉਹਨਾਂ ਨੇ ਇੱਕ ਵਾਰ ਫਿਰ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਅਤੇ ਸਬੰਧਤ ਮਹਿਕਮੇ ਦੇ ਉੱਚ ਅਧਿਕਾਰੀਆਂ ਤੋਂ ਪੁਰਜੋਰ ਮੰਗ ਕੀਤੀ ਹੈ ਕਿ ਉਕਤ ਸੜਕ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੋ ਆਉਣ -ਜਾਣ ਵਾਲੇ ਰਾਹਗੀਰਾਂ ਅਤੇ ਵਾਹਨ ਚਾਲਕਾਂ ਨੂੰ ਕੋਈ ਵੀ ਮੁਸ਼ਕਿਲ ਪੇਸ਼ ਨਾ ਆਵੇ । ਕੀ ਕਹਿੰਦੇ ਹਨ ਪੀ. ਡਬਲਯੂ. ਡੀ. ਦੇ ਉੱਚ ਅਧਿਕਾਰੀ ਇੱਥੇ ਇਹ ਵੀ ਵਰਨਣਯੋਗ ਹੈ ਕਿ ਜੰਡਿਆਲਾ ਫਗਵਾੜਾ ਮਾਰਗ ਦੋ ਜਿਲ੍ਹਿਆਂ ਵਿੱਚ ਵੰਡਿਆ ਹੋਇਆ ਹੈ ਜਿਸ ਵਿੱਚ ਫਗਵਾੜਾ ਤੋਂ ਲੈ ਕੇ ਪਿੰਡ ਦਾਦੂਵਾਲ ਮੋੜ ਤੱਕ ਵਿਧਾਨ ਸਭਾ ਹਲਕਾ ਫਗਵਾੜਾ ਅਧੀਨ ਆਉਂਦੀ ਸੜਕ ਦਾ ਹਾਲ ਬਦ ਤੋਂ ਬਦਤਰ ਬਣਿਆ ਹੋਇਆ ਹੈ, ਬਰਸਾਤੀ ਮੌਸਮ ਚੱਲ ਰਿਹਾ ਹੈ ਥੋੜ੍ਹਾ ਜਿਹਾ ਮੀਂਹ ਪੈਣ ਤੋਂ ਬਾਅਦ ਇਹ ਸੜਕ ਇੱਕ ਛੱਪੜ ਦਾ ਰੂਪ ਧਾਰਨ ਕਰ ਜਾਂਦੀ ਹੈ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਪੀ.ਡਬਲਯੂ.ਡੀ. ਮਹਿਕਮਾ ਪਿੱਛਲੇ ਲੰਬੇ ਸਮੇਂ ਤੋਂ ਕੁੰਭਕਰਨੀ ਨੀਂਦ ਸੁੱਤਾ ਹੋਇਆ ਹੈ ਜਿਸਨੂੰ ਨੀਂਦ ਚੋਂ ਜਗਾਉਣ ਲਈ ਪਿੱਛਲੇ ਲੰਬੇ ਸਮੇਂ ਤੋਂ ਪਿੰਡਾਂ ਦੇ ਲੋਕ ਬਹੁਤ ਕੋਸ਼ਿਸ਼ਾਂ ਕਰ ਚੁੱਕੇ ਹਨ ਪਰ ਗੂੜ੍ਹੀ ਨੀਂਦ ਸੁੱਤੇ ਹੋਏ ਸਬੰਧਿਤ ਵਿਭਾਗ ਅਧਿਕਾਰੀ ਐਸੀ ਨੀਂਦ ਸੁੱਤੇ ਹੋਏ ਹਨ ਕਿ ਉਠਣ ਦਾ ਨਾਮ ਹੀ ਨਹੀਂ ਲੈ ਰਹੇ। ਜੇਕਰ ਦੂਜੇ ਪਾਸੇ ਗੱਲ ਕਰੀਏ ਜਿਲ੍ਹਾ ਜਲੰਧਰ ਅਧੀਨ ਆਉਂਦੇ ਖੇਤਰ ਦੀ ਤਾਂ ਪਿੰਡ ਦਾਦੂਵਾਲ ਨਿਕਲਦਿਆਂ ਸਾਰ ਹੀ ਧੁਰ ਜੰਡਿਆਲੇ ਤੱਕ ਐਨੀ ਵਧੀਆ ਸੜਕ ਬਣੀ ਹੋਈ ਹੈ ਕਿ ਬੇਸ਼ੱਕ ਕੋਈ ਭਾਂਡਾ ਪਾਣੀ ਦਾ ਭਰਕੇ ਲੈ ਜਾਉ ਇੱਕ ਤੁਪਕਾ ਵੀ ਵਿਚੋਂ ਉੱਛਲੇਗਾ ਨਹੀਂ।



**ਕੀ ਕਹਿੰਦੇ ਹਨ ਅਧਿਕਾਰੀ**

ਇਸ ਸਬੰਧੀ ਗੱਲਬਾਤ ਕਰਦਿਆਂ ਪੀ. ਡਬਲਯੂ. ਡੀ. ਦੇ ਉੱਚ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਸੜਕ ਦੀ ਸਮੱਸਿਆ ਸਬੰਧੀ ਜਾਣਕਾਰੀ ਹੈ ਅਤੇ ਬਰਸਾਤ ਖਤਮ ਹੋਣ ਤੋਂ ਬਾਅਦ ਇਹ ਸੜਕ ਬਣਾ ਦਿੱਤੀ ਜਾਵੇਗੀ।

# ਦਲਵਿੰਦਰ ਦਿਆਲਪੁਰੀ ਦਾ ਗੀਤ 'ਰੱਬਾ ਠੀਕ ਠਾਕ ਹੋਵੇ' ਫੌਜੀ ਵੀਰਾਂ ਨੂੰ ਸਲਿਊਟ




**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਮੇਲਿਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਦੁਆਬੇ ਦੇ ਪ੍ਰਸਿੱਧ ਗਾਇਕ ਦਲਵਿੰਦਰ ਦਿਆਲਪੁਰੀ ਨੇ ਆਪਣਾ ਨਵਾਂ ਟਰੈਕ ਫੌਜੀ ਵੀਰਾਂ ਦੇ ਪਰਿਵਾਰਾਂ ਪ੍ਰਤੀ ਜਜਬਾਤਾਂ ਨੂੰ ਦਰਸਾਉਂਦਾ॥ਰੱਬਾ ਠੀਕ ਠਾਕ ਹੋਵੇ' ਰਿਲੀਜ਼ ਕੀਤਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਗਾਇਕ ਦਿਆਲਪੁਰੀ ਨੇ ਦੱਸਿਆ ਕਿ ਐਕਸਪਰਟ ਪਿਕਚਰਜ਼ ਵਲੋਂ ਇਸ ਟਰੈਕ ਨੂੰ ਗੀਤਕਾਰ ਸੱਤਾ ਕੋਟਲੀ ਵਾਲਾ ਦੀ ਪੇਸ਼ਕਸ਼ ਹੇਠ ਸ਼ੋਸ਼ਲ ਮੀਡੀਆ ਯੂ ਟਿਊਬ ਚੈਨਲ ਤੇ ਲਾਂਚ ਕੀਤਾ ਗਿਆ।ਇਸ ਦਾ ਸੰਗੀਤ ਹੈਰੀ ਬੀ ਦਾ ਹੈ ਜਦ ਕਿ ਪ੍ਰੋਡਿਊਸਰ ਸੁਰਜੀਤ ਸਿੰਘ ਸਨ। ਚੰਦਰ ਮੋਹਨ ਵਲੋਂ ਇਸ ਗੀਤ ਦਾ ਫਿਲਮਾਂਕਣ ਕੀਤਾ ਗਿਆ ਹੈ। ਦਲਵਿੰਦਰ ਦਿਆਲਪੁਰੀ ਦੇ ਇਸ ਤੋਂ ਪਹਿਲਾਂ ਆਏ ਸਾਰੇ ਟਰੈਕਸ ਸਰੋਤਿਆਂ ਦੀ ਕਚਿਹਰੀ ਵਿਚ ਪ੍ਰਵਾਨ ਹੋਏ ਹਨ ਅਤੇ ਉਸ ਨੂੰ ਆਸ ਹੈ ਕਿ ਇਹ ਟਰੈਕ ਵੀ ਕਾਮਯਾਬੀ ਸਰ ਕਰੇਗਾ।

# ਸ਼ਾਮਚੁਰਾਸੀ ਚੌਂਕੀ ਦੇ ਇੰਚਾਰਜ ਏ ਐਸ ਆਈ ਇੰਦਰਜੀਤ ਸਿੰਘ ਨਿਯੁਕਤ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਸ਼ਾਮਚੁਰਾਸੀ ਚੌਂਕੀ ਦੇ ਨਵ ਨਿਯੁਕਤ ਇੰਚਾਰਜ ਏ ਐਸ ਆਈ ਇੰਦਰਜੀਤ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ।



ਇਸ ਮੌਕੇ ਏ ਐਸ ਆਈ ਇੰਦਰਜੀਤ ਸਿੰਘ ਨੇ ਦੱਸਿਆ ਕਿ ਉਹ ਪੁਲਿਸ ਦੀਆਂ ਪਬਲਿਕ ਨੂੰ ਸੇਵਾਵਾਂ ਕਾਨੂੰਨੀ ਦਾਇਰੇ ਵਿਚ ਰਹਿ ਕੇ ਪ੍ਰਦਾਨ ਕਰਨਗੇ ਅਤੇ ਕਿਸੇ ਵੀ ਵਿਅਕਤੀ ਨੂੰ ਹੱਥਾਂ ਵਿਚ ਲੈਣ ਦੀ ਇਜਾਜਤ ਨਹੀਂ ਦੇਣਗੇ। ਸਮਾਜ ਵਿਚ ਬੁਰੇ ਕੰਮਾਂ ਨੂੰ ਬਿਨਾ ਕਿਸੇ ਡਰ ਦੇ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ੇ ਦੀ ਤਸਕਰੀ ਕਰਨ ਵਾਲਿਆਂ ਨੂੰ ਉਹ ਕਦੇ ਵੀ ਮੁਆਫ਼ ਨਹੀਂ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਕਰੋਨਾ ਮਹਾਂਮਾਰੀ ਦੇ ਚੱਲਿਆਂ ਸਰਕਾਰੀ ਹਦਾਇਤਾਂ ਨੂੰ ਯਕੀਨੀ ਬਨਾਉਣ ਅਤੇ ਦੁਕਾਨਦਾਰ ਵੀ ਸਰਕਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਦਿੱਤੇ ਗਏ ਸਮੇਂ ਤੇ ਦੁਕਾਨ ਖੋਲ੍ਹਣ ਅਤੇ ਬੰਦ ਕਰਨ। ਇਸ ਤੋਂ ਇਲਾਵਾ ਉਨ੍ਹਾਂ ਟਰੈਫਿਕ ਪ੍ਰਬੰਧਕਾਂ ਦੀ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਟਰੈਫਿਕ ਨਿਯਮਾਂ ਵਿਚ ਕੁਤਾਹੀ ਵਰਤਣ ਵਾਲੇ ਲਾਪ੍ਰਵਾਹ ਵਾਹਨ ਚਾਲਕਾਂ ਦੇ ਵਿਸ਼ੇਸ਼ ਨਾਕਾਬੰਦੀ ਦੌਰਾਨ ਚਲਾਨ ਕੀਤੇ ਜਾਣਗੇ।

# ਰੋਜ਼ੀ ਕੁਮਾਰੀ ਲੈ ਕੇ ਆ ਰਹੀ ਸਿੰਗਲ ਟਰੈਕ 'ਸੋਚ'




**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਐਮ ਐਸ ਰਿਕਾਰਡਸ ਦੀ ਪੇਸ਼ਕਸ਼ 'ਸੋਚ' ਟਰੈਕ ਗਾਇਕਾ ਰੋਜ਼ੀ ਕੁਮਾਰੀ ਲੈ ਕੇ ਜਲਦ ਹੀ ਸ਼ੋਸ਼ਲ ਮੀਡੀਏ ਰਾਹੀਂ ਆ ਰਹੀ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਉਕਤ ਗਾਇਕਾ ਰੋਜ਼ੀ ਕੁਮਾਰੀ ਨੇ ਦੱਸਿਆ ਕਿ ਇਸ ਟਰੈਕ ਨੂੰ ਮਲਕੀਤ ਜੌੜਾ ਨੇ ਕਲਮਬੱਧ ਕੀਤਾ ਹੈ। ਜਦਕਿ ਇਸ ਦਾ ਸੰਗੀਤ ਇੰਦ ਜੱਸੀ ਦਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਉਕਤ ਗਾਇਕਾ ਵੱਖ-ਵੱਖ ਸਿੰਗਲ ਟਰੈਕ ਨਾਲ ਹਾਜ਼ਰੀ ਭਰ ਚੁੱਕੀ ਹੈ। ਇਸ ਟਰੈਕ ਵਿਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਮਿਸ਼ਨ ਝਲਕਦਾ ਹੈ।

# ਐਸ ਐਸ ਪੀ ਕੁਲਵੰਤ ਹੀਰ ਨੇ ਮਨਦੀਪ ਮੈਂਡੀ -ਸੁੱਚੇ ਰੰਗੀਲੇ ਦਾ ਟਰੈਕ ਕੀਤਾ ਰਿਲੀਜ਼



**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਐਸ ਐਸ ਪੀ ਕੁਲਵੰਤ ਹੀਰ ਵਲੋਂ ਪੰਜਾਬ ਦੀ ਪ੍ਰਸਿੱਧ ਦੋਗਾਣਾ ਜੋੜੀ ਸੁੱਚਾ ਰੰਗੀਲਾ - ਮਨਦੀਪ ਮੈਂਡੀ ਦੇ ਗਾਏ ਟਰੈਕ ਨੂੰ ਰਿਲੀਜ਼ ਕੀਤਾ ਗਿਆ। ਸੁੱਚਾ ਰੰਗੀਲਾ ਨੇ ਦੱਸਿਆ ਕਿ ਇਸ ਮੌਕੇ ਰਣਵੀਰ ਸਿੰਘ ਟੁੱਟ, ਇੰਦਰਵੀਰ ਸਿੰਘ ਟੁੱਟ, ਕਮਲ ਲੁਬਾਣਾ, ਅਕਸ਼ੈ ਪਰੇਮੀ ਡਾਇਰੈਕਟਰ, ਅਕਸ਼ੈ ਵਰਮਾ, ਮਨਪ੍ਰੀਤ ਰੋਇਲਜ਼, ਰਾਜ ਕੁਮਾਰ ਯੂ ਐਸ ਏ, ਸੁਰਿੰਦਰ ਰਾਏ ਗਰੀਸ, ਆਰੀਗ ਮਿਊਜਿਕ, ਰਾਜਵੀਰ ਪੰਨੂ ਲੇਖਕ, ਪਰਮਿੰਦਰ ਪਿੰਦਾ ਯੂ ਕੇ ਸਮੇਤ ਕਈ ਹੋਰ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਇਸ ਟਰੈਕ ਦਾ ਟਾਇਟਲ ਬਦਮਾਸ਼ੀ - 2 ਹੈ। ਜਿਸ ਨੂੰ ਪੀ ਬੀ 08 ਫਿਲਮ ਪ੍ਰੋਡਕਸ਼ਨ ਅਤੇ ਸੰਨੀ ਔਲਖ ਅਤੇ ਗਲੋ ਬੈਨਸੀ ਮੀਡੀਆ ਵਲੋਂ ਲਾਂਚ ਕੀਤਾ ਗਿਆ ਹੈ।

# ਯੁੱਧਵੀਰ ਮਾਣਕ ਜਲਦ ਲੈ ਕੇ ਹਾਜ਼ਰ ਹੋਵੇਗਾ ਨਵਾਂ ਟਰੈਕ



**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਕਲੀਆਂ ਦੇ ਬਾਦਸ਼ਾਹ ਜਨਾਬ ਕੁਲਦੀਪ ਮਾਣਕ ਜੀ ਦੇ ਲਖਤੇ ਜਿਗਰ ਯੁੱਧਵੀਰ ਮਾਣਕ ਜਲਦ ਹੀ ਇਕ ਨਵੇਂ ਸੱਭਿਆਚਾਰਕ ਟਰੈਕ ਨਾਲ ਹਾਜ਼ਰੀ ਭਰੇਗਾ। ਮਾਣਕ ਸੁਰਜੀਤ ਅਤੇ ਮਨੋਹਰ ਧਾਰੀਵਾਲ ਨੇ ਦੱਸਿਆ ਕਿ ਯੁੱਧਵੀਰ ਮਾਣਕ ਪੰਜਾਬੀਆਂ ਦੀਆਂ ਦੁਆਵਾਂ ਸਦਕਾ ਬਿਲਕੁੱਲ ਠੀਕ ਹਨ ਅਤੇ ਉਹ ਆਪਣੇ ਪਰਿਵਾਰ ਵਿਚ ਰਾਜੀਖੁਸ਼ ਰਹਿ ਰਹੇ ਹਨ। ਮਾਣਕ ਸੁਰਜੀਤ ਇਸ ਮੌਕੇ ਗਾਇਕ ਮੀਤ ਮਾਣਕ, ਸੁਰਜੀਤ ਬੈਂਸ, ਜੀਤ ਖਾਨ ਅਤੇ ਯੁੱਧਵੀਰ ਮਾਣਕ ਦੇ ਮਾਤਾ ਸ਼੍ਰੀਮਤੀ ਸਰਬਜੀਤ ਕੌਰ ਹਾਜ਼ਰ ਸਨ। ਕੁਲਦੀਪ ਮਾਣਕ ਜੀ ਦੀ ਫੁੱਲਵਾੜੀ ਦਾ ਇਹ ਫੁੱਲ ਫਿਰ ਦੁਬਾਰਾ ਪੰਜਾਬੀ ਗਾਇਕੀ ਵਿਚ ਆਪਣੀ ਮਹਿਕ ਬਿਖੇਰੇਗਾ, ਇਸ ਖ਼ਬਰ ਨਾਲ ਸਮੁੱਚੇ ਪੰਜਾਬੀਆਂ ਵਿਚ ਖੁਸ਼ੀ ਦੀ ਲਹਿਰ ਹੈ।

# ਫੁੱਲ ਇੰਟਰਟੇਨਮੈਂਟ ਸੰਗੀਤ ਅਕੈਡਮੀ ਦੀ ਹੋਈ ਘੁੰਢ ਚੁਕਾਈ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਅੱਡਾ ਚੌਲਾਂਗ ਵਿਖੇ ਫੁੱਲ ਇੰਟਰਟੇਨਮੈਂਟ ਸੰਗੀਤ ਅਕੈਡਮੀ ਦਾ ਉਦਘਾਟਨ ਉੱਘੇ ਸਮਾਜ ਸੇਵਕ ਸ਼੍ਰੀ ਸੁਰਿੰਦਰ ਕੁਮਾਰ ਅਤੇ ਪ੍ਰਸਿੱਧ ਗੀਤਕਾਰ ਸੁਖਜੀਤ ਝਾਂਸਾਂ ਵਾਲਾ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਗਾਇਕ ਦਲਵਿੰਦਰ ਦਿਆਲਪੁਰੀ, ਗੁਰਮੇਜ ਸਹੋਤਾ, ਕੁਲਦੀਪ ਚੁੰਬਰ, ਮੰਗੀ ਮਾਹਲ, ਸੁਰਿੰਦਰ ਲਾਡੀ, ਬਲਦੇਵ ਰਾਹੀ, ਸਮਾਜ ਸੇਵਕ ਜਗਦੀਸ਼ ਖਰਲ, ਬਾਬਾ ਸੋਨਾ ਜੀ, ਪੰਚ ਸਰਵਣ ਲਾਲ, ਦਵਿੰਦਰ ਚੌਲਾਂਗ, ਹੇਮ ਰਾਜ ਪ੍ਰਵਾਨਾ, ਦਲਵੀਰ ਸੌਂਕੀ, ਦੀਪ ਜੌੜਾ, ਗੁਰਪ੍ਰੀਤ ਖਰਲ, ਰਿੰਕੂ ਏ ਸੀ ਵਾਲਾ, ਗਾਇਕਾ ਗੁਰਨੂਰ, ਮਨੋਹਰ ਬੱਬੂ, ਹਰਮੇਸ਼ ਮੇਸ਼ੀ, ਹੈਪੀ ਡੱਲੀ, ਗੀਤਕਾਰ ਰੌਸ਼ਨ ਲਾਲ, ਦਿਨੇਸ਼ ਸ਼ਾਮਚੁਰਾਸੀ, ਐਡਵੋਕੇਟ ਸੁਖਦੇਵ ਸਿੰਘ ਸਮੇਤ ਕਈ ਹੋਰ ਸੰਗੀਤ ਪ੍ਰੇਮੀਆਂ ਨੇ ਸਰਬਜੀਤ ਫੁੱਲ ਇਸ ਸ਼ੁੱਭ ਕਾਰਜ ਲਈ ਮੁਬਾਰਕਬਾਦ ਦਿੱਤੀ।



# ਨਿਆਪਾਲਿਕਾ 'ਚ ਵੱਡੇ ਸੁਧਾਰਾਂ ਅਤੇ ਵਿਰੋਧੀ ਪਾਰਟੀਆਂ ਦੀ ਮਜ਼ਬੂਤੀ ਦਾ ਸਮਾਂ

ਜਦੋਂ ਤੋਂ ਭਾਰਤ ਦੀ ਮੌਜੂਦਾ ਹਾਕਮ ਧਿਰ ਨੇ ਆਪਣਾ ਗੁਪਤ ਅਜੰਡਾ ਦੇਸ਼ ਸਿਰ ਮੜ੍ਹਨਾ ਸ਼ੁਰੂ ਕੀਤਾ ਹੋਇਆ ਹੈ, ਕੇਂਦਰੀ ਸੰਘੀ ਸਰਕਾਰ ਦੀ ਪਛਾਣ ਖ਼ਤਮ ਕਰਦਿਆਂ ਸੂਬਾ ਸਰਕਾਰਾਂ ਦੇ ਹੱਕ ਖੋਹੇ ਜਾਣ ਦੀ ਸ਼ੁਰੂਆਤ ਕੀਤੀ ਹੋਈ ਹੈ, ਪਾਰਲੀਮੈਂਟ ਨੂੰ ਦਰਕਿਨਾਰ ਕਰਕੇ ਆਰਡੀਨੈਂਸਾਂ ਰਾਹੀਂ ਸਰਕਾਰ ਚਲਾਉਣ ਨੂੰ ਪਹਿਲ ਦਿੱਤੀ ਹੋਈ ਹੈ, ਉਦੋਂ ਤੋਂ ਹੀ ਦੇਸ਼ ਦੀ ਚਿੰਤਾ ਕਰਨ ਵਾਲੇ ਲੋਕ ਦੇਸ਼ ਵਿੱਚ ਵਿਰੋਧੀ ਪਾਰਟੀਆਂ ਦੀ ਮਜ਼ਬੂਤੀ ਲਈ ਫਿਕਰਮੰਦ ਹਨ। ਕੋਵਿਡ-19 ਦੇ ਸਮੇਂ ਤਾਂ ਹਾਕਮ ਧਿਰ ਨੇ ਸਾਰੇ ਹੱਕ ਆਪਣੇ ਹੱਥ ਲੈ ਕੇ "ਕਰੋਨਾ ਮਹਾਂਮਾਰੀ" ਦੇ ਨਾਮ ਉਤੇ ਸੂਬਿਆਂ ਦੀਆਂ ਸਰਕਾਰਾਂ,, ਚਾਹੇ ਉਹ ਭਾਜਪਾ ਜਾਂ ਗੱਠਜੋੜ ਸਰਕਾਰਾਂ ਹਨ ਜਾਂ ਕਾਂਗਰਸ ਜਾਂ ਹੋਰ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਉਹਨਾ ਨੂੰ ਨੁਕਰੇ ਲਾਉਣਾ ਸ਼ੁਰੂ ਕੀਤਾ ਹੋਇਆ ਹੈ। ਵਿਰੋਧੀ ਧਿਰਾਂ ਦੀਆਂ ਸਰਕਾਰਾਂ ਦੇ ਨਮਦੇ, ਉਹਨਾ ਨੂੰ ਕੇਂਦਰੀ ਸਹਾਇਤਾ ਨਾ ਦੇ ਕੇ ਜਾਂ ਕੋਵਿਡ-19 ਦੇ ਨਾਮ ਉਤੇ ਉਹਨਾ ਦੇ ਹੱਕ ਖੋਹ ਕੇ ਕੱਸੇ ਜਾ ਰਹੇ ਹਨ। ਸੂਬਾ ਸਰਕਾਰਾਂ ਦਾ ਹਾਲ ਤਾਂ ਦੇਸ਼ 'ਚ ਸਥਾਨਕ ਸਰਕਾਰਾਂ (ਮਿਊਂਸਪਲ ਕਮੇਟੀਆਂ ਜਾਂ ਪੰਚਾਇਤਾਂ) ਵਰਗਾ ਕਰ ਦਿੱਤਾ ਹੈ, ਜੋ ਸਰਕਾਰਾਂ ਦੀਆਂ ਨਵੇਂ-ਨਵੇਂ ਪੈਸੇ ਦੀਆਂ ਮੁਥਾਜ ਹੁੰਦੀਆਂ ਹਨ। ਸਾਲ 2019-20 ਦੇ ਜੀ.ਐਸ.ਟੀ. ਦੀ ਰਕਮ ਟਰਾਂਸਫਰ ਨਾ ਕੀਤੇ ਜਾਣ 'ਤੇ ਗੈਰ-ਭਾਜਪਾ ਰਾਜਾਂ ਨੇ ਕੇਂਦਰ ਸਰਕਾਰ ਕੋਲ ਪ੍ਰੋਟੈਸਟ ਕੀਤਾ ਸੀ ਅਤੇ ਕੇਂਦਰ ਨੂੰ ਜਦੋਂ ਚਿਤਾਇਆ ਕਿ ਰਾਜਾਂ 'ਚ ਮਾਲੀਏ ਵਿੱਚ ਕਮੀ ਦੀ ਭਰਪਾਈ ਕੇਂਦਰ ਸਰਕਾਰ ਦੀ ਜ਼ੁੰਮੇਵਾਰੀ ਹੈ ਤਾਂ ਕੇਂਦਰ ਦੀ ਸਰਕਾਰ ਨੇ ਕਰੋਨਾ ਨੂੰ "ਗੈਬੀ ਬਿਪਤਾ" ਦਾ ਬਹਾਨਾ ਬਣਾਕੇ ਜੀ.ਐਸ.ਟੀ. ਮੁਆਵਜ਼ਾ ਦੇਣ ਦੀ ਥਾਂ ਰਾਜਾਂ ਨੂੰ ਬਜ਼ਾਰ ਵਿੱਚੋਂ ਕਰਜ਼ਾ ਚੁੱਕਣ ਦਾ ਮਸ਼ਵਰਾ ਦਿੱਤਾ ਹੈ। ਸੂਬਿਆਂ ਦੀ ਭਾਜਪਾ ਸਰਕਾਰਾਂ 'ਚ ਇਸ ਮਾਮਲੇ 'ਚ ਚੁੱਪੀ ਧਾਰ ਬੈਠ ਗਈਆਂ, ਭਾਵੇਂ ਕਿ ਗੈਰ-ਭਾਜਪਾ ਸਰਕਾਰਾਂ ਨੇ ਸੋਨੀਆ ਗਾਂਧੀ ਵਲੋਂ ਜੀ .ਐਸ.ਟੀ. ਤੇ ਇਮਤਿਹਾਨਾਂ ਸਣੇ ਵੱਖ-ਵੱਖ ਮੁੱਦਿਆਂ ਤੇ ਸੱਦੀ ਮੀਟਿੰਗ ਵਿੱਚ ਇਮਤਿਹਾਨ ਸਬੰਧੀ ਸੁਪਰੀਮ ਕੋਰਟ 'ਚ ਇੱਕਠਿਆਂ ਰੀਵੀਊ ਪਟੀਸ਼ਨ ਪਾਉਣ ਲਈ ਇਕਸੁਰਤਾ ਵਿਖਾਈ। ਮੀਟਿੰਗ ਵਿੱਚ ਜਿਥੇ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਭਾਵੇਂ ਸਖ਼ਤ ਸ਼ਬਦ ਵਰਤਦਿਆਂ ਕਿਹਾ ਕਿ "ਸਾਨੂੰ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਅਸੀਂ ਕੇਂਦਰ ਸਰਕਾਰ ਤੋਂ ਡਰਨਾ ਹੈ ਜਾਂ ਉਸ ਵਿਰੁੱਧ ਲੜਨਾ ਹੈ", ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਕਿਸੇ ਜ਼ਮਹੂਰੀ ਦੇਸ਼ ਵਿਚ ਏਨੀ ਡੀਠਤਾਈ ਨਹੀਂ ਦੇਖੀ। ਦੇਸ਼ 'ਚ ਸਥਿਤੀ ਬਹੁਤ ਗੰਭੀਰ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਵੀ ਕੇਂਦਰ ਦੀ ਸਰਕਾਰ ਦੇ ਕੰਨਾਂ ਉਤੇ ਜੂੰ ਨਹੀਂ ਸਰਕੀ। ਦੇਸ਼ ਦੀ ਵਿਰੋਧੀ ਧਿਰ "ਕੇਂਦਰ ਸਰਕਾਰ" ਦੀਆਂ ਮਨਮਾਨੀਆਂ, ਆਪਹੁਦਰੀਆਂ ਕਾਰਵਾਈਆਂ ਕੀਤੇ ਜਾਣ ਤੋਂ ਦੁੱਖੀ ਹੋਕੇ ਵੀ ਨਾ ਤਾਂ ਕੋਈ ਸਾਂਝਾ ਮੁਹਾਜ਼ ਕਾਇਮ ਕਰ ਸਕੀ ਹੈ, ਨਾ ਹੀ ਇੱਕ ਮੁੱਠ ਹੋਕੇ ਕਿਸੇ ਵਿਸ਼ੇ-ਵਿਸ਼ੇਸ਼ ਸਬੰਧੀ ਕੋਈ ਆਵਾਜ਼ ਬੁਲੰਦ ਕਰ ਸਕੀ ਹੈ। ਦੇਸ਼ 'ਚ 370 ਧਾਰਾ ਦਾ ਖ਼ਾਤਮਾ, ਆਯੋਧਿਆ ਮੰਦਰ ਦਾ ਸ਼ਿਲਾਲੇਖ ਦੇਸ਼ ਦੇ ਚੁਣੇ ਹੋਏ ਪ੍ਰਧਾਨ ਮੰਤਰੀ ਹੱਥੋਂ ਰੱਖੇ ਜਾਣਾ, ਤਿੰਨ ਕਿਸਾਨ ਵਿਰੋਧੀ ਆਰਡੀਨੈਂਸਾਂ ਦੇ ਜਾਰੀ ਕਰਨਾ, ਬਿਜਲੀ ਸਪਲਾਈ ਸਬੰਧੀ ਕੇਂਦਰੀ ਸ਼ਕਤੀਆਂ ਪ੍ਰਾਪਤ ਕਰਨ ਹਿੱਤ ਬਿੱਲ ਜਾਂ ਰੇਲਵੇ ਦੇ ਨਿਜੀਕਰਨ, ਦੇਸ਼ ਦੇ ਹਵਾਈ ਅੱਡੇ ਕਾਰਪੋਰੇਟ ਸੈਕਟਰ ਨੂੰ ਵੇਚਣ ਜਾਂ ਸਿੱਖਿਆ ਨੀਤੀ ਨੂੰ ਲੋਕ ਸਭਾ 'ਚ ਬਹਿਸ ਤੋਂ ਬਿਨਾਂ ਲਾਗੂ ਕਰਨ ਸਬੰਧੀ ਦੇਸ਼ ਭਰ 'ਚ ਕੋਈ ਪ੍ਰੋਟੈਸਟ ਵਿਰੋਧੀ ਧਿਰ ਨਹੀਂ ਕਰ ਸਕੀ। ਭਾਵੇਂ ਕੁਝ ਰਾਜਾਂ ਨੇ ਕਿਸਾਨ ਆਰਡੀਨੈਂਸਾਂ ਸਬੰਧੀ ਵਿਧਾਨ ਸਭਾਵਾਂ 'ਚ ਮਤਾ ਪਾਸ ਕੀਤਾ ਹੈ, ਕਿਸਾਨ ਜੱਥੇਬੰਦੀਆਂ ਨੇ ਦੇਸ਼ ਦੇ ਕੁਝ ਭਾਗਾਂ 'ਚ ਰੋਸ ਮੁਜ਼ਾਹਰੇ ਆਦਿ ਸ਼ੁਰੂ ਕੀਤੇ ਹੋਏ ਹਨ, ਪਰ ਦੇਸ਼ ਦੀ ਵਿਰੋਧੀ ਧਿਰ, ਜਿਸ ਵਿੱਚ ਕਾਂਗਰਸ ਵੀ ਸ਼ਾਮਲ ਵੱਡੀ ਦੇਸ਼ ਵਿਆਪੀ ਪਾਰਟੀ ਹੋਣ ਦੇ ਬਾਵਜੂਦ ਸਿਵਾਏ ਬਿਆਨ ਬਾਜ਼ੀ ਕਰਨ ਦੇ ਕੋਈ ਲੋਕ-ਲਹਿਰ ਪੈਦਾ ਨਹੀਂ ਕਰ ਸਕੀ। ਦੇਸ਼ ਦੀਆਂ ਅੱਠ ਖੱਬੇ ਪੱਖੀ ਪਾਰਟੀਆਂ ਨਿੱਜੀਕਰਨ, ਕੇਂਦਰੀਕਰਨ ਅਤੇ ਹਾਕਮਾਂ ਦੇ ਡਿਕਟੇਟਰਾਨਾ ਰਵੱਈਏ ਪ੍ਰਤੀ ਲੋਕਾਂ ਨੂੰ ਜਾਗਰੂਕ ਤਾਂ ਕਰ ਰਹੀਆਂ ਹਨ, ਪਰ ਹਾਲੇ ਤੱਕ ਜਿਸ ਕਿਸਮ ਦਾ ਲੋਕ-ਉਭਾਰ ਲੋਕਾਂ 'ਚ ਵੇਖਣ ਨੂੰ ਮਿਲਣਾ ਚਾਹੀਦਾ ਹੈ, ਉਸ ਜਿਹੀ ਕੋਈ ਲਹਿਰ ਪੈਦਾ ਨਹੀਂ ਕਰ ਸਕੀਆਂ। ਕਾਂਗਰਸ ਪਾਰਟੀ, ਜਿਹੜੀ ਦੇਸ਼ ਵਿਆਪੀ ਅੰਦੋਲਨ ਛੇੜ ਸਕਦੀ ਹੈ, ਉਹ ਆਪਣੀ ਪਾਰਟੀ 'ਚ ਪੈਦਾ ਹੋਏ "ਲੀਡਰਸ਼ਿਪ" ਸੰਕਟ ਕਾਰਨ ਬੁਰੀ ਤਰ੍ਹਾਂ ਟੁੱਟ-ਭੱਜ ਰਹੀ ਹੈ। ਕਾਂਗਰਸ ਦੇ 23 ਵੱਡੇ ਨੇਤਾਵਾਂ ਨੇ ਕਾਂਗਰਸ ਨੂੰ ਕਾਰਜਸ਼ੀਲ ਕਰਨ ਅਤੇ ਇਸਦੇ ਪਾਰਟੀ ਢਾਂਚੇ 'ਚ ਜ਼ਮਹੂਰੀਅਤ ਲਿਆਉਣ ਦਾ ਬੀੜਾ ਚੁੱਕਿਆ ਹੈ, ਪਰ ਇਸਨੂੰ ਕਾਂਗਰਸ ਉਤੇ ਕਾਬਜ ਗਾਂਧੀ ਪਰਿਵਾਰ ਅਤੇ ਉਹਨਾ ਦੇ ਕੱਟੜ ਸਮਰਥਕਾਂ ਨੇ ਇਸਨੂੰ ਬਗਾਵਤ ਦਾ ਨਾਮ ਦੇ ਦਿੱਤਾ ਹੈ। ਹਾਕਮ ਧਿਰ ਜਿਹੜੀ ਲਗਾਤਾਰ ਕਾਂਗਰਸ ਨੂੰ ਖੋਰਾ ਲਾਉਣ ਤੇ ਤੁਲੀ ਹੋਈ ਹੈ, ਜਿਹਨੇ ਮੱਧ ਪ੍ਰਦੇਸ਼ ਵਿੱਚ ਕਾਂਗਰਸ ਵਿਧਾਇਕ ਆਪਣੇ ਪਾਸੇ ਕਰਕੇ ਕਾਂਗਰਸ ਸਰਕਾਰ ਡੇਗ ਦਿੱਤੀ, ਰਾਜਸਥਾਨ ਸਰਕਾਰ ਡੇਗਣ ਦਾ ਯਤਨ ਕੀਤਾ, ਉਹ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦਾ ਸੁਪਨਾ ਮਨ 'ਚ ਪਾਲੀ ਬੈਠੀ ਹੈ, ਇਥੋਂ ਤੱਕ ਕਿ ਉਹ ਸਮੁੱਚੀ ਵਿਰੋਧੀ ਧਿਰ ਨੂੰ ਨੁਕਰੇ ਲਾਕੇ ਇੱਕ ਰਾਸ਼ਟਰ-ਇੱਕ ਪਾਰਟੀ ਦੇ ਅਜੰਡੇ ਨੂੰ ਲਾਗੂ ਕਰਕੇ ਧਰਮ ਨਿਰਪੱਖ ਭਾਰਤ ਨੂੰ ਹਿੰਦੂ ਰਾਸ਼ਟਰ ਬਣਿਆ ਵੇਖਣਾ ਚਾਹੁੰਦੀ ਹੈ। ਇਸ ਮੰਤਵ ਲਈ ਸਰਕਾਰ ਵਲੋਂ ਪਹਿਲਾਂ ਮੀਡੀਆ ਨੂੰ ਆਪਣੇ ਕਬਜ਼ੇ 'ਚ ਕੀਤਾ, ਫਿਰ ਸੀ.ਬੀ.ਆਈ., ਚੋਣ ਕਮਿਸ਼ਨ, ਰਿਜ਼ਰਵ ਬੈਂਕ ਅਤੇ ਹੋਰ ਖੁਦ ਮੁਖਤਾਰ ਸੰਸਥਾਵਾਂ, ਜੋ ਆਜ਼ਾਦਾਨਾ ਕੰਮ ਕਰਨ ਲਈ ਜਾਣੀਆਂ ਜਾਂਦੀਆਂ ਸਨ, ਉਹਨਾ ਉਤੇ ਪੂਰਾ ਸ਼ਿਕੰਜਾ ਕੱਸਿਆ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਜੱਜਾਂ ਤੋਂ ਆਪਣੀ ਮਰਜ਼ੀ ਨਾਲ ਫ਼ੈਸਲੇ ਕਰਵਾਉਣ ਅਤੇ ਜੋ ਸਰਕਾਰ ਦੇ ਵਿਰੁੱਧ ਅਵਾਜ਼ ਉਠਾਉਂਦਾ ਹੈ, ਉਸਨੂੰ "ਦੇਸ਼ ਧਿਰੋਹੀ" ਗਰਦਾਨਣ ਦੇ ਦੋਸ਼ ਮੌਜੂਦਾ ਸਰਕਾਰ ਉਤੇ ਨਿਰੰਤਰ ਲੱਗ ਰਹੇ ਹਨ। ਇਹਨਾ ਦੋਸ਼ਾਂ 'ਚ ਕਈ "ਸ਼ਹਿਰੀ ਨਕਸਲ" ਗਰਦਾਨੇ ਜੇਲ੍ਹੀਂ ਬੰਦ ਕਰ ਦਿੱਤੇ ਗਏ ਹਨ।

ਪਿਛਲੇ ਦੋ ਦਹਾਕਿਆਂ ਤੋਂ ਸੁਪਰੀਮ ਕੋਰਟ ਦੀ ਭੂਮਿਕਾ, ਕੰਮਕਾਜ ਵਿੱਚ ਵੀ ਭਾਰੀ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜਾਂ ਨੂੰ ਰਾਜ ਸਭਾ ਮੈਂਬਰ ਬਨਾਉਣਾ ਜਾਂ ਹੋਰ ਲਾਭ ਦੇ ਅਹੁਦੇ ਦੇਣਾ ਕਈ ਸਵਾਲ ਖੜੇ ਕਰਦਾ ਹੈ। ਸੁਪਰੀਮ ਕੋਰਟ ਦੇਸ਼ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ, ਪਸ਼ੂਆਂ ਅਤੇ ਵਿਗੜਦੇ ਵਾਤਾਵਰਨ ਨਾਲ ਸਬੰਧਤ ਅਧਿਕਾਰਾਂ ਸਬੰਧੀ ਹਮੇਸ਼ਾ ਚੌਕਸ ਰਹਿੰਦਾ ਹੈ। ਇਹ ਭੂਮਿਕਾ ਤਦੇ ਨਿਭਾਈ ਜਾ ਸਕਦੀ ਹੈ, ਜਦੋਂ ਅਦਾਲਤ ਪੂਰੀ ਤਰ੍ਹਾਂ ਆਜ਼ਾਦ ਹੋਵੇ। ਸੁਪਰੀਮ ਕੋਰਟ ਦੀ ਆਜ਼ਾਦੀ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਵਲੋਂ ਮਰਜ਼ੀ ਨਾਲ ਕਰਵਾਏ ਗਏ ਫ਼ੈਸਲਿਆਂ ਪ੍ਰਤੀ ਜੱਜਾਂ ਨੂੰ ਪੁਰਸਕਾਰਤ ਕਰਨ ਦੀ ਜੋ ਪਰੰਪਰਾ ਚੱਲ ਰਹੀ ਹੈ, ਉਸਨੂੰ ਖ਼ਤਮ ਕੀਤਾ ਜਾਵੇ। ਇਹ ਤਦ ਸੰਭਵ ਹੋ ਸਕਦਾ ਹੈ ਜਦ ਇਸ ਗੱਲ ਦੀ ਰੋਕ ਲੱਗੇ ਕਿ ਸੁਪਰੀਮ ਕੋਰਟ ਦਾ ਕੋਈ ਵੀ ਜੱਜ ਸੇਵਾ ਮੁਕਤ ਹੋਣ ਬਾਅਦ ਕੋਈ ਸਰਕਾਰੀ ਆਹੁਦਾ ਜਾਂ ਕਮਿਸ਼ਨ ਆਦਿ ਦਾ ਅਹੁਦਾ ਸਵੀਕਾਰ ਨਹੀਂ ਕਰੇਗਾ। ਜੇ ਇਹ ਫ਼ੈਸਲਾ ਹੋਵੇ ਕਿ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਨੂੰ ਸਾਰੀ ਰਹਿੰਦੀ ਉਮਰ ਉਸਦੀ ਸੇਵਾ ਮੁਕਤੀ ਸਮੇਂ ਪ੍ਰਾਪਤ ਕੀਤੀ ਜਾਣ ਵਾਲੀ ਤਨਖ਼ਾਹ ਮਿਲਦੀ ਰਹੇਗੀ ਤਾਂ ਸੁਪਰੀਮ ਕੋਰਟ ਦੇ ਜੱਜ ਨਿਰਪੱਖ ਫ਼ੈਸਲੇ ਦੇਣਗੇ।

ਪ੍ਰਸਿੱਧ ਵਕੀਲ ਪ੍ਰਸ਼ਾਤ ਭੂਸ਼ਣ ਵਲੋਂ ਜਿਸ ਢੰਗ ਨਾਲ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜਾਂ ਅਤੇ ਹੋਰ ਜੱਜਾਂ ਸਬੰਧੀ ਵਿੱਤੀ ਅਤੇ ਹੋਰ ਦੋਸ਼ ਲਗਾਏ ਹਨ ਅਤੇ ਸਿੱਟੇ ਵਜੋਂ ਜਿਵੇਂ ਪ੍ਰਸ਼ਾਂਤ ਭੂਸ਼ਣ "ਮਾਣ ਹਾਨੀ" ਦਾ ਮੁਕੱਦਮਾ ਝੱਲ ਰਹੇ ਹਨ ਅਤੇ ਜਿਵੇਂ ਕੇ.ਐਨ.ਸਿੰਘ ਨੇ ਆਪਣੇ 18 ਦਿਨ ਦੇ ਚੀਫ਼ ਜਸਟਿਸ ਦੇ ਸਮੇਂ ਦੌਰਾਨ ਆਪਣੀ ਮਨਮਰਜ਼ੀ ਦੇ ਸੰਵਧਾਨਿਕ ਬੈਂਚ ਬਣਾਕੇ ਫ਼ੈਸਲੇ ਕੀਤੇ, ਜਿਹਨਾ ਦੀ ਬਾਅਦ ਵਿੱਚ ਸਮੀਖਿਆ ਹੋਈ ਤੇ ਫ਼ੈਸਲੇ ਉਲਟਾਏ ਗਏ, ਜਿਵੇਂ ਦੀਪਕ ਮਿਸ਼ਰਾ ਜਸਟਿਸ ਨੇ ਆਪਣੇ ਖ਼ੁਦ ਤੇ ਲੱਗੇ ਦੋਸ਼ਾਂ ਨੂੰ ਆਪੂੰ ਪਹਿਲਾ ਬਣੇ ਸੰਵਧਾਨਿਕ ਚੇਅਰਮੈਨੀ ਵਾਲੇ ਪੰਜ ਮੈਂਬਰੀ ਬੈਂਚ ਦਾ ਗਠਨ ਕੀਤਾ ਤੇ ਫਿਰ ਇਹ ਮਾਮਲਾ ਤਿੰਨ ਮੈਂਬਰੀ ਬੈਂਚ ਨੂੰ ਸੌਂਪ ਦਿੱਤੇ ਅਤੇ ਜਿਵੇਂ ਜਸਟਿਸ ਰੰਜਨ ਗੰਗੋਈ ਨੇ ਆਪਣੇ ਬੈਂਚ ਨੂੰ (ਜਿਸ 'ਚ ਦੋ ਹੋਰ ਜੱਜ ਸ਼ਾਮਲ ਸਨ), ਇੱਕ ਐਸਾ ਮਾਮਲਾ ਸੌਂਪਿਆ ਜਿਸ ਵਿੱਚ ਉਹਨਾ ਉਤੇ ਖ਼ੁਦ ਦੇ ਖ਼ਿਲਾਫ਼ ਕੇਸ ਸਨ। ਫਿਰ ਇਸ ਬੈਂਚ ਨੇ ਸੁਣਵਾਈ ਕੀਤੀ ਅਤੇ ਫ਼ੈਸਲਾ ਸੁਣਾਇਆ, ਜਿਸ ਉਤੇ ਦੋ ਜੱਜਾਂ ਦੇ ਦਸਤਖ਼ਤ ਸਨ ਤਾਂ ਕੀ ਇਹ ਸਭ ਕੁਝ ਸੁਪਰੀਮ ਕੋਰਟ ਦੀ ਉੱਚਤਾ ਸਬੰਧੀ ਵੱਡੇ ਸਵਾਲ ਖੜੇ ਨਹੀਂ ਕਰਦੇ? ਹਾਕਮ ਧਿਰ ਉਤੇ ਵੀ ਇਸ ਗੱਲ ਦੇ ਦੋਸ਼ ਲਗਦੇ ਹਨ ਕਿ ਉਹਨਾ ਵਲੋਂ ਸੁਪਰੀਮ ਕੋਰਟ ਦੇ ਫ਼ੈਸਲਿਆਂ ਨੂੰ ਪ੍ਰਭਾਵਤ ਕਰਨ ਲਈ ਸੁਪਰੀਮ ਕੋਰਟ ਦੇ ਜੱਜਾਂ ਉਤੇ ਦਬਾਅ ਬਣਾਇਆ ਜਾਂਦਾ ਹੈ ਅਤੇ ਕਈ ਹਾਲਤਾਂ ਵਿੱਚ ਸੇਵਾ ਮੁਕਤੀ ਉਪਰੰਤ ਨੌਕਰੀਆਂ ਅਤੇ ਵੱਡੇ ਆਹੁਦਿਆਂ ਦੇ ਲਾਲਚ ਦਿੱਤੇ ਜਾਂਦੇ ਹਨ।



**ਗੁਰਮੀਤ ਪਲਾਹੀ**
**91-98158-02070**

ਦੇਸ਼ ਦੀ ਕਾਰਜਪਾਲਿਕਾ, ਵਿਧਾਨਪਾਲਿਕਾ ਤਾਂ ਪਹਿਲਾਂ ਹੀ ਦੋਸ਼ਾਂ ਤੋਂ ਮੁਕਤ ਨਹੀਂ ਹੈ। ਲੋਕ ਸਭਾ, ਵਿਧਾਨ ਸਭਾ 'ਚ "ਅਪਰਾਧਿਕ ਮੁਕੱਦਮੇ" ਭੁਗਤ ਰਹੇ ਲੋਕਾਂ ਦਾ ਪਹੁੰਚ ਜਾਣਾ, ਕਾਰਜਪਾਲਿਕਾ ਦੀ ਨੌਕਰਸ਼ਾਹੀ ਵਲੋਂ ਸਿਆਸੀ ਲੋਕਾਂ ਦੇ ਪਿੱਛਲਗ ਬਣਕੇ ਸੰਵਾਧਾਨਿਕ ਨਿਯਮਾਂ ਦੀਆਂ ਧੱਜੀਆਂ ਉਡਾਉਣ ਦੀਆਂ ਹਜ਼ਾਰਾਂ-ਲੱਖਾਂ ਉਦਾਹਰਨਾਂ ਹਨ। ਪਰ ਵੱਡੀ ਨਿਆਪਾਲਿਕਾ ਉਤੇ ਇਸ ਕਿਸਮ ਦੇ ਸੁਆਲ ਉਠਣੇ ਭਾਰਤੀ ਲੋਕਤੰਤਰੀ ਸੰਵਾਧਾਨਿਕ ਪ੍ਰਵਿਰਤੀ ਦੇ ਉਲਟ ਹਨ ਅਤੇ ਖ਼ੁਦਮੁਖਤਿਆਰ ਸੰਸਥਾ ਦੇ ਨਾਮ ਨੂੰ ਵੱਡਾ ਧੱਬਾ ਲਾਉਣ ਵਾਲੇ ਹਨ। ਆਮ ਰਾਏ ਪਾਈ ਜਾ ਰਹੀ ਹੈ ਕਿ ਸੁਪਰੀਮ ਕੋਰਟ ਦਾ ਦਰਜਾ ਉੱਚਾ ਕਰਨ ਲਈ ਉਸਨੂੰ ਸੰਵਾਧਾਨਿਕ ਅਦਾਲਤ ਬਣਾਇਆ ਜਾਵੇ। ਇਹ ਕੇਵਲ ਭਾਰਤ ਦੇ ਸੰਵਿਧਾਨ ਦੀ ਵਿਆਖਿਆ ਨਾਲ ਸਬੰਧਿਤ ਪ੍ਰਸ਼ਨਾਂ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਕਰੇ ਅਤੇ ਫ਼ੈਸਲਾ ਸੁਣਾਵੇ। ਅਤੇ ਬਹੁਤ ਜ਼ਰੂਰੀ ਮਾਮਲਿਆਂ ਵਿੱਚ, ਜਿਹੜੇ ਵੱਡੇ ਸਰਵਜਨਕ ਮਹੱਤਵ ਅਤੇ ਸਿੱਟਿਆਂ ਵਾਲੇ ਮਾਮਲੇ ਹਨ ਉਹਨਾ ਦੀ ਹੀ ਸੁਣਵਾਈ ਕਰੇ। ਇਹਨਾ ਮਾਮਲਿਆਂ ਨੂੰ ਨਿਜੱਠਣ ਲਈ ਸੱਤ ਮੈਂਬਰੀ ਜੱਜਾਂ ਦੇ ਬੈਚ ਗਠਿਤ ਹੋਵੇ। ਹਾਈ ਕੋਰਟ ਦੀਆਂ ਅਪੀਲਾਂ ਸੁਣਨ ਲਈ ਵੱਖਰਾ ਪੰਜ ਮੈਂਬਰੀ ਬੈਚ ਬਣੇ। ਇੰਜ ਕਰਨ ਨਾਲ ਸਿਆਸੀ ਦਖ਼ਲ ਅੰਦਾਜ਼ੀ ਨੂੰ ਨੱਥ ਪਵੇਗੀ।

ਅੱਜ ਦੇਸ਼ ਦੇ ਜੋ ਹਾਲਤ ਬਣ ਰਹੇ ਹਨ। ਦੇਸ਼ ਵਿਚਲੀ "ਹਾਕਮੀ ਤਾਕਤ" ਇੱਕੋ ਪਾਰਟੀ ਹੱਥ ਆ ਰਹੀ ਹੈ, ਜੋ ਦੇਸ਼ ਦੀਆਂ ਖ਼ੁਦਮੁਖਤਿਆਰ ਸੰਸਥਾਵਾਂ ਨੂੰ ਖੋਰਾ ਤਾਂ ਲਾ ਹੀ ਰਹੀ ਹੈ, ਸਗੋਂ ਲੋਕ ਹਿਤੈਸ਼ੀ ਫ਼ੈਸਲੇ ਤੱਜ ਕੇ ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰ ਰਹੀ ਹੈ ਅਤੇ ਵੱਡੀ ਹਾਕਮ ਧਿਰ ਬਣਕੇ ਵਿਰੋਧੀ ਧਿਰ ਨੂੰ ਲਿਤਾੜ ਰਹੀ ਹੈ।

ਲੋੜ ਇਸ ਗੱਲ ਦੀ ਹੈ ਕਿ ਦੇਸ਼ ਦੀ ਵਿਰੋਧੀ ਧਿਰ ਜਿਸ ਵਿੱਚ ਕਾਂਗਰਸ, ਰਾਸ਼ਟਰੀ ਕਾਂਗਰਸ, ਖੱਬੇ ਪੱਖੀ ਧਿਰਾਂ, ਬੀ.ਐਸ.ਪੀ. ਆਦਿ ਅਤੇ ਹੋਰ ਇਲਾਕਾਈ ਪਾਰਟੀਆਂ ਸ਼ਾਮਲ ਹਨ, ਇੱਕ ਘੱਟੋ-ਘੱਟ ਪ੍ਰੋਗਰਾਮ ਉਲੀਕ ਕੇ ਲੋਕਾਂ ਦੇ ਹੱਕ 'ਚ ਖੜਨ। ਕਿਸਾਨਾਂ, ਮਜ਼ਦੂਰਾਂ, ਮੁਲਜ਼ਮਾਂ ਦੇ ਹਿੱਤਾਂ ਤੇ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਨਾਲ ਸਬੰਧਤ ਮੁੱਦੇ ਤਾਂ ਸਭ ਧਿਰਾਂ ਦੇ ਹਨ। ਫਿਰ ਲੋਕ ਸਮੱਸਿਆਵਾਂ ਦੇ ਮੁੱਦੇ ਉਤੇ ਲੋਕ-ਲਹਿਰ ਕਿਉਂ ਨਹੀਂ ਉਸਾਰੀ ਜਾ ਸਕਦੀ? ਵਿਰੋਧੀ ਧਿਰਾਂ ਦੇ ਵੱਡੇ ਦਬਾਅ ਨਾਲ ਹੀ ਹਾਕਮ ਧਿਰ ਸੁਚੇਤ ਰਹਿ ਸਕਦੀ ਹੈ ਅਤੇ ਸੰਵਿਧਾਨ ਅਨੁਸਾਰ ਫ਼ੈਸਲੇ ਕਰਨ ਲਈ ਮਜ਼ਬੂਰ ਰਹਿ ਸਕਦੀ ਹੈ। ਇਸੇ ਵਿਰੋਧੀ ਧਿਰ ਦੇ ਦਬਾਅ ਨਾਲ ਹੀ ਦੇਸ਼ ਦੀ ਉੱਚ ਅਦਾਲਤ ਉਤੇ ਬੇਲੋੜਾ ਦਬਾਅ ਘਟਾਇਆ ਜਾ ਸਕਦਾ ਹੈ।

**-(ਪੰਜਾਬੀ ਫੀਚਰ ਸਿੰਡੀਕੇਟ ਵਲੋਂ ਜਾਰੀ)**

**ਪਿਛਲੇ ਦੋ ਦਹਾਕਿਆਂ ਤੋਂ ਸੁਪਰੀਮ ਕੋਰਟ ਦੀ ਭੂਮਿਕਾ, ਕੰਮਕਾਜ ਵਿੱਚ ਵੀ ਭਾਰੀ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜਾਂ ਨੂੰ ਰਾਜ ਸਭਾ ਮੈਂਬਰ ਬਨਾਉਣਾ ਜਾਂ ਹੋਰ ਲਾਭ ਦੇ ਅਹੁਦੇ ਦੇਣਾ ਕਈ ਸਵਾਲ ਖੜੇ ਕਰਦਾ ਹੈ। ਸੁਪਰੀਮ ਕੋਰਟ ਦੇਸ਼ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ, ਪਸ਼ੂਆਂ ਅਤੇ ਵਿਗੜਦੇ ਵਾਤਾਵਰਨ ਨਾਲ ਸਬੰਧਤ ਅਧਿਕਾਰਾਂ ਸਬੰਧੀ ਹਮੇਸ਼ਾ ਚੌਕਸ ਰਹਿੰਦਾ ਹੈ। ਇਹ ਭੂਮਿਕਾ ਤਦੇ ਨਿਭਾਈ ਜਾ ਸਕਦੀ ਹੈ, ਜਦੋਂ ਅਦਾਲਤ ਪੂਰੀ ਤਰ੍ਹਾਂ ਆਜ਼ਾਦ ਹੋਵੇ। ਸੁਪਰੀਮ ਕੋਰਟ ਦੀ ਆਜ਼ਾਦੀ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਵਲੋਂ ਮਰਜ਼ੀ ਨਾਲ ਕਰਵਾਏ ਗਏ ਫ਼ੈਸਲਿਆਂ ਪ੍ਰਤੀ ਜੱਜਾਂ ਨੂੰ ਪੁਰਸਕਾਰਤ ਕਰਨ ਦੀ ਜੋ ਪਰੰਪਰਾ ਚੱਲ ਰਹੀ ਹੈ, ਉਸਨੂੰ ਖ਼ਤਮ ਕੀਤਾ ਜਾਵੇ। ਇਹ ਤਦ ਸੰਭਵ ਹੋ ਸਕਦਾ ਹੈ ਜਦ ਇਸ ਗੱਲ ਦੀ ਰੋਕ ਲੱਗੇ ਕਿ ਸੁਪਰੀਮ ਕੋਰਟ ਦਾ ਕੋਈ ਵੀ ਜੱਜ ਸੇਵਾ ਮੁਕਤ ਹੋਣ ਬਾਅਦ ਕੋਈ ਸਰਕਾਰੀ ਆਹੁਦਾ ਜਾਂ ਕਮਿਸ਼ਨ ਆਦਿ ਦਾ ਅਹੁਦਾ ਸਵੀਕਾਰ ਨਹੀਂ ਕਰੇਗਾ।**

# ਵਿਸ਼ਵ ਸਿਹਤ ਸੰਗਠਨ ਆਪਣੀ ਨੈਤਿਕ ਹਿੰਮਤ ਅਤੇ ਦਰਸ਼ਨ ਗੁਆ ਬੈਠੀ ਹੈ - ਪ੍ਰੋ: ਰਣਜੀਤ ਧੀਰ

**ਫਗਵਾੜਾ-** "ਪੋਲੀਓ, ਚੇਚਕ , ਹੇਜ਼ਾ, ਮਲੇਰੀਆ, ਇੰਬੋਲਾ, ਸਾਰਸ ਤੇ ਏਡਜ਼ ਸਮੇਤ ਸਮੇ ਸਮੇ ਫੈਲਣ ਵਾਲੀਆਂ ਸੰਸਾਰ ਵਿਆਪੀ ਭਿਆਨਕ ਬੀਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਤੇ ਇਨ੍ਹਾਂ ਤੋ ਵਿਸ਼ਵ ਨੂੰ ਮੁਕਤ ਕਰਾਉਣ ਲਈ ਜ਼ਿਕਰਯੋਗ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ ਵਿਸ਼ਵ ਸਿਹਤ ਸੰਗਠਨ ਇਸ ਵਾਰ ਕਰੋਨਾ ਮਹਾਂਮਾਰੀ ਦੇ ਦੌਰ 'ਚ ਆਪਣੀ ਬਣਦੀ ਕੁੰਜੀਵਤ ਭੂਮਿਕਾ ਨਿਭਾਉਣੋਂ ਖੁੰਝਣ ਕਰਨ ਸੁਆਲਾਂ ਦੇ ਘੇਰੇ 'ਚ ਹੈ। " ਵਿਸ਼ਵ ਪੱਧਰੀ ਸ਼ੋਹਰਤ ਪ੍ਰਾਪਤ ਵਿਚਾਰਵਾਨ ਲੇਖਕ ਰਣਜੀਤ ਧੀਰ ਯੂ ਕੇ ਨੇ ਵਿਸ਼ਵ ਸਿਹਤ ਸੰਗਠਨ ਦੀ ਭੂਮਿਕਾ ਬਾਰੇ ਇਹ ਗੰਭੀਰ ਸੁਆਲ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ ਵਿੱਚ ਦੀ ਅਗਵਾਈ 'ਚ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਵਲੋਂ ਕਰਵਾਏ ਕੌਮਾਂਤਰੀ ਵੈਬੀਨਾਰ ਨੂੰ ਸੰਬੋਧਨ ਕਰਦਿਆ ਖੜ੍ਹਾ ਕੀਤਾ।

ਉਨ੍ਹਾਂ ਅਗੇ ਕਿਹਾ ਕਿ 194 ਮੁਲਕਾਂ ਨੂੰ ਸਿਹਤ ਸੇਵਾਵਾਂ ਨੂੰ ਸੇਧ ਮਹੁਈਆ ਕਰਨ ਵਾਲੀ ਇਸ ਸੰਸਥਾ ਨੇ ਵਿਸ਼ਵ ਭਰ ਚ ਗਰੀਬੀ ਘਟਾਉਣ, ਪੀਣ ਲਈ ਸਾਫ਼ ਪਾਣੀ ਤੇ ਸਾਫ਼ ਸਫ਼ਾਈ ਸਮੇਤ ਲੋੜੀਂਦੀਆਂ ਮੁੱਢਲੀਆਂ ਸੇਵਾਵਾਂ ਹਰ ਇਕ ਤੱਕ ਪਹੁੰਚਾਉਣ , ਕੁਪੋਸ਼ਣ ਰੋਕਣ ਬੱਚੇ ਤੇ ਔਰਤਾਂ ਅਤੇ ਲਿੰਗਕ ਸਮਾਨਤਾ ਸਮੇਤ ਬਹੁਤ ਸਾਰੇ ਹੋਰ ਮੁੱਦਿਆਂ ਬਾਰੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਵਿਸ਼ਵ ਸਰਕਾਰਾਂ ਦੀ ਸੇਧਗਾਰ ਸੰਸਥਾ ਦੀ ਹੋਂਦ , ਲੋੜ ਤੇ ਭੂਮਿਕਾ ਬਾਰੇ ਸੁਆਲ ਖੜ੍ਹੇ ਹੋਣਾ ਤੇ ਅਮਰੀਕਾ ਵਲੋਂ ਇਸ ਦਾ ਬਾਈਕਾਟ ਤੇ ਮਾਲੀ ਇਮਦਾਦ ਬੰਦ ਕਰਨਾ ਗੰਭੀਰ ਮੁੱਦਾ ਹੈ।

ਜਾਣਕਾਰੀ ਦਿੰਦਿਆਂ ਮੀਡੀਆ ਕੋਆਰਡੀਨੇਟਰ ਪਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਧੀਰ ਨੇ ਅਗੇ ਕਿਹਾ ਕਿ ਇਸ ਦੀ ਇਕ ਵਜ੍ਹਾ ਇਹ ਵੀ ਹੈ ਕਿ ਇਸ ਵਾਰ ਇਹ ਸੰਸਥਾ ਕਰੋਨਾ ਵਾਇਰਸ ਪੈਦਾ ਹੋਣ, ਫੈਲਣ ਬਾਰੇ ਸਮੇਂ ਸਿਰ ਜਾਣਕਾਰੀ ਹਾਸਲ ਕਰਨ ਤੇ ਇਸ ਦੀ ਭਿਆਨਕਤਾ ਤੇ ਇਸ ਬਚਣ ਬਾਰੇ ਸਰਗਰਮ ਤੇ ਵਕਤ ਸਿਰ ਸੇਧ ਮਹੁਈਆ ਕਰਨ ਚ ਨਾਕਾਮ ਰਹੀ ਹੈ। ਇਕ ਤਰ੍ਹਾਂ ਅਮਰੀਕਾ ਚੀਨ ਦੀ ਠੰਡੀ ਜੰਗ ਤੇ ਗੁੱਟ ਬੰਦੀ ਚ ਹੀ ਉਲਝੇ ਰਹਿਣਾ ਅਤੇ ਚੀਨ ਜਿਥੋਂ ਇਹ ਵਾਇਰਸ ਪੈਦਾ ਹੋਇਆ ਤੇ ਫੈਲਿਆ ,ਉਸਨੂੰ ਬਿਨਾਂ ਕਿਸੇ ਜਾਂਚ ਦੇ ਕਲੀਨ ਚਿੱਟ ਦੇਣੀ ਵੀ ਉਸ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ। ਵੈਂਬਨਾਰ ਚਰਚਾ ਨੂੰ ਅਗੇ ਤੋਰਦਿਆਂ ਡਾ ਸ਼ਿਆਮ ਸੁੰਦਰ ਦੀਪਤੀ , ਡਾ: ਹਰਜਿੰਦਰ ਵਾਲੀਆ, ਡਾ: ਐਸ ਪੀ ਸਿੰਘ, ਬੇਅੰਤ ਕੌਰ ਗਿੱਲ, ਡਾ ਗੁਰਚਰਨ ਨੂਰਪੁਰ, ਸੁਰਿੰਦਰ ਮਚਾਕੀ, ਡਾ: ਆਸਾ ਸਿੰਘ ਘੁੰਮਣ, ਡਾ ਸੁਖਪਾਲ ਸਿੰਘ ਪੀਏਯੂ, ਕੇਹਰ ਸ਼ਰੀਫ ਜਰਮਨੀ, ਵਰਿੰਦਰ ਸ਼ਰਮਾ ਐਮ ਪੀ ਯੂ ਕੇ, ਡਾ ਗਿਆਨ ਸਿੰਘ ਨੇ ਵੀ ਕਈ ਨੁਕਤੇ ਸਾਂਝੇ ਕੀਤੇ ਤੇ ਸੁਆਲ ਉਠਾਏ । ਮੁੱਖ ਤੌਰ ਉੱਤੇ ਉਨ੍ਹਾਂ ਦਾ ਕਹਿਣਾ ਸੀ ਕਿ ਵਿਸ਼ਵ ਸਿਹਤ ਸੰਗਠਨ 'ਤੇ ਖੁਲ੍ਹੀ ਮੰਡੀ ਦੀ ਆਰਥਕਤਾ ਤੇ ਕਾਰਪੋਰੇਟ ਤਾਕਤਾਂ ਹਾਵੀ ਹੋ ਗਈਆਂ ਹਨ।



ਚਰਚਾ ਵਿੱਚ ਸ਼ਾਮਲ ਰਣਜੀਤ ਧੀਰ ਯੂ.ਕੇ. ਵਰਿੰਦਰ ਸ਼ਰਮਾ ਐਮ.ਪੀ. ਯੂ.ਕੇ. ਡਾ: ਸੁਖਪਾਲ ਸਿੰਘ, ਡਾ: ਹਰਜਿੰਦਰ ਵਾਲੀਆ, ਮਨਪ੍ਰੀਤ ਬਧਨੀਕਲਾਂ, ਡਾ: ਐਸ.ਪੀ. ਸਿੰਘ ਡਾ: ਸ਼ਿਆਮ ਸੁੰਦਰ ਦੀਪਤੀ, ਜਗਦੀਪ ਸਿੰਘ ਕਾਹਲੋ,ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਡਾ: ਗੁਰਚਰਨ ਨੂਰਪੁਰ, ਹੋਸਟ ਪਰਵਿੰਦਰਜੀਤ ਸਿੰਘ, ਸੁਰਿੰਦਰ ਮਚਾਕੀ।

ਉਸ ਦੀਆਂ ਸਰਗਰਮੀਆਂ ਤੇ ਸੇਧਾਂ 'ਤੇ ਇਸ ਦੀ ਛਾਪ ਰਹੀ ਹੈ ਤੇ ਇਸ ਚ ਦਵਾ ਸਨਅਤ ਦਾ ਕੌਮਾਂਤਰੀ ਏਜੰਡਾ ਵੀ ਭਾਰੂ ਰਿਹਾ ਹੈ।

ਰਣਜੀਤ ਧੀਰ ਨੇ ਇਸ ਚਰਚਾ ਨੂੰ ਸਮੇਟਦਿਆ ਤੇ ਉਠਾਏ ਸੁਆਲਾਂ ਦੇ ਜੁਆਬ ਦਿੰਦਿਆਂ ਇਸ ਬੀਮਾਰੀ ਨਾਲ ਨਜਿੱਠਣ ਲਈ ਤਾਈਵਾਨ ਤੇ ਨਿਊਜ਼ੀਲੈਂਡ ਮਾਡਲ ਦੀ ਉਚੇਚੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਵਿਸ਼ਵ ਲਈ ਸੇਧ ਹੈ। ਉਨ੍ਹਾਂ ਵਿਸ਼ਵ ਸਿਹਤ ਸੰਗਠਨ ਦੀ ਇਸ ਬੀਮਾਰੀ ਸਬੰਧੀ ਸਮੁੱਚੇ ਵਿਸ਼ਵ ਦੀਆਂ ਸਰਕਾਰਾਂ ਦੀ ਜਾਂਚ ਦੀ ਧਾਰਨਾ ਰੱਦ ਕਰਦਿਆਂ ਚੀਨ ਦੀ ਭੂਮਿਕਾ ਦੀ ਕੌਮਾਂਤਰੀ ਜਾਂਚ ਦੀ ਮੰਗ ਕੀਤੀ। ਉਹਨਾ ਕਿਹਾ ਕਿ ਵਿਸ਼ਵ ਸਿਹਤ ਸੰਸਥਾ ਆਪਣਾ ਨੈਤਿਕ ਹਿੰਮਤ ਤੇ ਦਰਸ਼ਨ ਕਰੋਨਾ ਮਹਾਂਮਾਰੀ ਸਮੇਂ ਗੁਆ ਬੈਠੀ ਹੈ ਅਤੇ ਅਮਰੀਕਾ , ਚੀਨ ਦੇ ਆਪਸੀ ਵਿਵਾਦ 'ਚ ਫਸੀ ਨਜ਼ਰ ਆ ਰਹੀ ਹੈ। ਇਸ ਵੈਬੀਨਾਰ ਵਿੱਚ ਡਾ: ਐਸ.ਪੀ. ਸਿੰਘ, ਗੁਰਮੀਤ ਸਿੰਘ ਪਲਾਹੀ, ਪਰਵਿੰਦਰਜੀਤ ਸਿੰਘ, ਡਾ: ਗਿਆਨ ਸਿੰਘ, ਵਰਿੰਦਰ ਸ਼ਰਮਾ ਐਮ.ਪੀ., ਗੁਰਚਰਨ ਨੂਰਪੁਰ, ਬੰਸੋ ਦੇਵੀ, ਡਾ: ਚਰਨਜੀਤ ਸਿੰਘ ਗੁਮਟਾਲਾ, ਐਡਵੋਕੇਟ ਦਰਸ਼ਨ ਸਿੰਘ ਰਿਆੜ, ਮਨਪ੍ਰੀਤ ਸਿੰਘ ਬਧਨੀ ਕਲਾਂ , ਡਾ. ਹਰਜਿੰਦਰ ਵਾਲੀਆ, ਜਨਕ ਪਲਾਹੀ, ਕੇਹਰ ਸ਼ਰੀਫ, ਕੁਲਦੀਪ ਚੰਦ, ਪਰਗਟ ਸਿੰਘ ਰੰਧਾਵਾ, ਐਸ.ਐਲ. ਵਿਰਦੀ, ਡਾ: ਐਸ.ਐਸ.ਛੀਨਾ, ਜਗਦੀਪ ਸਿੰਘ ਕਾਹਲੋ, ਸੁਰਿੰਦਰ ਮਚਾਕੀ, ਜੀ.ਐਸ. ਗੁਰਦਿੱਤ, ਰਵਿੰਦਰ ਚੋਟ, ਗੌਰਵ ਵਰਮਾ, ਡਾ: ਵਿਸ਼ਿਸ਼ਟ, ਡਾ: ਆਸਾ ਸਿੰਘ ਘੁੰਮਣ, ਅਜਾਇਬ ਸਿੰਘ ਚੱਠਾ, ਡਾ: ਸੁਖਪਾਲ ਸਿੰਘ, ਕਰਮ ਮੋਹਨ, ਮਨਮੋਹਨ ਸਿੰਘ ਮਹੇਰੂ, ਸੁਖਚੈਨ ਸਿੰਘ, ਪਰਮਜੀਤ ਸਿੰਘ ਮਾਨਸਾ, ਕੁਲਵੰਤ ਸਿੰਘ ਅਣਖੀ, ਡਾ: ਗਿਆਨ ਸਿੰਘ, ਗਿਆਨ ਸਿੰਘ ਮੋਗਾ ਆਦਿ ਸ਼ਾਮਲ ਸਨ।

# ਅਕਾਲ ਤਖ਼ਤ ਅਤੇ ਪੰਜ ਪਿਆਰਿਆਂ ਦਾ ਸੰਕਲਪ

**ਸਿੱਖ ਸਾਹਿਤ ਦੇ ਵਿਦਵਾਨਾਂ ਦੀ ਮਾਨਤਾ ਹੈ ਕਿ, ਸਿੱਖ ਪਰੰਪਰਾ ਅਨੁਸਾਰ, ਪੰਜ ਪਿਆਰੇ ਲੋਕਤਾਂਤ੍ਰਿਕ ਸੱਤਾ ਵਿਧਾਨ ਦੇ ਪ੍ਰਤੀਕ ਹਨ। ਪਰ ਧਿਆਨ ਰਖਣ ਵਾਲੀ ਗਲ ਇਹ ਵੀ ਹੈ ਕਿ ਨਾ ਤਾਂ ਪੰਜ ਪਿਆਰੇ ਨਾਮਜ਼ਦ ਹੋ ਸਕਦੇ ਹਨ ਅਤੇ ਨਾ ਹੀ ਲੋਕਾਂ ਰਾਹੀਂ ਚੁਣੇ ਜਾ ਸਕਦੇ ਹਨ। ਕਿਉਂਕਿ ਜਿਨ੍ਹਾਂ ਨੇ ਗੁਰੂ ਦੇ ਪਿਆਰੇ ਹੋਣ ਦਾ ਮਾਣ ਪ੍ਰਾਪਤ ਕੀਤਾ ਸੀ, ਉਹ ਨਿਜੀ ਗੁਣਾ ਕਾਰਣ ਅਤਿ-ਕਠਨ ਪ੍ਰੀਖਿਆ ਵਿਚੋਂ ਖਰੇ ਉਤਰੇ ਸਨ।**



ਜਸਵੰਤ ਸਿੰਘ 'ਅਜੀਤ'
91 9 827-19890

ਬੀਤੇ ਕਾਫੀ ਸਮੇਂ ਤੋਂ ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਵਲੋਂ, ਪੰਜ ਪਿਆਰਿਆਂ ਦੇ ਰੂਪ ਵਿਚ ਕੀਤੇ ਜਾਂਦੇ ਚਲੇ ਆ ਰਹੇ ਫ਼ੈਸਲਿਆਂ ਪੁਰ ਕਿੰਤੂ-ਪ੍ਰੰਤੂ ਕੀਤਾ ਜਾਂਦਾ ਚਲਿਆ ਆ ਰਿਹਾ ਹੈ। ਇਥੋਂ ਤਕ ਕਿ ਪੰਜਾਂ ਪਿਆਰਿਆਂ ਦੇ ਰੂਪ ਵਿਚ ਕੀਤੇ ਜਾਂਦੇ ਕਈ ਫ਼ੈਸਲਿਆਂ ਦੇ ਸਬੰਧ ਵਿਚ ਤਾਂ ਇਹ ਵੀ ਕਿਹਾ ਗਿਆ, ਕਿ ਉਹ ਰਾਜਨੀਤੀ ਤੋਂ ਹੀ ਪ੍ਰੇਰਿਤ ਨਹੀਂ, ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਤਾਧਾਰੀਆਂ, ਜੋ ਉਨ੍ਹਾਂ ਦੀ ਨਿਯੁਕਤੀ ਕਰਦੇ ਹਨ, ਦੇ ਹਿਤਾਂ ਨੂੰ ਮੁੱਖ ਰਖ ਕੇ ਕੀਤੇ ਗਏ ਹੋਏ ਹਨ। ਇਕ ਸਮਾਂ ਤਾਂ ਇਹ ਵੀ ਆਇਆ, ਜਦੋਂ ਇਹ ਵੀ ਕਿਹਾ ਜਾਣ ਲਗ ਪਿਆ ਕਿ ਸਿੰਘ ਸਾਹਿਬਾਨ ਵਲੋਂ ਕੀਤੇ ਜਾਂਦੇ ਫੈਸਲਿਆਂ ਵਿੱਚ ਸ਼੍ਰੋਮਣੀ ਕਮੇਟੀ ਦੇ ਸੱਤਾਧਾਰੀਆਂ ਦੇ ਨਾਲ ਹੀ ਨਿਜ ਹਿਤਾਂ ਨੂੰ ਵੀ ਮੁੱਖ ਰਖਿਆ ਜਾਣ ਲਗਾ ਹੈ। ਇਸਤਰ੍ਹਾਂ ਸ਼ੰਕਾਵਾਂ ਤੇ ਕਿੰਤੂ-ਪ੍ਰੰਤੂ ਦਾ ਦੌਰ ਚਲਦਿਆਂ ਹੋਇਆਂ ਵੀ, ਵਿਰੋਧੀ ਫ਼ੈਸਲਿਆਂ ਦੇ ਸ਼ਿਕਾਰ ਵਿਅਕਤੀਆਂ ਨੂੰ ਵੀ ਨਾ ਚਾਹੁੰਦਿਆਂ ਹੋਇਆਂ ਵੀ, ਅਕਾਲ ਤਖ਼ਤ ਤੋਂ ਪੰਜਾਂ ਪਿਆਰਿਆਂ ਦੇ ਰੂਪ ਵਿਚ ਆਪਣੇ ਵਿਰੁਧ ਕੀਤੇ ਗਏ ਫ਼ੈਸਲਿਆਂ ਨੂੰ ਸਵੀਕਾਰ ਕਰਨਾ ਪਿਆ। ਉਨ੍ਹਾਂ ਨੇ ਅਕਾਲ ਤਖ਼ਤ ਦੇ ਸਾਹਮਣੇ ਨਤਮਸਤਕ ਹੋ ਧਾਰਮਕ ਸਜ਼ਾ (ਤਨਖ਼ਾਹ) ਲਗਵਾਈ ਅਤੇ ਉਸਨੂੰ ਪੂਰਿਆਂ ਵੀ ਕੀਤਾ। ਇਤਿਹਾਸ ਗੁਆਹ ਹੈ ਕਿ ਮਹਾਰਾਜਾ ਰਣਜੀਤ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਫ਼ਤਹ ਸਿੰਘ, ਸ. ਸੁਰਜੀਤ ਸਿੰਘ ਬਰਨਾਲਾ, ਜ. ਸੰਤੋਖ ਸਿੰਘ, ਜ. ਰਛਪਾਲ ਸਿੰਘ, ਸ. ਮਹਿੰਦਰ ਸਿੰਘ ਮਥਾਰੂ. ਜ. ਅਵਤਾਰ ਸਿੰਘ ਹਿਤ ਆਦਿ ਸਮੇਤ ਅਨੇਕਾਂ ਅਜਿਹੀਆਂ ਸ਼ਖ਼ਸੀਅਤਾਂ ਹਨ, ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਨਮਾਨਤ ਅਹੁਦਿਆਂ ਪੁਰ ਹੁੰਦਿਆਂ ਵੀ, ਅਕਾਲ ਤਖ਼ਤ ਤੋਂ ਆਪਣੇ ਵਿਰੁਧ ਹੋਏ ਵਿਵਾਦਤ ਫ਼ੈਸਲਿਆਂ ਨੂੰ ਸਵੀਕਾਰ ਕਰਨਾ ਪਿਆ।

ਇਥੋਂ ਤਕ ਕਿ ਦੇਸ਼ ਦੇ ਰਾਸ਼ਟਰਪਤੀ ਦੇ ਅਹੁਦੇ ਪੁਰ ਰਹਿੰਦਿਆਂ, ਗਿਆਨੀ ਜ਼ੈਲ ਸਿੰਘ ਨੂੰ ਵੀ ਆਪਣੇ ਪੁਰ ਲਗੇ ਦੋਸ਼ ਦੇ ਲਈ ਅਕਾਲ ਤਖ਼ਤ ਪੁਰ ਪੰਜਾਂ ਪਿਆਰਿਆਂ ਸਾਹਮਣੇ ਸਪਸ਼ਟੀਕਰਣ ਦੇਣ ਲਈ ਮਜਬੂਰ ਹੋਣਾ ਪਿਆ। ਆਪਣੇ ਸਮੇਂ ਦੇ ਕੇਂਦਰੀ ਗ੍ਰਹਿ ਮੰਤਰੀ ਸ. ਬੂਟਾ ਸਿੰਘ ਨੂੰ ਵੀ ਅਕਾਲ ਤਖ਼ਤ ਪੁਰ ਹਾਜ਼ਰ ਹੋ ਕੇ ਧਾਰਮਕ ਸਜ਼ਾ ਲੁਆਉਣਾ ਪੈ ਹੀ ਗਿਆ ਸੀ, ਹਾਲਾਂਕਿ ਉਨ੍ਹਾਂ ਨੇ ਕਾਫ਼ੀ ਸਮਾਂ ਇਸਤੋਂ ਬਚਿਆਂ ਰਹਿਣ ਦੀ ਹਥ-ਪੈਰ ਮਾਰੇ ਸਨ।

ਜ. ਅਵਤਾਰ ਸਿੰਘ ਹਿਤ ਬਾਰੇ ਤਾਂ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਅਕਾਲ ਤਖ਼ਤ ਤੋਂ ਪੰਜਾਂ ਪਿਆਰਿਆਂ ਦੇ ਰੂਪ ਵਿਚ ਆਪਣੇ ਪੁਰ ਲਾਏ ਗਏ ਕਥਤ ਦੋਸ਼ਾਂ ਤੋਂ ਮੁਕਤੀ ਹਾਸਲ ਕਰਨ ਲਈ, ਇੱਕ ਬਹੁਤ ਹੀ ਮੋਟੀ ਰਕਮ ਕੀਮਤ ਵਜੋਂ ਅਦਾ ਕਰਨੀ ਪਈ ਸੀ। ਇਸ ਵਿੱਚ ਕਿਤਨੀ-ਕੁ ਸੱਚਾਈ ਹੈ? ਇਸਦਾ ਜਵਾਬ ਤਾਂ ਸ. ਹਿਤ ਤੇ ਉਨ੍ਹਾਂ ਨਾਲ ਅਕਾਲ ਤਖਤ ਪੁਰ ਹਾਜ਼ਰੀ ਭਰਦੇ ਰਹੇ ਸ. ਹਰਮਨਜੀਤ ਸਿੰਘ ਹੀ ਦੇ ਸਕਦੇ ਹਨ। ਇਹ ਵੀ ਦਸਿਆ ਜਾਂਦਾ ਹੈ ਕਿ ਇਸੇ ਤਰ੍ਹਾਂ ਕਈ ਹੋਰਾਂ ਨੇ ਵੀ ਪੰਥ ਵਾਪਸੀ ਅਤੇ ਦੋਸ਼ ਮੁਕਤੀ ਲਈ ਭਾਰੀ ਕੀਮਤ ਚੁਕਾਈ ਸੀ। ਇਕ ਕੀਰਤਨੀਏ ਨੇ ਤਾਂ ਦੋਸ਼-ਮੁਕਤ ਹੋਣ ਤੋਂ ਬਾਅਦ ਇਹ ਦਾਅਵਾ ਵੀ ਕੀਤਾ ਸੀ ਕਿ ਉਸਨੂੰ ਪਤਾ ਚਲ ਗਿਆ ਹੈ ਕਿ ਅਕਾਲ ਤਖ਼ਤ ਤੋਂ ਕਿਵੇਂ ਦੋਸ਼-ਮੁਕਤ ਹੋਇਆ ਜਾ ਸਕਦਾ ਹੈ?

### ਸਿੱਖ ਧਰਮ ਵਿੱਚ ਅਕਾਲ ਤਖ਼ਤ ਅਤੇ ਪੰਜ ਪਿਆਰਿਆਂ ਦੀ ਸਿਰਜਨਾ ਦਾ ਸਿਧਾਂਤ ਅਤੇ ਸੰਕਲਪ:

**ਅਕਾਲ ਤਖ਼ਤ ਦੀ ਸਿਰਜਣਾ**: ਸਿੱਖ ਇਤਿਹਾਸ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਵਰਗੀਆਂ ਮਹਾਨ ਸ਼ਖਸੀਅਤਾਂ ਦੇ ਸਹਿਯੋਗ ਨਾਲ, ਅਕਾਲ ਤਖਤ ਦੀ ਸਿਰਜਣਾ ਆਪਣੇ ਕਰ-ਕਮਲਾਂ ਨਾਲ, ਇਸ ਉਦੇਸ਼ ਦੇ ਨਾਲ ਕੀਤੀ ਸੀ, ਕਿ ਇਥੋਂ ਮਿਲਣ ਵਾਲਾ ਸੰਦੇਸ਼, ਦੇਸ-ਵਾਸੀਆਂ ਵਿਚ ਆਤਮ-ਵਿਸ਼ਵਾਸ ਤੇ ਆਤਮ-ਸਨਮਾਨ ਦੀ ਭਾਵਨਾ ਪੈਦਾ ਕਰ ਸਕੇਗਾ, ਜਿਸਦੇ ਸਹਾਰੇ ਉਹ ਆਤਮ-ਸਨਮਾਨ ਅਤੇ ਆਤਮ-ਰਖਿਆ ਲਈ ਜ਼ਾਲਮ ਹਕੂਮਤ ਦੇ ਜਬਰ-ਜ਼ੁਲਮ ਦਾ ਖਾਤਮਾ ਕਰ ਸਕਣ ਦੇ ਜਜ਼ਬੇ ਦੇ ਨਾਲ ਸਰਸ਼ਾਰ ਹੋ ਸਕਣਗੇ।

ਅਕਾਲ ਤਖ਼ਤ, ਗੁਰੂ ਦਾ ਉਹ ਦਰ ਹੈ, ਜਿਥੇ ਹਰ ਕੋਈ ਸਹਿਮਿਆ-ਡਰਿਆ ਨਹੀਂ, ਸਗੋਂ ਇਸ ਵਿਸ਼ਵਾਸ ਨਾਲ ਆਉਂਦਾ ਹੈ ਕਿ ਉਸ ਕੋਲੋਂ ਜੇ ਕੋਈ ਭੁਲ ਹੋ ਗਈ ਹੈ ਤਾਂ ਉਹ ਇਥੋਂ ਬਖ਼ਸ਼ੀ ਜਾਇਗੀ। ਸਤਿਗੁਰੂ ਬਖ਼ਸ਼ਣਹਾਰ ਹੈ, ਗੁਰੂ ਘਰ ਤੋਂ ਦੋਸ਼ ਨਹੀਂ ਲਗਦੇ, ਸਜ਼ਾ ਨਹੀਂ ਮਿਲਦੀ। ਸਗੋਂ ਸੱਚੇ ਦਿਲੋਂ ਭੁਲ ਸਵੀਕਾਰ ਕਰਦਿਆਂ ਹੀ ਬਖ਼ਸ਼ ਲਈ ਜਾਂਦੀ ਹੈ। ਗੁਰੂ ਦੇ ਦਰ ਤੇ ਇਹੀ ਇਕੋ-ਇਕ ਸਿਧਾਂਤ ਕੰਮ ਕਰਦਾ ਹੈ: 'ਨਾਨਕ ਬਖਸੇ ਪੂਛ ਨ ਹੋਇ'। ਹੋਰ : 'ਪਿਛਲੇ ਅਉਗਣ ਬਖਸਿ ਲਏ, ਪ੍ਰਭੁ ਆਗੈ ਮਾਰਗਿ ਪਾਵੈ'। ਗੁਰੂ ਸਾਹਿਬ ਦੇ ਇਹ ਬਚਨ ਇਸ ਗਲ ਦੇ ਸਾਖੀ ਹਨ ਕਿ ਗੁਰੂ ਅਤੇ ਗੁਰੂ ਦਾ ਦਰ ਬਖਸ਼ਣਹਾਰ ਹੈ, ਜੇ ਕੋਈ ਗੁਰੂ ਦਾ ਨਾਂ ਲੇ ਕੇ ਕਿਸੇ ਨੂੰ ਦੋਸ਼ੀ ਠਹਿਰਾ ਕੇ ਉਸਨੂੰ ਸਜ਼ਾ ਦਿੰਦਾ ਹੈ, ਤਾਂ ਉਹ ਗੁਰੂ ਸਾਹਿਬ ਵਲੋਂ ਸਥਾਪਤ ਸਿਧਾਂਤ ਅਤੇ ਆਦਰਸ਼ ਦੀ ਉਲੰਘਣਾ ਕਰਨ ਦਾ ਦੋਸ਼ੀ ਹੈ ਅਤੇ ਜੋ ਇਸ ਡਰੋਂ ਗੁਰੂ ਦਰ ਤੇ ਜਾ ਕੇ ਭੁਲ ਸਵੀਕਾਰ ਕਰਨ ਤੋਂ ਸੰਕੋਚ ਕਰਦਾ ਹੈ, ਕਿ ਜੇ ਉਸਨੇ ਭੁਲ ਸਵੀਕਾਰ ਕਰ ਲਈ ਤਾਂ ਉਸਨੂੰ ਲੋਕਾਂ ਸਾਹਮਣੇ ਸ਼ਰਮਿੰਦਿਆਂ ਹੋਣਾ ਪਵੇਗਾ, ਤਾਂ ਉਹ ਕਦੀ ਵੀ ਕੀਤੀ ਭੁਲ ਦੇ ਦੋਸ਼ ਤੋਂ ਮੁਕਤ ਨਹੀਂ ਹੋ ਸਕਦਾ। ਉਸਦੀ ਆਪਣੀ ਅੰਤਰ-ਆਤਮਾ ਹੀ ਉਸਨੂੰ ਕੀਤੀ ਗਈ ਭੁਲ ਦੇ ਲਈ ਕਚੋਟਦੀ ਰਹੇਗੀ।

**ਪੰਜ ਪਿਆਰਿਆਂ ਦਾ ਸੰਕਲਪ:** ਸਿੱਖ ਸਾਹਿਤ ਦੇ ਵਿਦਵਾਨਾਂ ਦੀ ਮਾਨਤਾ ਹੈ ਕਿ, ਸਿੱਖ ਪਰੰਪਰਾ ਅਨੁਸਾਰ, ਪੰਜ ਪਿਆਰੇ ਲੋਕਤਾਂਤ੍ਰਿਕ ਸੱਤਾ ਵਿਧਾਨ ਦੇ ਪ੍ਰਤੀਕ ਹਨ। ਪਰ ਧਿਆਨ ਰਖਣ ਵਾਲੀ ਗਲ ਇਹ ਵੀ ਹੈ ਕਿ ਨਾ ਤਾਂ ਪੰਜ ਪਿਆਰੇ ਨਾਮਜ਼ਦ ਹੋ ਸਕਦੇ ਹਨ ਅਤੇ ਨਾ ਹੀ ਲੋਕਾਂ ਰਾਹੀਂ ਚੁਣੇ ਜਾ ਸਕਦੇ ਹਨ। ਕਿਉਂਕਿ ਜਿਨ੍ਹਾਂ ਨੇ ਗੁਰੂ ਦੇ ਪਿਆਰੇ ਹੋਣ ਦਾ ਮਾਣ ਪ੍ਰਾਪਤ ਕੀਤਾ ਸੀ, ਉਹ ਨਿਜੀ ਗੁਣਾ ਕਾਰਣ ਅਤਿ-ਕਠਨ ਪ੍ਰੀਖਿਆ ਵਿਚੋਂ ਖਰੇ ਉਤਰੇ ਸਨ। ਇਸਤਰ੍ਹਾਂ ਗੁਰੂ ਸਾਹਿਬ ਨੇ ਇਹ ਗਲ ਨਿਸ਼ਚਿਤ ਕਰ ਦਿਤੀ ਸੀ ਕਿ ਸੱਤਾ ਉਸ ਪਾਸ ਰਹਿਣੀ ਚਾਹੀਦੀ ਹੈ ਜਾਂ ਰਹੇਗੀ, ਜਿਸ ਕੋਲ ਲੋਕ-ਹਿਤ ਵਿਚ ਸਿਰ ਦੇਣ ਦੀ ਸਮਰਥਾ ਹੋਵੇਗੀ। ਇਸਦੇ ਨਾਲ ਹੀ ਵਿਦਵਾਨਾਂ ਦੀ ਇਹ ਵੀ ਮਾਨਤਾ ਹੈ ਕਿ ਤਨਖ਼ਾਹਦਾਰ-ਮੁਲਾਜ਼ਮ ਪੰਜ ਪਿਆਰੇ ਨਹੀਂ ਹੋ ਸਕਦੇ।

**ਰਾਜਸੱਤਾ ਦਾ ਸਿੱਖ ਸੰਕਲਪ:** ਸਿੱਖ ਵਿਦਵਾਨ ਰਾਜਸੱਤਾ ਦੇ ਸਿੱਖ ਸੰਕਲਪ ਦੇ ਮੁੱਦੇ ਤੇ ਇਕ ਮਤ ਨਹੀਂ। ਇਕ ਵਰਗ ਦਾ ਪੱਖ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ, ਲੱਖਾ ਸਿੰਘ ਅਨੁਸਾਰ: 'ਰਾਜ ਜੋਗ ਤੁਮ ਕਹ ਮੈ ਦੀਨਾ। ਪਰਮ ਜੋਤਿ ਸੰਗ ਪਰਚੋ ਕੀਨਾ। ਸੰਤ ਸਮੂਹਨ ਕੋ ਸੁਖ ਦੀਜੈ। ਅਚਲ ਰਾਜ ਧਰਨੀ ਮਹਿ ਕੀਜੈ', ਸਿੱਖਾਂ ਨੂੰ ਰਾਜੇ ਹੋਣ ਦਾ ਵਰ ਦਿਤਾ ਹੋਇਆ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਗੁਰੂ ਜੀ ਦਾ ਨਿਸ਼ਾਨਾ ਗ਼ਰੀਬ ਸਿੱਖਾਂ ਨੂੰ ਪਾਤਸ਼ਾਹੀ ਦੇਣਾ ਸੀ। ਆਪਣੇ ਇਸ ਦਾਅਵੇ ਦੀ ਪੁਸ਼ਟੀ ਵਿਚ ਉਹ ਭਾਈ ਕੋਇਰ ਸਿੰਘ ਲਿਖਤ 'ਗੁਰਬਿਲਾਸ' ਵਿਚੋਂ ਇਹ ਟੂਕ ਵੀ ਦਿੰਦੇ ਹਨ; 'ਮੈਂ ਅਸਿਪਾਨਜ (ਖੜਗਧਾਰੀ) ਤਦ ਸੁ ਕਹਾਊਂ, ਚਿੜੀਅਨ ਪੈ ਜੋ ਬਾਜ ਤੁੜਾਊਂ। ਕਿਰਸਾਨੀ ਜਗ ਮੈ ਭਏ ਰਾਜਾ'। ਹੋਰ : 'ਅਬ ਦਯੈ ਪਾਤਸਾਹੀ ਗਰੀਬਨ ਉਠਾਇ, ਵੈ ਜਾਨੈ ਗੁਰ ਦਈ ਮਾਹਿ'।

ਦੂਜੇ ਵਰਗ ਦਾ ਪੱਖ ਇਹ ਦਸਿਆ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਨਾ ਜ਼ੁਲਮ-ਜਬਰ ਅਤੇ ਜ਼ਾਲਮ ਵਿਰੁਧ ਸਦੀਵੀ ਸੰਘਰਸ਼ ਜਾਰੀ ਰਖਣ ਅਤੇ ਗ਼ਰੀਬ-ਮਜ਼ਲੂਮ ਦੀ ਰਖਿਆ ਕਰਨ ਲਈ ਕੀਤੀ ਹੈ। ਇਸਦੇ ਵਿਰੁਧ ਰਾਜਸੱਤਾ ਜਬਰ-ਜ਼ੁਲਮ ਤੋਂ ਬਿਨਾਂ ਨਾ ਤਾਂ ਕਾਇਮ ਹੋ ਸਕਦੀ ਹੈ, ਅਤੇ ਨਾ ਹੀ ਕਾਇਮ ਰਖੀ ਜਾ ਸਕਦੀ ਹੈ। ਜਿਸ ਕਾਰਣ ਰਾਜਸੱਤਾ ਅਤੇ ਖਾਲਸੇ ਵਿਚਕਾਰ ਅਰੰਭ ਤੋਂ ਹੀ ਟਕਰਾਉ ਬਣਿਆ ਚਲਿਆ ਆ ਰਿਹਾ ਹੈ। ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਵਲੋਂ ਸਿੱਖਾਂ ਨੂੰ ਬਖ਼ਸ਼ੀ ਗਈ ਪਾਤਸਾਹੀ ਨੂੰ 'ਮਹਿਮਾ ਪ੍ਰਕਾਸ਼' ਦੇ ਇਨ੍ਹਾਂ ਸ਼ਬਦਾਂ-'ਐਸਾ ਪੰਥ ਸਤਿਗੁਰ ਰਚਾ, ਸਗਲ ਜਗਤ ਹੈਰਾਨ। ਬਿਨ ਧਨ ਭੂਮ ਰਾਜਾ ਬਨੈ, ਬਿਨ ਪਦ ਬਢੇ ਮਹਾਨ' ਦੀ ਰੋਸ਼ਨੀ ਵਿਚ ਲਿਆ ਜਾਣਾ ਚਾਹੀਦਾ ਹੇ।

**ਅਤੇ ਅੰਤ ਵਿਚ:** ਜਿਉਂ-ਜਿਉਂ ਅਕਾਲ ਤਖ਼ਤ ਤੋਂ ਜਾਰੀ ਆਦੇਸ਼ਾਂ ਦੇ ਸਬੰਧ ਵਿਚ ਵਿਵਾਦ ਉਭਰਦੇ ਚਲੇ ਜਾ ਰਹੇ ਹਨ, ਤਿਉਂ-ਤਿਉਂ ਆਮ ਸਿੱਖਾਂ ਵਿਚ ਇਹ ਧਾਰਣਾ ਦ੍ਰਿੜ੍ਹ ਹੁੰਦੀ ਜਾ ਰਹੀ ਹੈ ਕਿ ਅਕਾਲ ਤਖ਼ਤ ਪੁਰ ਰਾਜਸੀ ਮੁੱਦੇ ਬਿਲਕੁਲ ਹੀ ਨਹੀਂ ਵਿਚਾਰੇ ਜਾਣੇ ਚਾਹੀਦੇ, ਕੇਵਲ ਧਾਰਮਕ ਮੁੱਦੇ ਹੀ ਵਿਚਾਰ-ਅਧੀਨ ਲਿਆਏ ਜਾਣੇ ਚਾਹੀਦੇ ਹਨ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

Dharminder Singh


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗਾੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (209)-487-2127
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਸਿੱਖ ਸਮਾਜ ਅਤੇ ਜ਼ਾਤ-ਪਾਤ



ਕਮਲਜੀਤ ਸਿੰਘ
91-94630-19091

ਸਿੱਖ ਧਰਮ, ਸਨਾਤਨੀ (ਬ੍ਰਾਹਮਣੀ) ਧਰਮ ਦੀ ਉਪਜ, 'ਵਰਣ ਆਸ਼ਰਮ ਧਰਮ' ਦਾ ਕੱਟੜ ਵਿਰੋਧੀ ਹੈ ਜਿਸ ਅਨੁਸਾਰ ਸਮੁੱਚੀ ਮਨੁੱਖ ਜਾਤੀ ਨੂੰ ਮੁੱਖ ਚਾਰ ਹਿੱਸਿਆਂ : ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡ ਕੇ; ਫਿਰ ਅੱਗੇ ਹਜ਼ਾਰਾਂ ਜਾਤਾਂ, ਉੱਪ-ਜਾਤਾਂ ਵਿੱਚ ਵੰਡਿਆ ਹੋਇਆ ਹੈ। ਸ਼ੂਦਰਾਂ ਨੂੰ ਮਨੁੱਖੀ ਸਮਾਜ ਵਿੱਚ ਅਤਿ ਘਟੀਆ ਦਰਜਾ ਦਿੱਤਾ ਗਿਆ ਹੈ। ਅਸਲ ਵਿੱਚ ਇਹਨਾਂ ਨੂੰ ਮਨੁੱਖੀ ਸਮਾਜ ਦਾ ਅੰਗ ਨਾ ਸਮਝ ਕੇ ਅਛੂਤ ਮੰਨਿਆ ਗਿਆ ਹੈ ਅਤੇ ਹਰ ਕਿਸਮ ਦੇ ਮਨੁੱਖੀ ਅਧਿਕਾਰਾਂ ਤੋਂ ਵਾਂਝਾ ਰੱਖਿਆ ਗਿਆ ਹੈ। ਗੁਰੂ ਸਾਹਿਬਾਨ ਨੇ ਜਾਤੀਵਾਦ ਅਤੇ ਸਮਾਜ ਦੇ ਇਸ ਦੱਬੇ ਕੁਚਲੇ ਵਰਗ ਨਾਲ ਹੁੰਦੇ ਅਣ-ਮਨੁੱਖੀ ਵਰਤਾਓ ਦਾ ਡਟ ਕੇ ਵਿਰੋਧ ਕੀਤਾ ਅਤੇ ਆਪਣੇ ਆਪ ਨੂੰ ਇਹਨਾਂ ਲੋਕਾਂ ਦਾ ਸੰਗੀ-ਸਾਥੀ ਦੱਸਿਆ :

ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
(ਸਿਰੀਰਾਗੁ,ਮ:1,ਅੰਗ 15)

ਸਿੱਖ ਜੀਵਨ ਸ਼ੈਲੀ ਭਾਵ ਸਿੱਖ ਧਰਮ ਦੇ ਪਵਿੱਤਰ ਜਨਮ ਅਤੇ ਕਰਮ ਅਸਥਾਨ ਗੁਰੂ ਸਾਹਿਬਾਨਾਂ ਦੀ ਪਵਿਤਰ ਧਰਤੀ ਪੰਜਾਬ ਉੱਤੇ ਕਰੋਨਾ ਵਾਇਰਸ ਦੀ ਆਮਦ ਦੇ ਨਾਲ ਹੀ, ਗੁਰੂ ਸਾਹਿਬਾਨਾਂ ਦੁਆਰਾ, ਜਿਸ ਅਤਿਅੰਤ ਘਾਤਕ ਵਾਇਰਸ, ਜ਼ਾਤ-ਪਾਤ ਵਿਵਸਥਾ, ਦੀ ਜੜ੍ਹ ਪੁੱਟ ਸੁੱਟੀ ਸੀ, ਓ ੁ ਹ ੀ ਘਿਨਾਉਣਾ ਵਾਇਰਸ ਬ੍ਰਾਹਮਣੀ ਕੁਲ ਦੀ ਰਹਿੰਦ-ਖੂੰਹਦ ਵਿੱਚੋਂ ਰੀਂਗਦਾ-ਰੀਂਗਦਾ ਫਿਰ ਸਿਰ ਚੁੱਕ ਖਲੋਤਾ। ਇਕੋ ਬਾਟੇ ਵਿੱਚੋਂ ਅੰਮ੍ਰਿਤ ਛਕ ਕੇ, ਜ਼ਾਤ-ਪਾਤ ਦਾ ਜੂ਼ਲਾ ਗ਼ਲੋਂ ਲਾਹ ਕੇ ਪਰੇ ਵਗਾਹ ਮਾਰਨ ਵਾਲੇ ਅਣਖੀਲੇ ਯੋਧਿਆਂ ਵਿੱਚੋਂ ਫੁੱਟ ਨਿਕ਼ਲੀ ਕਾਂਗਿਆਰੀ ਨੇ ਉਹ ਕਾ਼ਲੀਆਂ ਕਰਤੂਤਾਂ ਕੀਤੀਆਂ ਜਿਹਨਾਂ ਨੂੰ ਪੜ੍ਹ ਸੁਣ ਕੇ ਮਾਨਵਤਾ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਅਸ਼ਲ ਵਿੱਚ ਇਹ ਉਹ ਮਨੂਵਾਦੀ ਸੋਚ ਦੇ ਧਾਰਨੀ ਲੋਕ ਹਨ ਜੋ ਗੁਲਾਮੀ ਦੀ ਜੂਨ ਭੋਗਦਿਆਂ-ਭੋਗਦਿਆਂ ਖਾਲਸੇ ਦੀਆਂ ਮਾਰੀਆਂ ਤੇਗਾਂ ਸਦਕਾ ਆਜ਼ਾਦ ਹੋਏ ਅਤੇ ਮੌਕਾ ਮਿ਼ਲਦਿਆਂ ਹੀ ਗੁਰੂ ਸਹਿਬਾਨ ਵੱਲੋਂ ਇਨ੍ਹਾਂ ਲਈ ਦਿੱਤੀਆਂ ਕੁਰਬਾਨੀਆਂ ਨੂੰ ਭੁੱਲ ਕੇ ਆਪਣਾ ਅਸਲੀ ਰੂਪ ਦਿਖਾਉਣ ਲੱਗ ਪਏ। ਇਸ ਕਾਂਗਿਆਰੀ ਨੇ ਖ਼ਾਲਸੇ ਵੱਲੋਂ ਪਾਈਆਂ ਪਿਰਤਾਂ ਨੂੰ ਪੁੱਠਾ ਗੇੜ ਦਿੰਦਿਆਂ ਸਿੱਖੀ ਨੂੰ ਵੀ ਜ਼ਾਤ-ਪਾਤ ਵਿਵਸਥਾ ਨਾਲ ਜੋੜਦਿਆਂ ਜੱਟ ਸਿੱਖ, ਨਾਈ ਸਿੱਖ, ਮਹਿਰਾ ਸਿੱਖ, ਮਜ਼ਬੀ ਸਿੱਖ, ਰਵਿਦਾਸੀਏ ਸਿੱਖ, ਟਕਸਾਲੀ ਸਿੱਖ, ਮਿਸ਼ਨਰੀ ਸਿੱਖ, ਅੰਮ੍ਰਿਤਧਾਰੀ ਸਿੱਖ, ਸਹਿਜਧਾਰੀ ਸਿੱਖ ਆਦਿ ਸਿੱਖਾਂ ਦੀਆਂ ਅਣਗਿਣਤ ਵੰਨਗੀਆਂ ਬਣਾ ਧਰੀਆਂ ਤਾਂ ਜੋ ਸਿੱਖੀ ਦਾ ਨਾਮੋ-ਨਿਸ਼ਾਨ ਹੀ ਖਤਮ ਕੀਤਾ ਜਾ ਸਕੇ। ਇਹਨਾਂ ਵਿਗੜੇ ਮਸੰਦਾਂ ਦੀ ਔਲ਼ਾਦ ਨੇ ਸਿੱਖੀ ਜੀਵਨ ਜਾਚ ਦੀਆਂ ਟਕਸਾਲਾਂ: ਗੁਰਦੁਆਰਿਆਂ ਉਤੇ ਕਬਜ਼ਾ ਕਰ ਲਿਆ ਹੈ, ਗੁਰੂ ਦੀ ਗੋਲਕ ਨੂੰ ਕੁੱਤੇ ਦੇ ਹੱਡੀ ਚੂੰਡਣ ਦੀ ਤਰ੍ਹਾਂ ਚੂੰਡ ਰਹੇ ਹਨ , ਕਈਆਂ ਥਾਂਵਾਂ ਤੇ ਮੱਸੇ ਰੰਘੜ ਵਰਗੀਆਂ ਕਾਲੀਆਂ ਕਰਤੂਤਾਂ ਕਰ ਰਹੇ ਹਨ; 'ਰੰਘਰੇਟੇ ਗੁਰੂ ਕੇ ਬੇਟੇ' ਲਈ ਗੁਰਦੁਆਰਿਆਂ ਦੇ ਦਰਵਾਜ਼ੇ ਬੰਦ ਕਰੀ ਬੈਠੇ ਹਨ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਨਹੁੰ-ਮਾਸ ਦੇ ਰਿਸ਼ਤੇ ਨੂੰ ਲੀਰੋ-ਲੀਰ ਕਰਨ ਲਈ ਗੈਰ-ਸੰਵਿਧਾਨਕ, ਗੈਰ-ਵਿਗਿਆਨਕ, ਅਣ-ਮਨੁੱਖੀ, ਅਤਿ ਘਟੀਆ ਅਤੇ ਅਤਿ ਨਿੰਦਣ-ਯੋਗ ਢੰਗ ਤਰੀਕੇ ਅਪਣਾ ਕੇ ਸਿੱਖੀ ਦੇ ਸ਼ਾਨਾਂਮੱਤੇ ਵਿਰਸੇ ਨੂੰ ਕਲੰਕਿਤ ਕਰਨ ਦੀ ਕੋਝੀ ਕਰਤੂਤ ਕਰ ਰਹੇ ਹਨ। ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਆਪਣੀ ਜਗੀਰੂ, ਤਾਨਾਸ਼ਾਹੀ, ਅਖੌਤੀ ਉੱਚ-ਜਾਤੀ ਅਤੇ ਧਨਾਢ ਕਿਸਾਨੀ ਦੀ ਧੌਂਸ ਅਤੇ ਹਉਮੈਂ ਗ੍ਰਸਤ ਸੋਚ ਦਾ ਪ੍ਰਗਟਾਵਾ ਕਰਦਿਆਂ ਪੇਂਡੂ ਖੇਤ ਮਜ਼ਦੂਰਾਂ ਦੇ ਵਿਰੁੱਧ ਸਮਾਜਿਕ ਬਾਈਕਾਟ ਕਰਨ, ਖੇਤ ਮਜ਼ਦੂਰਾਂ ਦੀ ਮਜ਼ਦੂਰੀ ਦੀ ਰਕਮ ਧੱਕੇ ਨਾਲ ਨਿਸ਼ਚਿਤ ਕਰਨ, ਉਹਨਾਂ ਨੂੰ ਬੰਧੂਆ ਮਜ਼ਦੂਰ ਬਣਾਉਣ ਭਾਵ ਆਪਣੀ ਮਰਜ਼ੀ ਨਾਲ ਆਪਣੇ ਪਿੰਡ ਤੋਂ ਬਾਹਰ ਜਾ ਕੇ ਮਜ਼ਦੂਰੀ ਕਰਨ ਤੇ ਪਾਬੰਦੀ ਲਗਾਉਣ, ਮਜ਼ਦੂਰੀ ਕਰਨ ਆਉਣ ਸਮੇਂ ਖਾਣਾ ਖਾਣ ਲਈ ਬਰਤਨ ਆਪਣੇ ਘਰੋਂ ਲਿਆਉਣ ਵਰਗੇ, ਨਫ਼ਰਤ ਭਰੇ ਅਤਿ ਸ਼ਰਮਨਾਕ, ਨਾਦਰਸ਼ਾਹੀ ਅਤੇ ਤੁਗਲਕੀ ਫ਼ੁਰਮਾਨ ਜ਼ਾਰੀ ਕਰਵਾਉਣੇ, ਸਿੱਖੀ ਸਿਧਾਂਤਾਂ ਨੂੰ ਛਿੱਕੇ ਟੰਗਣਾ ਅਤੇ ਸਿੱਖੀ ਦੀਆਂ ਜੜ੍ਹਾਂ ਵਿੱਚ ਤੇਲ ਦੇਣਾ ਹੈ।

> **ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮੇਂ ਦੇ ਬਾਦਸ਼ਾਹਾਂ ਨੂੰ ਆਮ ਲੋਕਾਂ ਨਾਲ ਇੱਕੋ ਹੀ ਪੰਗਤ ਵਿੱਚ ਭੁੰਜੇ ਬੈਠ ਕੇ ਲੰਗਰ ਛਕਣ ਦਾ ਹੁਕਮ ਦੇ ਕੇ ਇਹ ਉਪਦੇਸ਼ ਦਿੱਤਾ ਕਿ ਸਿੱਖ ਸਮਾਜ ਵਿੱਚ ਰਾਜਾ ਤੇ ਪਰਜਾ ਇੱਕ ਸਮਾਨ ਹਨ।ਗੁਰੂ ਪਾਤਸ਼ਹਾਂ ਨੇ ਮਨੁੱਖਾਂ ਵਿੱਚੋਂ ਉੂਚ-ਨੀਚ, ਜ਼ਾਤ-ਪਾਤ, ਛੂਤ-ਛਾਤ, ਅਮੀਰ-ਗਰੀਬ, ਲਿੰਗ, ਨਸਲ ਅਤੇ ਰੰਗ ਦੇ ਭੇਦ ਨੂੰ ਮਿਟਾਉਣ ਲਈ ਸਰੋਵਰ ਅਤੇ ਬਾਉਲੀਆਂ ਵੀ ਬਣਵਾਈਆਂ ਜਿੱਥੇ ਸਾਰੇ ਮਨੁੱਖ ਬਿਨਾਂ ਕਿਸੇ ਭੇਦ-ਭਾਵ ਤੋਂ ਇਕੱਠੇ ਇਸ਼ਨਾਨ ਕਰਦੇ ਸਨ।**

ਸਰਬੱਤ ਦਾ ਭਲਾ ਚਾਹੁਣ ਵਾਲੇ ਸਿੱਖ-ਸਮਾਜ ਦੇ ਇਹ ਗਦਾਰ 'ਡੋਗਰੇ' ਕਰੋਨਾ ਵਾਇਰਸ ਦੀ ਆੜ ਹੇਠ ਭਾਰਤੀ ਸਮਾਜ, ਵਿਸ਼ੇਸ਼ ਤੌਰ ਤੇ ਪੰਜਾਬ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਬੁੱਧੀਜੀਵੀ ਮੁਲਾਜਮ ਵਰਗ ਵਿਚਲੀ ਪੱਕੀ ਤੇ ਪੀਡੀ 'ਸਮਾਜਿਕ ਨੇੜਤਾ' ਨੂੰ ਲੋਕਾਂ ਦੀਆਂ ਦੁਸ਼ਮਣ ਹਾਕਮ ਜਮਾਤਾਂ ਦੇ ਮੋਢਿਆਂ ਤੇ ਚੜ੍ਹ ਕੇ 'ਸਮਾਜਿਕ ਦੂਰੀ' ਵਿੱਚ ਬਦਲਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਭਾਗੋਆਂ ਦੇ ਪਕਵਾਨਾਂ ਨੂੰ ਨਕਾਰ ਕੇ ਕਿਰਤੀ ਲਾਲੋਆਂ ਦੀ ਦਸਾਂ ਨਹੁੰਆਂ ਦੀ ਕਿਰਤ ਨੂੰ ਮਾਣ ਬਖਸ਼ਿਆ। ਬਾਬਰਾਂ ਨੂੰ ਜ਼ਾਬਰ ਆਖਿਆ ਅਤੇ ਕਿਰਤੀ ਮਰਦਾਨਿਆਂ ਨੂੰ ਗਲੇ ਲਾਇਆ। ਬਿਨਾਂ ਕਿਸੇ ਵਿਤਕਰੇ ਦੇ ਕਰਤਾਰਪੁਰ ਵਿਖੇ ਸਭਨਾਂ ਲਈ ਲੰਗਰ ਦੀ ਮਰਯਾਦਾ ਅਰੰਭੀ।

ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮੇਂ ਦੇ ਬਾਦਸ਼ਾਹਾਂ ਨੂੰ ਆਮ ਲੋਕਾਂ ਨਾਲ ਇੱਕੋ ਹੀ ਪੰਗਤ ਵਿੱਚ ਭੁੰਜੇ ਬੈਠ ਕੇ ਲੰਗਰ ਛਕਣ ਦਾ ਹੁਕਮ ਦੇ ਕੇ ਇਹ ਉਪਦੇਸ਼ ਦਿੱਤਾ ਕਿ ਸਿੱਖ ਸਮਾਜ ਵਿੱਚ ਰਾਜਾ ਤੇ ਪਰਜਾ ਇੱਕ ਸਮਾਨ ਹਨ।ਗੁਰੂ ਪਾਤਸ਼ਹਾਂ ਨੇ ਮਨੁੱਖਾਂ ਵਿੱਚੋਂ ਉੂਚ-ਨੀਚ, ਜ਼ਾਤ-ਪਾਤ, ਛੂਤ-ਛਾਤ, ਅਮੀਰ-ਗਰੀਬ, ਲਿੰਗ, ਨਸਲ ਅਤੇ ਰੰਗ ਦੇ ਭੇਦ ਨੂੰ ਮਿਟਾਉਣ ਲਈ ਸਰੋਵਰ ਅਤੇ ਬਾਉਲੀਆਂ ਵੀ ਬਣਵਾਈਆਂ ਜਿੱਥੇ ਸਾਰੇ ਮਨੁੱਖ ਬਿਨਾਂ ਕਿਸੇ ਭੇਦ-ਭਾਵ ਤੋਂ ਇਕੱਠੇ ਇਸ਼ਨਾਨ ਕਰਦੇ ਸਨ। ਗੁਰਦੁਆਰਿਆਂ ਵਿੱਚ ਸਭ ਨੂੰ ਇੱਕ ਥਾਂ ਇਕੱਠੇ ਸੰਗਤ ਵਿੱਚ ਬੈਠਾਇਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਭ ਵਰਣਾਂ ਅਤੇ ਜਾਤਾਂ ਦੇ ਲੋਕਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ ਤਾਂ ਜੋ ਉਹਨਾਂ ਦੇ ਮਨਾਂ ਵਿੱਚੋਂ ਜਾਤ-ਪਾਤ, ਛੂਤ-ਛਾਤ ਤੇ ਉੂਚ-ਨੀਚ ਦੇ ਵਿਚਾਰ ਮੂਲੋਂ ਹੀ ਖਤਮ ਕੀਤੇ ਜਾ ਸਕਣ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 6 ਗੁਰੂ ਸਾਹਿਬਾਨਾ ਤੋਂ ਇਲਾਵਾ 15 ਭਗਤਾਂ, 11 ਭੱਟਾਂ ਅਤੇ 3 ਹੋਰ ਸਨਮਾਨ ਯੋਗ ਗੁਰਸਿੱਖਾਂ ਦੀ ਬਾਣੀ ਬਿਨਾਂ ਕਿਸੇ ਜਾਤ-ਪਾਤ, ਉੂਚ-ਨੀਚ, ਧਰਮ, ਅਤੇ ਅਮੀਰ-ਗਰੀਬ ਦੇ ਭੇਦ-ਭਾਵ ਤੋਂ ਸਨਮਾਨ ਸਹਿਤ ਦਰਜ ਕੀਤੀ ਹੈ।ਸ੍ਰੀ ਗੁਰੂ ਅਮਰਦਾਸ ਜੀ ਮਨੁੱਖ ਨੂੰ ਸਮਝਾਉਂਦੇ ਹਨ :

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥
(ਭੈਰਉ, ਮਹਲਾ 3, ਅੰਗ 1127-28)

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ 'ਅਕਾਲ ਉਸਤਤਿ' ਵਿੱਚ ਫੁਰਮਾਉਂਦੇ ਹਨ:

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

ਸੋ ਅੱਜ ਸਾਡੇ ਸਮਾਜ ਨੂੰ ਸੋਸਲ ਡਿਸਟੈਂਸ (ਸਮਾਜਿਕ ਦੂਰੀ) ਦੀ ਨਹੀਂ, (ਸੋਸਲ ਅਟੈਚਮੈਂਟ) (ਸਮਾਜਿਕ ਨੇੜਤਾ) ਦੀ ਲੋੜ ਹੈ; ਆਈਸੋਲੇਸ਼ਨ (ਨਿਖੇੜੇ) ਦੀ ਨਹੀਂ, ਐਸੋਸੀਏਸ਼ਨ (ਸੰਗਠਨ) ਦੀ ਲੋੜ ਹੈ ਤਾਂ ਕਿ ਇੱਕ ਆਦਰਸ਼ ਸਮਾਜ ਦੀ ਸਿਰਜਨਾ ਕੀਤੀ ਜਾ ਸਕੇ।

# ਕਿਹੜੀ ਮਿੱਟੀ ਦਾ ਬਣਿਆ ਸੀ ਗੁਰਬਚਨ ਸਿਆਂ?

ਮਨਦੀਪ ਖੁਰਮੀ ਹਿੰਮਤਪੁਰਾ (ਗਲਾਸਗੋ)

ਪੰਜਾਬ ਰੋਡਵੇਜ਼ ਦਾ ਸਾਡੇ ਪਰਿਵਾਰ ਨਾਲ ਨਹੁੰ ਮਾਸ ਵਾਲਾ ਰਿਸ਼ਤਾ ਰਿਹਾ। ਇੱਕ ਪਰਿਵਾਰ 'ਚੋਂ ਡੈਡੀ, ਚਾਚਾ, ਮੇਰਾ ਵੱਡਾ ਭਰਾ, ਚਾਚਾ ਜੀ ਦਾ ਬੇਟਾ ਤੇ ਮੈਂ, ਅਸੀਂ ਇੱਕ ਪਰਿਵਾਰ ਦੇ ਪੰਜ ਜਣੇ ਇੱਕੋ ਸੂਈ ਦੇ ਨਖਾਰੇ ਥਾਂਈਂ ਲੰਘ ਚੁੱਕੇ ਹਾਂ। ਜਦੋਂ ਡੈਡੀ ਮੂੰਹੋਂ ਸੁਣੀਆਂ ਸੰਘਰਸ਼ ਦੀਆਂ ਗੱਲਾਂ ਯਾਦ ਕਰਦਾ ਹਾਂ ਤਾਂ ਸਿਦਕੀ ਪਿਓ ਦੀ ਘਾਲਣਾ ਅੱਗੇ ਆਪ ਮੁਹਾਰੇ ਹੱਥ ਜੁੜ ਜਾਂਦੇ ਹਨ। ਮਾਣ ਹੁੰਦੈ ਕਿ ਅਸੀਂ ਓਸ ਬਾਪ ਦੀ ਛਾਂ ਹੇਠ ਪਲ ਕੇ ਵੱਡੇ ਹੋਏ ਹਾਂ, ਜਿਸਨੂੰ ਪਤਾ ਹੀ ਨਹੀਂ ਸੀ ਕਿ ਬਚਪਨ ਕੀ ਸ਼ੈਅ ਹੁੰਦੀ ਐ?

ਸਾਡੇ ਦਾਦਾ ਜੀ ਦੀ ਮੌਤ ਤੋਂ ਬਾਅਦ ਸਾਡੇ ਡੈਡੀ ਵਰਗਿਆਂ ਨੂੰ ਉਹਨਾਂ ਦੀ ਮਾਂ ਨੇ ਹੀ ਲੱਕ ਤੋੜਵੀਂ ਮਿਹਨਤ ਕਰਕੇ ਪਾਲਿਆ। ਡੈਡੀ ਤੋਂ ਦੋ ਨਿੱਕੇ ਚਾਚੇ। ਵੱਡਾ ਚਾਚਾ ਚੜ੍ਹਤ ਸਿੰਘ (ਭੋਲਾ) ਤੇ ਛੋਟਾ ਕਮਲਜੀਤ। ਘਰ ਦੀ ਗਰੀਬੀ ਨੇ ਸਾਡੇ ਡੈਡੀ ਗੁਰਬਚਨ ਸਿੰਘ ਨੂੰ ਉਮਰੋਂ ਵੱਧ ਸਿਆਣਾ ਕਰ ਦਿੱਤਾ। ਭਾਈਚਾਰੇ ਤੇ ਰਿਸ਼ਤੇਦਾਰਾਂ ਦੇ ਨਾਲ ਨਾਲ ਦੋਸਤਾਂ ਮਿੱਤਰਾਂ ਨਾਲ ਵਰਤ-ਵਰਤਾਅ ਸਿਦਕ ਦੀ ਹੱਦ। ਦੂਜਿਆਂ ਲਈ ਆਵਦਾ ਨਫ਼ਾ ਨੁਕਸਾਨ ਓਹਨੇ ਕਦੇ ਦੇਖਿਆ ਹੀ ਨਹੀਂ ਸੀ। ਸਕੂਲ ਪੜ੍ਹਦਿਆਂ ਦੁੱਧ ਵਾਲੀ ਡੇਅਰੀ ਚਲਾਈ। ਆਪ ਦੁੱਖ ਝੱਲੇ ਪਰ ਭਰਾਵਾਂ ਲਈ ਪਿਓ ਬਣਕੇ ਨਿਭਿਆ। ਮਾੜੇ ਦਿਨਾਂ 'ਚ ਜਿਹੜੇ ਰਿਸ਼ਤੇਦਾਰ ਸਾਥ ਛੱਡ ਗਏ ਸੀ, ਰੋਡਵੇਜ਼ 'ਚ ਭਰਤੀ ਹੋ ਕੇ ਸੁੱਖ ਦੀ ਰੋਟੀ ਪੱਕਦਿਆਂ ਖੁਦ ਉਹਨਾਂ ਨਾਲ ਟੁੱਟੀਆਂ ਗੰਢਦਾ ਰਿਹਾ ਜਿਵੇਂ ਗੁਰਬਤ ਭਰੇ ਦਿਨ ਵੀ ਉਸਦਾ ਕਸੂਰ ਹੋਣ। ਘਰ ਵਿੱਚ ਸਾਡੇ ਡੈਡੀ ਦੀ ਮਾਂ ਤੇ ਦਾਦੀ ਸਨ। ਪਹਿਲਾਂ ਮਾਂ ਤੁਰ ਗਈ ਤੇ ਫਿਰ ਬਜ਼ੁਰਗ ਦਾਦੀ। ਘਰ ਵਿੱਚ ਤਿੰਨ ਭਰਾ ਹੀ ਰਹਿ ਗਏ। ਡੈਡੀ ਦਾ ਵਿਆਹ ਸਾਡੀ ਮਾਤਾ ਨਾਲ ਹੋਇਆ ਤਾਂ ਤਵੇ 'ਤੇ ਹੱਥ ਮੱਚਣੋਂ ਹਟੇ। ਡੈਡੀ ਦੇ ਨਾਲ ਚੜ੍ਹਤ ਸਿੰਘ ਚਾਚੇ ਨੂੰ ਵੀ ਕੰਡਕਟਰ ਦੀ ਨੌਕਰੀ ਮਿਲ ਗਈ। ਇੱਕ ਘਰ 'ਚ ਦੋ ਸਰਕਾਰੀ ਤਨਖਾਹਾਂ ਡਿੱਗਣ ਲੱਗੀਆਂ। ਚੜ੍ਹਤ ਸਿੰਘ ਚਾਚੇ ਦਾ ਵਿਆਹ ਹੋਏ ਨੂੰ ਅਜੇ ਛੇ ਮਹੀਨੇ ਹੀ ਹੋਏ ਸਨ ਕਿ ਡਿਊਟੀ 'ਤੇ ਗਿਆ ਘਰ ਨਾ ਮੁੜਿਆ। ਅਜਿਹਾ ਗੁਆਚਿਆ ਕਿ ਸਾਡੇ ਡੈਡੀ ਨੇ ਪੂਰਾ ਦੇਸ਼ ਗਾਹ ਮਾਰਿਆ। ਬੱਸਾਂ, ਰੇਲਾਂ, ਗਲੀਆਂ ਮੁਹੱਲਿਆਂ 'ਚ ਗੁੰਮਸ਼ੁਦਾ ਦੀ ਤਲਾਸ਼ ਵਾਲੇ ਪਰਚੇ ਲਾਉਂਦਾ ਰਿਹਾ। ਕੱਚਾ ਘਰ ਢਹਿ ਗਿਆ। ਨਵਾਂ ਘਰ ਪਾਉਣ ਲਈ ਪਲਾਟ ਖਰੀਦਿਆ ਤਾਂ ਇਸ ਵਿਉਂਤ ਨਾਲ ਉਸਾਰੀ ਕੀਤੀ ਕਿ "ਭੋਲਾ ਬੇਸ਼ੱਕ ਕੱਲ੍ਹ ਨੂੰ ਆ ਜਾਵੇ, ਤੀਜੇ ਹਿੱਸੇ ਦੇ ਦਸ ਮਰਲੇ ਓਹਦੇ ਆ।"

ਜਵਾਨ ਜਹਾਨ ਹੱਥੀਂ ਪਾਲਿਆ ਭਰਾ ਮੁੜ ਘਰ ਨਾ ਆਇਆ। ਡੈਡੀ ਓਹਨੂੰ ਯਾਦ ਕਰਕੇ ਅਕਸਰ ਹੀ ਭਾਵੁਕ ਹੋ ਜਾਂਦਾ। ਚਾਚੇ ਦੇ ਵੈਰਾਗ 'ਚ ਲਿਖੇ ਗੀਤ ਮੈਂ ਤੇ ਮਿੰਟੂ ਵੀਰ ਗਾਉਂਦੇ ਤੇ ਡੈਡੀ ਤੂੰਬੀ ਵਜਾਉਂਦੇ। ਇਉਂ ਲਗਦਾ ਸੀ ਜਿਵੇਂ ਡੈਡੀ ਹਰ ਸਾਹ ਭੋਲਾ ਭੋਲਾ ਉਚਾਰਦਾ ਹੋਵੇ। ਸ਼ਾਇਦ ਚਾਚੇ ਦੇ ਵਿਛੋੜੇ ਨੇ ਉਹਦੇ ਦਿਲ 'ਚ ਮੋਹ ਦਾ ਜੰਗਲ ਉਗਾ ਦਿੱਤਾ ਸੀ ਕਿ ਉਹ ਕਿਸੇ ਬੇਗਾਨੇ ਨੂੰ ਵੀ ਭਰਾਵਾਂ ਵਰਗਾ ਮੋਹ ਦਿੰਦਾ। ਪਿੰਡ ਦੇ ਹਰ ਨਿੱਕੇ ਵੱਡੇ ਨਾਲ ਟਿੱਚਰੋ ਟਿੱਚਰੀ ਹੋਣਾ ਓਹਦਾ ਸੁਭਾਅ ਸੀ। ਜਨਮ ਤੋਂ ਲੈ ਕੇ ਜਵਾਨੀ ਤੱਕ ਗੁਰਬਤ ਦਾ ਦੁੱਖ, ਜਦੋਂ ਦਿਨ ਸੁਖਾਲੇ ਹੋਏ ਤਾਂ ਭਰਾ ਦੇ ਗੁਆਚ ਜਾਣ ਦਾ ਦੁੱਖ।

ਸਾਡੇ ਘਰ ਦਾ ਮਾਹੌਲ ਕੁਝ ਇਸ ਤਰ੍ਹਾਂ ਦਾ ਸੀ ਕਿ ਡੈਡੀ ਨਾਲ ਡਰਾਈਵਰ ਵਜੋਂ ਡਿਊਟੀ ਕਰਦੇ ਦੂਰ ਨੇੜੇ ਪਿੰਡਾਂ ਦੇ ਕਰਮਚਾਰੀ ਸਾਨੂੰ ਪਰਿਵਾਰ ਦੇ ਜੀਆਂ ਵਰਗੇ ਲਗਦੇ। ਸਾਡੇ ਡੈਡੀ ਦਾ ਨੇਮ ਸੀ ਕਿ ਦੂਰ ਪਿੰਡ ਦੇ ਡਰਾਈਵਰ ਨੂੰ ਬੱਸ 'ਚ ਨਹੀਂ ਸੀ ਕਦੇ ਸੌਣ ਦਿੱਤਾ। ਸਾਡਾ ਪਿੰਡ ਜ਼ਿਲ੍ਹੇ ਦਾ ਆਖਰੀ ਪਿੰਡ ਹੋਣ ਕਰਕੇ ਮੋਗਾ-ਭਦੌੜ, ਮੋਗਾ-ਹਠੂਰ-ਫਰੀਦਕੋਟ ਵਰਗੇ ਰੂਟਾਂ ਦੀਆਂ ਬੱਸਾਂ ਦਾ ਆਖਰੀ ਗੇੜਾ ਪਿੰਡਾਂ ਵੱਲ ਦਾ ਹੀ ਹੁੰਦਾ। ਦੂਰ ਪਿੰਡਾਂ ਦੇ ਡਰਾਈਵਰ ਸਾਡੇ ਮਹਿਮਾਨ ਹੁੰਦੇ। ਘਰ 'ਚ ਰੋਟੀ ਪਾਣੀ, ਦਾਰੂ ਪਿਆਲਾ, ਸੌਣ ਲਈ ਜਿੰਨੀ ਕੁ ਸਹੂਲਤ ਦਿੱਤੀ ਜਾ ਸਕਦੀ, ਅਸੀਂ ਦਿਲੋਂ ਕੋਸ਼ਿਸ਼ ਕਰਦੇ। ਘਰ ਆਇਆ ਡਰਾਈਵਰ ਸਾਡੇ ਪਰਿਵਾਰ ਲਈ ਕਦੇ ਵੀ ਲੋਭੜ ਬੰਦਾ ਨਾ ਸਮਝਿਆ ਜਾਂਦਾ।




ਡੈਡੀ ਦੇ ਜਿਉਂਦੇ ਜੀਅ ਮੇਰਾ ਵੱਡਾ ਭਰਾ ਤੇ ਚਾਚਾ ਜੀ ਦਾ ਵੱਡਾ ਬੇਟਾ ਵੀ ਡੈਡੀ ਨੇ ਪੀ.ਆਰ.ਟੀ.ਸੀ. 'ਚ ਕੰਡਕਟਰ ਭਰਤੀ ਕਰਵਾ ਦਿੱਤੇ। ਮੇਰਾ ਸੁਪਨਾ ਸੀ ਅਧਿਆਪਕ ਬਣਨ ਦਾ। ਬੀ.ਐੱਡ. ਕਰਕੇ ਪਿੰਡ ਦੇ ਸਕੂਲ 'ਚ ਸਰਵ ਸਿੱਖਿਆ ਅਭਿਆਨ ਤਹਿਤ ਸਿੱਖਿਆ ਵਲੰਟੀਅਰ ਵਜੋਂ ਨੌਕਰੀ ਮਿਲੀ।

30 ਮਈ 2006 ਦੀ ਰਾਤ ਨੂੰ ਡੈਡੀ ਤ੍ਰੇਲੀਓ ਤਰੇਲੀ ਹੋ ਗਏ। ਬਰਨਾਲੇ ਲੈ ਕੇ ਗਏ ਤਾਂ ਮੁੜਦੇ ਹੋਏ ਦਿਲ ਦੇ ਦੌਰੇ ਕਾਰਨ ਨਿਰਜਿੰਦ ਗੁਰਬਚਨ ਸਿਉਂ ਘਰ ਆ ਗਿਆ। ਘਰ ਇੱਕ ਵਾਰ ਫਿਰ ਮੂਧਾ ਵੱਜ ਗਿਆ। ਸਭ ਕੁਝ ਲੁੱਟਿਆ ਗਿਆ ਮਹਿਸੂਸ ਹੋਇਆ। ਡੈਡੀ ਦੀ ਥਾਂ ਤਰਸ ਦੇ ਆਧਾਰ 'ਤੇ ਮੈਨੂੰ ਨੌਕਰੀ ਲਈ ਅਪਲਾਈ ਕਰਨਾ ਪਿਆ। ਮਾਸਟਰ ਲੱਗਿਆ ਹੋਇਆ ਮਨਦੀਪ ਖੁਰਮੀ ਕੰਡਕਟਰ ਵਾਲਾ ਝੋਲਾ ਫੜ੍ਹ ਕੇ ਮੋਗਾ ਡਿਪੂ ਦੀ ਪੀ.ਬੀ. 29-9643 ਗੱਡੀ ਦਾ ਐੱਮ.ਏ., ਬੀ.ਐੱਡ. ਪਾਸ ਕੰਡਕਟਰ ਬਣ ਗਿਆ। ਡੈਡੀ ਸਰੀਰਕ ਤੌਰ 'ਤੇ ਹੀ ਕੋਲ ਨਹੀਂ ਸੀ ਪਰ ਮੈਂ ਡੈਡੀ ਦਾ ਝੋਲਾ, ਟਿਕਟਾਂ ਹੇਠ ਰੱਖਣ ਵਾਲੀ ਐਲੂਮੀਨੀਅਮ ਦੀ ਪੱਤੀ, ਟਿਕਟਾਂ ਕੱਟਣ ਵਾਲਾ ਪੰਚ ਤੇ ਓਹੀ ਸੀਟੀ ਕੋਲ ਰੱਖੇ। ਇਹਨਾਂ ਚੀਜ਼ਾਂ ਦੇ ਕੋਲ ਹੋਣ ਕਰਕੇ ਆਪਣੇ ਆਪ ਨੂੰ ਕਦੇ ਵੀ ਇਕੱਲਾ ਨਾ ਸਮਝਿਆ। ਦੂਜਾ ਹੌਸਲਾ ਮੇਰੇ ਪਹਿਲੇ ਦਿਨ ਤੋਂ ਡਰਾਈਵਰ ਸਾਥੀ ਬਣੇ ਚਾਚਾ ਜਗਸੀਰ ਸਿੰਘ ਉਰਫ਼ "ਭੋਲਾ ਹਨੇਰੀ" ਦਾ ਸੀ, ਜਿਸਨੇ ਬੱਸ ਵਿੱਚ ਵਰੋਲੇ ਵਾਂਗੂੰ ਘੁੰਮ ਜਾਣ, ਸਵਾਰੀਆਂ ਦੇ ਚਿਹਰੇ ਪੜ੍ਹਨ ਦੀ ਜਾਚ ਸਿਖਾਈ। ਇੰਗਲੈਂਡ ਆਉਣ ਤੱਕ ਮੈਂ ਲਗਭਗ 11 ਕੁ ਮਹੀਨੇ ਹੀ ਨੌਕਰੀ ਕੀਤੀ ਪਰ ਕੀਤੀ ਪੂਰੀ ਮੜਕ ਨਾਲ। ਇਸ ਸਾਰੇ ਸਮੇਂ 'ਚ ਚਾਚਾ ਭੋਲਾ ਹਨੇਰੀ ਹੀ ਡਰਾਈਵਰ ਰਿਹਾ। ਚਾਚੇ ਦਾ ਡਰਾਈਵਰ ਨੰਬਰ 13 ਤੇ ਮੇਰਾ ਕੰਡਕਟਰ ਨੰਬਰ 13....। ਦੀਨਾ ਸਾਹਿਬ ਤੋਂ ਚੰਡੀਗੜ੍ਹ ਰੂਟ 'ਤੇ 13-13 ਹੁੰਦੀ ਰਹੀ।

ਅਕਸਰ ਹੀ ਵੱਖ ਵੱਖ ਡਰਾਈਵਰ ਮਿਲਦੇ ਰਹੇ। ਓਹਨਾਂ ਮੂੰਹੋਂ ਡੈਡੀ ਦੀਆਂ ਗੱਲਾਂ ਸੁਣ ਕੇ ਮਾਣ ਹੁੰਦਾ। ਅਕਸਰ ਇਹ ਗੱਲ ਸੁਣਨ ਨੂੰ ਮਿਲਦੀ ਕਿ "ਨਰ ਬੰਦਾ ਸੀ ਗੁਰਬਚਨ। ਨਾਲ ਗਏ ਡਰਾਈਵਰ ਨੂੰ ਬੱਸ 'ਚ ਨਹੀਂ ਸੀ ਕਦੇ ਸੌਣ ਦਿੱਤਾ। ਸਗੋਂ ਲੜ ਕੇ ਘਰ ਲੈ ਕੇ ਜਾਂਦਾ ਹੁੰਦਾ ਸੀ।"

11 ਮਹੀਨਿਆਂ ਦੇ ਮੇਰੇ ਤੇ ਚਾਚੇ ਭੋਲੇ ਹਨੇਰੀ ਦੇ ਸਾਥ 'ਚ ਅਸੀਂ ਕਦੇ ਛੁੱਟੀ ਵਾਲੇ ਦਿਨ ਹੀ ਇੱਕ ਦੂਜੇ ਕੋਲੋਂ ਪਾਸੇ ਹੋਏ ਹੋਵਾਂਗੇ, ਨਹੀਂ ਤਾਂ ਅਸੀਂ ਘਰੀਂ ਸੌਣ ਲਈ ਹੀ ਆਉਂਦੇ। ਇੱਕ ਵਾਰ ਚਾਚੇ ਨੇ ਛੁੱਟੀ ਲੈ ਲਈ ਤੇ ਸਾਡੇ ਪੱਕੇ ਰੂਟ "ਦੀਨਾ ਸਾਹਿਬ-ਚੰਡੀਗੜ੍ਹ" 'ਤੇ ਹੋਰ ਜੋੜੀ ਤੋਰ ਦਿੱਤੀ। ਮੇਰਾ ਸਾਥ ਆਥਣ ਦੇ ਗੇੜੇ ਲੁਧਿਆਣੇ ਗੱਡੀ ਬੰਦ ਕਰਨ ਵਾਲੇ ਡਰਾਈਵਰ ਨਾਲ ਬਣਾ ਦਿੱਤਾ।

-"ਪੁੱਤਰਾ, ਤੇਰਾ ਬਾਪੂ ਬਾਹਲਾ ਘੈਂਟ ਬੰਦਾ ਸੀ। ਡਰਾਈਵਰ ਨੂੰ ਤਾਂ ਭਰਾ ਬਣਾ ਕੇ ਰੱਖਦਾ ਸੀ। ਜਾਹ ਖਾਂ ਕੋਈ ਤਿਣਕਾ ਭਰ ਚੀਜ਼ ਵੀ ਬਿਨਾਂ ਵੰਡੇ ਖਾ ਜਾਂਦਾ। ਮੈਂ ਦੋ ਰਾਤਾਂ ਥੋਡੇ ਘਰੇ ਰਹਿ ਕੇ ਆਇਆ ਹਾਂ। ਤੁਸੀਂ ਓਦੋਂ ਨਿੱਕੇ ਹੁੰਦੇ ਸੀ।", ਡਰਾਈਵਰ ਅੰਕਲ ਪੁਰਾਣੇ ਵੇਲਿਆਂ ਦੀ ਰੀਲ੍ਹ ਪਾਈ ਬੈਠਾ ਸੀ। ਗਰਮੀਆਂ ਦੇ ਦਿਨਾਂ 'ਚ ਲਾਟਾਂ ਮਾਰਦੇ ਇੰਜਣ 'ਤੇ ਬੈਠਾ ਡੈਡੀ ਦੀਆਂ ਗੱਲਾਂ ਸੁਣ ਰਿਹਾ ਸੀ।

-"ਮੈਨੂੰ ਆਥਣ ਦੇ ਗੇੜੇ ਤੇਰੇ ਬਾਪੂ ਨਾਲ ਭਦੌੜ ਨੂੰ ਤੋਰ ਦਿੱਤਾ। ਗੱਡੀ ਬੰਦ ਕੀਤੀ ਤਾਂ ਗੁਰਬਚਨ ਅੜ ਕੇ ਖੜ੍ਹ ਗਿਆ ਕਿ ਤੈਨੂੰ ਪਿੰਡ ਲੈ ਕੇ ਜਾਣੈ। ਜੇ ਗੱਡੀ 'ਚ ਪੈ ਗਿਆ ਤਾਂ ਸਾਰੀ ਉਮਰ ਮਿਹਣਾ ਰਹੂ ਮੇਰੇ ਲਈ। ਪਤੰਦਰ ਘਰ ਲਿਜਾ ਕੇ ਈ ਟਲਿਆ। ਬਹੁਤ ਸੇਵਾ ਕੀਤੀ ਸੀ, ਭੋਰਾ ਓਪਰਾ ਮਹਿਸੂਸ ਨਾ ਹੋਇਆ।" ਲੁਧਿਆਣੇ ਸਾਡੀ ਬੱਸ ਅੱਡੇ 'ਚ ਹੀ ਖੜ੍ਹਨੀ ਸੀ। ਘਰੋਂ ਮਾਤਾ ਨੇ ਸਵੇਰੇ ਬੰਨ੍ਹ ਕੇ ਦਿੱਤੀ ਰੋਟੀ ਇਸ ਗੱਲ ਦਾ ਸੰਸਾ ਦੂਰ ਕਰ ਰਹੀ ਸੀ ਕਿ ਭੁੱਖਾ ਤਾਂ ਨਹੀਂ ਰਹਿੰਦਾ। ਪਰ ਡਿਊਟੀ ਦੌਰਾਨ ਘਰੋਂ ਬਾਹਰ ਰਹਿਣ ਦਾ ਮੇਰਾ ਪਹਿਲਾ ਤਜ਼ਰਬਾ ਸੀ। ਸਾਥੀ ਡਰਾਈਵਰ ਅੰਕਲ ਦੀ ਰਿਹਾਇਸ਼ ਲੁਧਿਆਣੇ ਬੱਸ ਅੱਡੇ ਤੋਂ ਬਾਹਲੀ ਦੂਰ ਨਹੀਂ ਸੀ। ਭਲੇ ਵੇਲਿਆਂ 'ਚ ਵੱਡੇ ਪਲਾਟ 'ਚ ਚੰਗਾ ਛੱਤ-ਛਤਾਅ ਦੱਸਿਆ ਸੀ ਅੰਕਲ ਨੇ। ਗੱਡੀ ਲੁਧਿਆਣਾ ਅੱਡੇ ਰੁਕੀ, ਸਵਾਰੀਆਂ ਉੱਤਰੀਆਂ ਤਾਂ ਅੰਕਲ ਨੇ ਸਟੈਂਡ 'ਚ ਖੜ੍ਹਾ ਕੀਤਾ ਸਕੂਟਰ ਲਿਆਂਦਾ।

-"ਪੁੱਤਰਾ! ਪੈਣ ਲੱਗਿਆ ਗੱਡੀ ਦੀਆਂ ਕੁੰਡੀਆਂ ਅੰਦਰੋਂ ਧਿਆਨ ਨਾਲ ਲਾ ਲਵੀਂ। ਵਿੜਕ ਰੱਖੀਂ ਕੋਈ ਤੇਲ ਤੂਲ ਕੱਢਣ ਦੀ ਕੋਸ਼ਿਸ਼ ਨਾ ਕਰੇ।", ਇੰਨਾ ਕਹਿ ਕੇ ਡਰਾਈਵਰ ਅੰਕਲ ਅੱਖੋਂ ਓਹਲੇ ਹੋ ਗਿਆ।

ਸਾਰੀ ਰਾਤ ਲੜੇ ਮੱਛਰ ਦਾ ਭੋਰਾ ਵੀ ਦੁੱਖ ਨਾ ਹੋਇਆ। ਸਾਰੀ ਰਾਤ ਜਾਗ ਕੇ ਕੱਟੀ। ਮੂੰਹੋਂ ਇਹੀ ਨਿੱਕਲ ਰਿਹਾ ਸੀ, "ਗੁਰਬਚਨ ਸਿਆਂ, ਤੂੰ ਤੂੰ ਈ ਸੀ। ਕਿਹੜੀ ਮਿੱਟੀ ਦਾ ਬਣਿਆ ਸੀ?"

# ਹਰਿਆਣਾ ਪੰਜਾਬ ਤੋਂ ਕੌਮੀ ਖੇਡ ਐਵਾਰਡ ਜਿੱਤਣ ਵਿੱਚ ਵੀ ਹੋਇਆ ਕੋਹਾਂ ਦੂਰ ਅੱਗੇ

## ਹਰਿਆਣਾ ਵਿੱਚ ਹਾਕੀ ਓਲੰਪੀਅਨ ਖੇਡ ਮੰਤਰੀ ਦੀ ਟੌਹਰ ਹੈ ਵੱਖਰੀ, ਸਾਡੇ ਵਿਧਾਇਕ ਹਾਕੀ ਓਲੰਪੀਅਨ ਦੀ ਘੁਮਾਈ ਪਈ ਹੈ ਚੱਕਰੀ

ਹਰਿਆਣਾ ਨੇ ਪਿਛਲੇ ਦੋ ਤਿੰਨ ਦਹਾਕਿਆਂ ਵਿੱਚ ਵੱਖ ਵੱਖ ਖੇਤਰਾਂ ਵਿੱਚ ਬੇਮਿਸਾਲ ਤਰੱਕੀ ਕੀਤੀ ਹੈ ਖ਼ਾਸ ਕਰਕੇ ਖੇਡਾਂ ਦੇ ਖੇਤਰ ਵਿੱਚ ਤਾਂ ਹਰਿਆਣਾ ਭਾਰਤ ਦੀ ਖੇਡ ਰਾਜਧਾਨੀ ਬਣ ਗਿਆ ਹੈ ਕਿਉਂਕਿ ਹਰਿਆਣਾ ਦੀ ਆਬਾਦੀ ਮੁਲਕ ਵਿੱਚ ਸਿਰਫ਼ 1:9 ਪ੍ਰਤੀਸ਼ਤ ਹੈ ਪਰ ਖੇਡਾਂ ਵਿੱਚ ਹਰਿਆਣਾ ਦੀ ਬੇਹਤਰ ਕਾਰਗੁਜ਼ਾਰੀ 18 ਪ੍ਰਤੀਸ਼ਤ ਆਉਂਦੀ ਹੈ ਜੋ ਆਪਣੇ ਆਪ ਵਿੱਚ ਇੱਕ ਨਿਵੇਕਲਾ ਰਿਕਾਰਡ ਜਾਂ ਇਤਿਹਾਸ ਹੈ ।

ਇੱਕ ਵਕਤ ਸੀ ਜਦੋਂ ਪੰਜਾਬ ਦਾ ਵੈਸੇ ਤਾਂ ਸਾਰੇ ਖੇਤਰਾਂ ਵਿੱਚ ਖ਼ਾਸ ਕਰਕੇ ਖੇਡਾਂ ਦੇ ਖੇਤਰ ਵਿੱਚ ਇੱਕ ਵੱਡਾ ਜੇਤੂ ਦਬਦਬਾ ਸੀ ਪਰ ਅੱਜ ਦੀ ਘੜੀ ਗੱਲ ਭਾਵੇਂ ਸਿੱਖਿਆ ਦੀ ਹੋਵੇ, ਸਨਅਤ ਦੀ ਹੋਵੇ , ਕਿਸਾਨੀ ਦੀ ਹੋਵੇ, ਜਾਂ ਖੇਡਾਂ ਦੀ ਹੋਵੇ ਪੰਜਾਬ ਦਿਨੋਂ ਦਿਨ ਬੁਰੀ ਤਰ੍ਹਾਂ ਪਛੜਦਾ ਜਾ ਰਿਹਾ ਹੈ ਸ਼ੁਰੂ ਹੋਏ ਦੇਸ਼ ਦੇ ਵਡਮੁੱਲੇ ਖੇਡ ਰਤਨ ਐਵਾਰਡ ਵਿੱਚ ਹਰਿਆਣਾ ਦੇ ਖਿਡਾਰੀ ਅੱਠ ਵਾਰ ਖੇਡ ਰਤਨ ਐਵਾਰਡ ਜਿੱਤਣ ਵਿੱਚ ਕਾਮਯਾਬ ਰਹੇ ਜਦਕਿ ਮਹਾਰਾਸ਼ਟਰ ਦੇ ਜੇਤੂ ਖਿਡਾਰੀ 6 ਵਾਰ ਖੇਡ ਰਤਨ ਐਵਾਰਡ ਹਾਸਲ ਕਰਕੇ ਦੂਸਰੇ ਸਥਾਨ ਤੇ ਰਹੇ ਪੰਜਾਬ ਦੇ ਸਿਰਫ ਤਿੰਨ ਖਿਡਾਰੀ ਹੀ ਅਜੇ ਤੱਕ ਖੇਡ ਰਤਨ ਬਣੇ ਹਨ ਇਹ ਤਿੰਨੇ ਖਿਡਾਰੀ ਨਿਸ਼ਾਨੇਬਾਜ਼ੀ ਖੇਡ ਨਾਲ ਸੰਬੰਧਿਤ ਹਨ ਅਭੀਨਵ ਬਿੰਦਰਾ, ਮਾਨਵਜੀਤ ਸਿੰਘ ਸੰਧੂ ਅਤੇ ਰਾਜਨ ਸੋਢੀ ਪੰਜਾਬ ਵੱਲੋਂ ਖੇਡ ਰਤਨ ਬਣੇ ਜਦ ਕਿ ਹਰਿਆਣਾ ਵੱਲੋਂ ਮੁੱਕੇਬਾਜ਼ ਵਜਿੰਦਰ ਸਿੰਘ, ਯੋਗੇਸ਼ਵਰ ਦੱਤ ਪਹਿਲਵਾਨ, ਸਾਕਸ਼ੀ ਮਲਿਕ ਪਹਿਲਵਾਨ, ਸਰਦਾਰਾ ਸਿੰਘ ਹਾਕੀ, ਬਜਰੰਗ ਪੂਨੀਆ ਪਹਿਲਵਾਨ, ਦੀਪਾ ਮਲਿਕ ਪਹਿਲਵਾਨ, ਵਿਨੇਸ਼ ਫੋਗਟ ਪਹਿਲਵਾਨ, ਰਾਣੀ ਰਾਮਪਾਲ ਹਾਕੀ ਖੇਡ ਜ਼ਰੀਏ ਖੇਡ ਰਤਨ ਹਾਕੀ ਖਿਡਾਰਨਾਂ ਅਤੇ ਓਲੰਪੀਅਨ ਪੱਧਰ ਦੇ ਖਿਡਾਰੀ ਪੈਦਾ ਕੀਤੇ ਹਨ ।ਅਰਜਨਾ ਐਵਾਰਡ, ਦਰੋਣਾਚਾਰੀਆ ਅਤੇ ਖੇਡ ਰਤਨ ਐਵਾਰਡ ਜਿੱਤਣ ਵਿੱਚ ਵੀ ਵਿੱਚ ਵੀ ਕਾਸਾਬਾਦ ਮਾਰਕੰਡਾ ਸੰਸਾਰਪੁਰ ਨਾਲੋਂ ਅੱਗੇ ਨਿਕਲ ਗਿਆ ਹੈ। ਹਰਿਆਣਾ ਦੇ ਖੇਡ ਮੰਤਰੀ ਭਾਰਤੀ ਹਾਕੀ ਟੀਮ ਦਾ ਸਾਬਕਾ ਕਪਤਾਨ ਓਲੰਪੀਅਨ ਸੰਦੀਪ ਸਿੰਘ ਵੀ ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਦੀ ਹੀ ਪੈਦਾਇਸ਼ ਹੈ ਹਰਿਆਣਾ ਵਿੱਚ ਭਾਜਪਾ ਨੇ ਓਲੰਪੀਅਨ ਸੰਦੀਪ ਸਿੰਘ ਨੂੰ ਵਿਧਾਇਕ ਬਣਾ ਕੇ ਫਿਰ ਖੇਡ ਮੰਤਰੀ ਬਣਾਕੇ ਖਿਡਾਰੀਆਂ ਨੂੰ ਇੱਕ ਵੱਡਾ ਮਾਣ ਦਿੱਤਾ ਹੈ ਜਦਕਿ ਦੂਸਰੇ ਪਾਸੇ ਪੰਜਾਬ ਦੇ ਹਾਕੀ ਓਲੰਪੀਅਨ ਪ੍ਰਗਟ ਸਿੰਘ ਜੋ ਕਿ ਜਲੰਧਰ ਤੋਂ ਦੋ ਵਾਰ ਵਿਧਾਇਕ ਬਣੇ ਹਨ ਪਹਿਲਾਂ ਅਕਾਲੀਆਂ ਨੇ ਅਤੇ ਫੇਰ ਕਾਂਗਰਸ ਨੇ ਉਸ ਨੂੰ ਖੇਡ ਮੰਤਰੀ ਬਣਾਉਣਾ ਤਾਂ ਰਿਹਾ ਦੂਰ ਦੀ




ਰੋਇੰਗ, ਮਨਜੀਤ ਸਿੰਘ ਫੁੱਟਬਾਲਰ, ਸੁਖਵਿੰਦਰ ਸਿੰਘ ਸੰਧੂ ਅਤੇ ਮਨਪ੍ਰੀਤ ਸਿੰਘ ਮਾਨਾ ਕਬੱਡੀ, ਨਿਸ਼ਾਨੇਬਾਜ਼ ਜਸਪਾਲ ਸਿੰਘ ਰਾਣਾ ਨੂੰ ਵੱਖ ਵੱਖ ਐਵਾਰਡਾਂ ਨਾਲ ਸਨਮਾਨਿਆ ਜਾਵੇਗਾ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਅੱਜ ਦੇ ਮੌਜੂਦਾ









ਜੇਕਰ ਪਿਛਲੀਆਂ ਤਿੰਨ ਓਲੰਪਿਕ ਖੇਡਾਂ ,ਕਾਮਨਵੈਲਥ ਖੇਡਾਂ ,ਏਸ਼ੀਅਨ ਖੇਡਾਂ ਜਾਂ ਕੌਮੀ ਪੱਧਰ ਦੇ ਖੇਡ ਮੁਕਾਬਲਿਆਂ ਦੇ ਕਾਰਗੁਜ਼ਾਰੀ ਵੇਖੀਏ ਤਾਂ ਹਰਿਆਣਾ ਹਰ ਜਗ੍ਹਾ ਤੇ ਪੰਜਾਬ ਨਾਲੋਂ ਕਾਫੀ ਅੱਗੇ ਹੈ । 2012 ਲੰਡਨ ਓਲੰਪਿਕ ਵਿੱਚ ਮੁਲਕ ਨੇ ਕੁੱਲ 6 ਤਗ਼ਮੇ ਜਿੱਤੇ 4 ਇਕੱਲੇ ਹਰਿਆਣਾ ਦੇ ਹਿੱਸੇ ਆਏ 2016 ਬਰਾਜ਼ੀਲ ਓਲੰਪਿਕ ਖੇਡਾਂ ਵਿੱਚ ਵੀ ਭਾਰਤ ਦੀ ਜੇਤੂ ਕਾਰ-ਗੁਜ਼ਾਰੀ ਵਿੱਚ ਹਰਿਆਣਾ ਦਾ ਜੇਤੂ ਰੋਲ 50 ਪ੍ਰਤੀਸ਼ਤ ਰਿਹਾ ਇਹੀ ਹਾਲ ਕਾਮਨਵੈਲਥ ਖੇਡਾਂ ਏਸ਼ੀਅਨ ਖੇਡਾਂ ਅਤੇ ਹੋਰ ਮੁਕਾਬਲਿਆਂ ਵਿੱਚ ਹਰਿਆਣਾ ਪੰਜਾਬ ਨਾਲੋਂ ਕੋਹਾਂ ਦੂਰ ਅੱਗੇ ਰਿਹਾ ਹੈ ਹੁਣ ਕੌਮੀ ਪੱਧਰ ਦੇ ਜੇਤੂ ਖੇਡ ਐਵਾਰਡਾਂ ਵਿੱਚ ਵੀ ਹਰਿਆਣਾ ਨੇ ਨਾ ਸਿਰਫ਼ ਪੰਜਾਬ ਨਾਲੋਂ ਅੱਗੇ ਨਿਕਲਿਆ ਸਗੋਂ ਪੂਰੇ ਮੁਲਕ ਵਿੱਚ ਹਰਿਆਣਾ ਖੇਡ ਰਤਨ ਐਵਾਰਡ ਜੇਤੂ ਰਹਿਣ ਵਿੱਚ ਨੰਬਰ ਇੱਕ ਸੂਬਾ ਬਣ ਗਿਆ ਹੈ । 1991-92 ਵਿੱਚ ਐਵਾਰਡ ਜਿੱਤਣ ਦੇ ਵਿੱਚ ਕਾਮਯਾਬ ਹੋਏ ਹਨ ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਜੋ ਹਾਕੀ ਖੇਡ ਦਾ ਸਰਦਾਰ ਹੈ ਸਰਦਾਰ ਸੀ ਪਰ ਪੰਜਾਬ ਦਾ ਇੱਕ ਵੀ ਹਾਕੀ ਖਿਡਾਰੀ ਖੇਡ ਰਤਨ ਐਵਾਰਡ ਜਿੱਤਣ ਵਿੱਚ ਕਦੇ ਵੀ ਕਾਮਯਾਬ ਨਹੀਂ ਹੋਇਆ ਹਰਿਆਣਾ ਦੇ ਕਸਬਾ ਸ਼ਾਹਬਾਦ ਮਾਰਕੰਡਾ ਨੇ ਹਾਕੀ ਲੜਕੀਆਂ ਦੇ ਵਿੱਚ ਇਤਿਹਾਸ ਦੀ ਇੱਕ ਨਵੀਂ ਤਵਾਰੀਖ ਲਿਖ ਦਿੱਤੀ ਹੈ ਇੱਕ ਛੋਟੇ ਜਿਹੇ ਕਸਬੇ ਸ਼ਾਹਬਾਦ ਮਾਰਕੰਡਾ ਨੇ ਪੰਜਾਬ ਦੇ ਕੋਚ ਬਲਦੇਵ ਸਿੰਘ ਦੀ ਮਿਹਨਤ ਸਦਕਾ ਇਸ ਕਸਬੇ ਵਿੱਚੋਂ ਅਰਜਨਾ ਐਵਾਰਡ ਜਿੱਤਣ ਅਤੇ ਅੰਤਰਰਾਸ਼ਟਰੀ ਖਿਡਾਰੀ ਤੇ ਖਿਡਾਰਨਾਂ ਪੈਦਾ ਕਰਨ ਵਿੱਚ ਪੰਜਾਬ ਦੇ ਹਾਕੀ ਦੇ ਘਰ ਸੰਸਾਰਪੁਰ ਨੂੰ ਵੀ ਮਾਤ ਪਾ ਦਿੱਤੀ ਹੈ । ਸੰਸਾਰਪੁਰ ਨੇ ਹਾਕੀ ਦੇ 14 ਓਲੰਪੀਅਨ ਪੈਦਾ ਕੀਤੇ ਹਨ ਪਰ ਸ਼ਾਹਬਾਦ ਮਾਰਕੰਡਾ ਹਾਕੀ ਸੈਂਟਰ ਨੇ 70 ਦੇ ਕਰੀਬ ਅੰਤਰਰਾਸ਼ਟਰੀ ਪੱਧਰ ਦੀਆਂ ਗੱਲ ਉਲਟਾ ਉਸ ਦੀ ਚੰਗੀ ਰਾਜਨੀਤਿਕ ਚੱਕਰੀ ਕਮਾਈ ਹੈ।ਇਹ ਰਾਜਨੀਤਿਕ ਆਕਾ ਨੇ ਉਸ ਨੂੰ ਨਾ ਘਰਦਾ ਰਹਿਣ ਦੇਣਾ ਨਾ ਘਾਟ ਦਾ, ਇਸੇ ਰਾਜਨੀਤਕ ਝਮੇਲਿਆਂ ਵਿੱਚ ਕ੍ਰਿਕਟਰ ਨਵਜੋਤ ਸਿੱਧੂ ਵੀ ਉਲਝ ਕੇ ਰਹਿ ਗਿਆ ਹੈ।

ਕੇਂਦਰੀ ਖੇਡ ਮੰਤਰਾਲੇ ਵੱਲੋਂ ਐਲਾਨੇ ਸਾਲ 2020 ਦੇ ਐਵਾਰਡਾਂ ਵਿੱਚ ਪੰਜਾਬ ਦਾ ਹਾਕੀ ਓਲੰਪੀਅਨ ਆਕਾਸ਼ਦੀਪ ਸਿੰਘ ਹੀ ਸਿਰਫ਼ ਇੱਕ ਅਜਿਹਾ ਖਿਡਾਰੀ ਹੈ ਜੋ ਆਪਣੇ ਵਰਤਮਾਨ ਕਾਰਗੁਜ਼ਾਰੀ ਦੇ ਆਧਾਰ ਤੇ ਅਰਜਨਾਵਾਡੀ ਬਣਿਆ ਹੈ ਜਦਕਿ ਬਾਕੀ ਦੇ ਸਾਰੇ ਉਹ ਖਿਡਾਰੀ ਹਨ ਜਿਨ੍ਹਾਂ ਨੇ ਦੋ ਤਿੰਨ ਦਹਾਕੇ ਪਹਿਲਾਂ ਆਪਣੀ ਵਧੀਆ ਕਾਰਗੁਜ਼ਾਰੀ ਵਿਖਾਈ ਸੀ ਉਨ੍ਹਾਂ ਨੂੰ ਐਵਾਰਡ ਹੁਣ ਮਿਲ ਰਹੇ ਹਨ ਜਿਨ੍ਹਾਂ ਵਿੱਚ 1972 ਓਲੰਪਿਕ ਦਾ ਕਾਂਸੀ ਤਗ਼ਮਾ ਜੇਤੂ ਖਿਡਾਰੀ ਅਜੀਤ ਸਿੰਘ ਫਿਰੋਜ਼ਪੁਰ ਰੇਲਵੇ ਇਸ ਤੋਂ ਇਲਾਵਾ ਕੁਲਦੀਪ ਸਿੰਘ ਭੁੱਲਰ ਦੌਰ ਵਿੱਚ ਖੇਡਾਂ ਦੇ ਖੇਤਰ ਵਿੱਚ ਪੰਜਾਬ ਦੇ ਪੱਲੇ ਕੁਝ ਵੀ ਦੇਖਣ ਨੂੰ ਨਹੀਂ ਮਿਲਦਾ ਸਿਰਫ ਰਾਜਨੀਤਕ ਆਗੂਆਂ ਦੀ ਬਿਆਨਬਾਜ਼ੀ ਅਤੇ ਗੱਲਾਂ ਬਾਤਾਂ ਨਾਲ ਇਹ ਪੰਜਾਬ ਖੇਡਾਂ ਦਾ ਕਾਗਜ਼ੀ ਸ਼ੇਰ ਹੈ ਨਾ ਹੀ ਪੰਜਾਬ ਸਰਕਾਰ ਦੀ ਖੇਡ ਨੀਤੀ ਖਿਡਾਰੀਆਂ ਦੇ ਅਨੁਕੂਲ ਹੈ ਨਾ ਕੋਈ ਨੌਜਵਾਨ ਇੱਥੇ ਖੇਡਣਾ ਚਾਹੁੰਦਾ ਹੈ ਨਾ ਹੀ ਕੋਈ ਇੱਥੇ ਰਹਿਣਾ ਚਾਹੁੰਦਾ ਹੈ ਪੰਜਾਬ ਕੋਲ ਗੱਲਾਂਬਾਤਾਂ ਦੇ ਫਰਾਟੇ ਮਾਰਨ ਨੂੰ ਸਿਰਫ ਪੁਰਾਣੇ ਜੇਤੂ ਖੇਡ ਇਤਿਹਾਸ ਦਾ ਇੱਕ ਫੰਡਾ ਹੈ ਜਦਕਿ ਹਰਿਆਣਾ ਕੋਲ ਖਿਡਾਰੀਆਂ ਦੇ ਭਵਿੱਖ ਦਾ ਜੇਤੂ ਝੰਡਾ ਹੈ।

ਭਾਵੇਂ ਹੋਵੇ ਹਰਿਆਣਾ ਜਾਂ ਹੋਵੇ ਦਿੱਲੀ ਜਿਸ ਦੀਆਂ ਖੇਡ ਨੀਤੀਆਂ ਸਾਡੇ ਨਾਲੋਂ ਵਧੀਆਂ ਹਨ ਉਸ ਰਾਜ ਦੇ ਖਿਡਾਰੀ ਤਾਂ ਸਾਡੇ ਨਾਲੋਂ ਅੱਗੇ ਵਧਣਗੇ ਹੀ ਪਰ ਪੰਜਾਬ ਦੀ ਖੇਡਾਂ ਅਤੇ ਖਿਡਾਰੀਆਂ ਦਾ ਤਾਂ ਰੱਬ ਹੀ ਰਾਖਾ!

# ਜਰਖੜ ਹਾਕੀ ਅਕੈਡਮੀ ਨੇ ਨੈਸ਼ਨਲ ਸਪੋਰਟਸ ਵੈਬੀਨਾਰ ਕਰਵਾਇਆ

## ਜਰਖੜ ਟਰੱਸਟ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਦਾ ਜਨਮ ਦਿਨ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ








**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਲੁਧਿਆਣਾ ਅਤੇ ਜਰਖੜ ਹਾਕੀ ਅਕੈਡਮੀ ਵੱਲੋਂ ਰਾਸ਼ਟਰੀ ਖੇਡ ਦਿਵਸ ਮੌਕੇ ਮੇਜਰ ਧਿਆਨ ਚੰਦ ਨੂੰ ਯਾਦ ਕਰਦੇ ਹੋਏ ਰਾਸ਼ਟਰੀ ਪੱਧਰ ਦਾ ਸਪੋਰਟਸ ਵੈਬੀਨਾਰ ਕਰਵਾਇਆ ਗਿਆ। ਇਸ ਤੋਂ ਇਲਾਵਾ ਅਕੈਡਮੀ ਦੇ ਖਿਡਾਰੀਆਂ ਅਤੇ ਪ੍ਰਬੰਧਕਾਂ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਜੀ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਇਆ।

ਮਾਤਾ ਸਾਹਿਬ ਕੌਰ ਸਪੋਰਟਸ ਖੇਡ ਕੰਪਲੈਕਸ ਜਰਖੜ ਵਿਖੇ ਕਰਵਾਏ ਗਏ ਪ੍ਰੋਗਰਾਮ ਦੇ ਇਸ ਵੈਬੀਨਾਰ ਵਿੱਚ ਹਾਕੀ ਦੇ ਜਾਦੂਗਰ ਧਿਆਨਚੰਦ ਦੇ ਬੇਟੇ ਹਾਕੀ ਦੇ ਵਰਲਡ ਚੈਂਪੀਅਨ, ਓਲੰਪੀਅਨ ,ਅਰਜੁਨਾ ਐਵਾਰਡੀ ਅਸ਼ੋਕ ਕੁਮਾਰ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਇਸ ਵੈਬੀਨਾਰ ਦੀ ਅਗਵਾਈ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਪ੍ਰਧਾਨ ਹਰਕਮਲ ਸਿੰਘ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕੀਤੀ।ਇਸ ਵੈਬੀਨਾਰ ਵਿੱਚ ਅੰਤਰਰਾਸ਼ਟਰੀ ਖੇਡ ਲੇਖਕ ਤੇ ਮੁੱਖ ਪ੍ਰਬਧਕ ਜਰਖੜ ਖੇਡਾਂ ਜਗਰੂਪ ਸਿੰਘ ਜਰਖੜ ਨੇ ਬੱਚਿਆਂ ਨਾਲ ਖੇਡਾਂ ਬਾਬਤ ਗੱਲਬਾਤ ਕੀਤੀ। ਇਸ ਵੈਬੀਨਾਰ ਵਿੱਚ ਓਲੰਪੀਅਨ ਅਸ਼ੋਕ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਮੇਜਰ ਧਿਆਨ ਚੰਦ ਦੀ ਜੀਵਨੀ ਬਾਰੇ ਖਿਡਾਰੀਆਂ ਨਾਲ ਚਰਚਾ ਕੀਤੀ। ਉਨ੍ਹਾਂ ਨੇ ਮੇਜਰ ਧਿਆਨ ਚੰਦ ਦੀਆ ਖੇਡ ਪ੍ਰਪਾਤੀਆ, ਓਲੰਪਿਕ ਖੇਡਾਂ, ਏਸ਼ੀਆਈ ਖੇਡਾਂ ਵਰਗੇ ਵੱਡੇ ਈਵੈਂਟਾਂ ਵਿੱਚ ਕੀਤੇ ਪ੍ਰਦਰਸ਼ਨ ਬਾਰੇ ਵੀ ਖਿਡਾਰੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਹੋਣ ਦਾ ਸੱਦਾ ਦਿੱਤਾ।

ਖੇਡਾਂ ਨਾਲ ਜਿੱਥੇ ਅਸੀਂ ਸਰੀਰਕ ਤੌਰ ਤੇ ਤੰਦਰੁਸਤ ਰਹਾਂਗੇ ਉੱਥੇ ਅਸੀਂ ਦਿਮਾਗੀ ਤੌਰ ਤੇ ਫਿੱਟ ਰਹਾਂਗੇ। ਉਨ੍ਹਾਂ ਨੇ ਭਾਰਤ ਸਰਕਾਰ ਵੱਲੋਂ ਮੇਜਰ ਧਿਆਨ ਚੰਦ ਦੇ ਨਾਂ ਤੇ ਰਾਸ਼ਟਰੀ ਖੇਡ ਦਿਵਸ ਦੇ ਐਲਾਨ ਲਈ ਸਰਕਾਰ ਦਾ ਧੰਨਵਾਦ ਕੀਤਾ। ਇਸ ਵੈਬੀਨਾਰ ਵਿੱਚ ਜਗਰੂਪ ਸਿੰਘ ਜਰਖੜ ਨੇ ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਭਾਰਤ ਸਰਕਾਰ ਕੋਲੋਂ ਭਾਰਤ ਰਤਨ ਐਵਾਰਡ ਦੇਣ ਦੀ ਮੰਗ ਕਰਦਿਆਂ ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਦੀਆ ਖੇਡ ਪ੍ਰਾਪਤੀਆਂ ਬਾਰੇ ਬੋਲਦਿਆਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਹਾਕੀ ਇੰਡਿਆ ਤੋਂ ਮਾਨਤਾ ਪ੍ਰਾਪਤ ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਦੀ ਟੀਮ ਸਟੇਟ ਪੱਧਰ ਅਤੇ ਰਾਸ਼ਟਰੀ ਪੱਧਰ ਤੇ ਚੰਗਾ ਪ੍ਰਦਰਸ਼ਨ ਕਰ ਰਹੀ ਹੈ ।

ਇਸ ਅਕੈਡਮੀ ਦੇ ਖਿਡਾਰੀਆਂ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ, ਅੰਤਰ ਕਾਲਜ, ਸਟੇਟ ਸਕੂਲ ਖੇਡਾਂ ਵਰਗੇ ਟੂਰਨਾਮੈਂਟਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਈ ਤਗਮੇ ਜਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਜਰਖੜ ਅਕੈਡਮੀ ਵੱਲੋਂ ਹਰ ਸਾਲ ਹਾਕੀ ਦੇ ਜਾਦੂਗਰ ਮੇਜਰ ਧਿਆਨ ਧਿਆਨ ਚੰਦ ਦੀ ਯਾਦ ਨੂੰ ਸਮਰਪਿਤ ਹਰ ਸਾਲ ਹਾਕੀ ਮੈਚ ਕਰਵਾਇਆ ਜਾਂਦਾ ਹੈ। ਅੱਜ ਦਾ ਮੈਚ ਜਰਖੜ ਖੇਡ ਸਟੇਡੀਅਮ ਵਿੱਚ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਹਾਕੀ ਹੀਟਿੰਗ ਦਾ ਮੁਕਾਬਲਾ ਕਰਵਾਇਆ ਗਿਆ।

ਇਹ ਮੈਚ ਜਰਖੜ ਅਕੈਡਮੀ ਤੇ ਘਵੱਦੀ ਸਕੂਲ ਦੇ ਖਿਡਾਰੀਆਂ ਵਿਚਕਾਰ ਖੇਡਿਆ ਗਿਆ। ਜਰਖੜ ਅਕੈਡਮੀ ਦੀ ਟੀਮ 16-15 ਨਾਲ ਜੇਤੂ ਰਹੀ।ਇਸ ਮੌਕੇ ਹਾਕੀ ਦੇ ਜਾਦੂਗਰ ਧਿਆਨ ਚੰਦ ਦੇ ਸਟੇਡੀਅਮ ਵਿੱਚ ਸਥਾਪਤ ਆਦਮ ਕੱਦ ਬੁੱਤ ਦੇ ਉੱਤੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੇ ਫੁੱਲ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਦ ਕਿ ਉਨ੍ਹਾਂ ਦੀ ਯਾਦ ਵਿੱਚ ਕਰਵਾਏ ਗਏ ਇਸ ਵੈਬੀਨਾਰ ਦਾ ਸਿੱਧਾ ਪ੍ਰਸਾਰਨ “ਖੇਡ ਮੈਦਾਨ ਬੋਲਦਾ ਹੈ” ਚੈਨਲ ਉੱਪਰ ਕੀਤਾ ਗਿਆ।ਇਸ ਸਪੋਰਟਸ ਵੈਬੀਨਾਰ ਨੂੰ ਜਗਦੀਪ ਸਿੰਘ ਕਾਹਲੋਂ ਨੇ ਹੋਸਟ ਕੀਤਾ।

ਇਸ ਮੌਕੇ ਅਰਜੁਨ ਅਵਾਰਡੀ ਅਮਰ ਸਿੰਘ ,ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਮਨਿੰਦਰਪਾਲ ਸਿੰਘ, ਅਰਜੁਨ ਅਵਾਰਡੀ ਕ੍ਰਿਪਾਸ਼ੰਕਰ ਬਿਸ਼ਨੋਈ, ਉਮਾਸ਼ੰਕਰ, ਗੁਰਸਤਿੰਦਰ ਸਿੰਘ ਪ੍ਰਗਟ, ਯਾਦਵਿੰਦਰ ਸਿੰਘ ਤੂਰ, ਅੰਤਰਰਾਸ਼ਟਰੀ ਕਬੱਡੀ ਖਿਡਾਰੀ ਬਿੱਕਰ ਸਿੰਘ ਜਗਦੇਵ ਸਿੰਘ ਜਰਖੜ ਤਜਿੰਦਰ ਸਿੰਘ ਜਰਖੜ, ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਰਾਜਿੰਦਰ ਸਿੰਘ ਜਰਖੜ ਲਖਵੀਰ ਸਿੰਘ ਜਰਖੜ , ਗੁਰਦੀਪ ਸਿੰਘ ਜਰਖੜ, ਸਰਬਜੀਤ ਸਿੰਘ ਸਾਬੀ ਦਲਵੀਰ ਸਿੰਘ ਜਰਖੜ ਅਤੇ ਵੱਡੀ ਗਿਣਤੀ ਵਿੱਚ ਖਿਡਾਰੀ, ਕੋਚ ਸਾਹਿਬਾਨ, ਖਿਡਾਰੀਆਂ ਦੇ ਮਾਪੇ ਇਸ ਪ੍ਰੋਗਰਾਮ ਅਤੇ ਇਸ ਵੈਬੀਨਾਰ ਵਿੱਚ ਸ਼ਾਮਿਲ ਹੋਏ।

# ਰਹਿਮਤ- ਬੀਬੀ



ਪੱਤਰਕਾਰ ਜਦ ਡੋਗਰ ਨੂੰ ਸੀ ਪਤਾ ਮੇਰੇ ਬਾਰੇ ਲੱਗਿਆ
ਦੇਰ ਨਾਂ ਕੀਤੀ ਟੀਮ ਲੈ ਕੇ ਸਾਰੀ ਸਿੱਧਾ ਘਰ ਆਣ ਵੱਜਿਆ
ਦੱਸਦੇ ਭੂਆ ਹੁਣ ਤੂੰ ਮੈਨੂੰ ਉਥੋਂ ਕਿੱਦਾਂ ਬਚ ਕੇ ਆਈ
ਫਿਰ ਰਹਿਮਤ ਬੀਬੀ ਪੱਤਰਕਾਰ ਕੋਲੇ ਲੱਗੀ ਦੇਣ ਦੁਹਾਈ।

ਪਿੰਡ ਘੋਲੀਏ ਜੰਮੀ ਪਲੀ ਮੈਨੂੰ ਆਖਰ ਛੱਡਣਾ ਪੈ ਗਿਆ
ਪੁੱਤ ਤਰਸ ਗਈ ਹਾਂ ਦੇਖਣ ਨੂੰ ਮੇਰਾ ਸੁਪਨਾ ਬਣ ਕੇ ਰਹਿ ਗਿਆ
ਧੰਨਵਾਦ ਜਗਮੇਲ, ਨਾਜਰ ਦਾ ਜੀਹਨੇ ਸਾਡੀ ਜਾਨ ਬਚਾਈ
ਰਹਿਮਤ ਬੀਬੀ ਪੱਤਰਕਾਰ ਕੋਲੇ ਲੱਗੀ ....

ਇੰਦਰ ਮਾਰਦਾ ਡਾਕੇ ਸੀ ਪਰ ਸਾਨੂੰ ਕੁਝ ਨਾ ਕਹਿੰਦਾ
ਪਿੰਡ 'ਚ ਕੀਤਾ ਕੰਮ ਨਾ ਮਾੜਾ ਨਾ ਉਹ ਟਿਕ ਕੇ ਬਹਿੰਦਾ
ਇਹੋ ਜਿਹੇ ਸਦਾ ਸੂਰਮੇ ਘੱਟ ਹੀ ਜੰਮਦੇ ਸੱਚੀ ਗੱਲ ਸੁਣਾਈ
ਰਹਿਮਤ ਬੀਬੀ ਪੱਤਰਕਾਰ ਕੋਲੇ ਲੱਗੀ ....

ਕਿਵੇਂ ਚਾਚੇ ਮੇਰੇ ਨੇ ਮਸਜਿਦ ਲਈ ਜਾ ਦਿੱਲੀ ਡੇਰੇ ਲਾਏ
ਲੈ ਕੇ ਮੁੜਿਆ ਆਡਰ ਉਥੋਂ ਆ ਕੇ ਲੋਕਾਂ ਫਿਰ ਦਿਖਾਏ
ਖੋਲ੍ਹ ਦਿੱਤੇ ਦਰਵਾਜ਼ੇ ਪਿੰਡ ਨੇ ਮਸਜਿਦ ਖੂਬ ਬਣਾਈ
ਰਹਿਮਤ ਬੀਬੀ ਪੱਤਰਕਾਰ ਕੋਲੇ ਲੱਗੀ ....

ਪੁੱਤ ਸੰਨ ਸੰਤਾਲੀ ਕਾਹਦਾ ਆਇਆ ਤੁਰ ਗਿਆ ਅੱਗ ਤਾਂ ਲਾ ਕੇ
ਉੱਜੜ ਗਏ ਘਰ ਵੱਸਦੇ ਜਿਹੜੇ ਬਹਿ ਗਏ ਢੇਰੀ ਢਾਹ ਕੇ
ਤਾਹੀਉਂ 'ਦੇਵ ਘੋਲੀਆ' ਪਿੱਟਦਾ ਫਿਰਦਾ ਕੀਹਨੇ ਜ਼ਹਿਰ ਮਿਲਾਈ
ਕਿਵੇਂ ਰਹਿਮਤ ਬੀਬੀ ਪੱਤਰਕਾਰ ਕੋਲੇ ਲੱਗੀ ਦੇਣ ਦੁਹਾਈ।



**– ਦੇਵ ਘੋਲੀਆ ਖੁਰਦ**
**(559-232-7764)**

# ਮੇਰੇ ਮਨਭਾਉਂਦੇ ਅਧਿਆਪਕ ਨੇ ਸਿਖਾਇਆ 'ਡਰ ਦੇ ਅੱਗੇ ਜਿੱਤ ਹੈ'

ਸੰਸਥਾ ਵਿੱਚ ਸਾਡੀ ਕਲਾਸ ਵਿਚ ਭਾਵੇਂ ਮੈਂ ਸਭਤੋਂ ਛੋਟੀ ਉਮਰ ਦੀ ਸੀ,ਪਰ ਮੇਰੇ ਵਿਚ ਹੌਸਲਾ ਸੀ ਕੁਝ ਕਰਨ ਦਾ । ਇਸ ਦੇ ਨਾਲ ਨਾਲ ਮੈਨੂੰ ਡਰ ਵੀ ਰਿਹਾ ਹਮੇਸ਼ਾ ,ਕਿ ਕਿੱਧਰੇ ਗ਼ਲਤ ਨਾ ਹੋ ਜਾਵੇ। ਹਰ ਚੀਜ਼ ਨੂੰ ਲੈ ਕੇ ਮੈਨੂੰ ਡਰ ਰਹਿੰਦਾ ਸੀ, ਚਾਹੇ ਉਹ ਪੇਪਰ ਹੋਣ ,ਚਾਹੇ ਪ੍ਰੈਕਟਿਕਲ। ਪੇਪਰ ਹੋਣ ਤੋਂ ਪਹਿਲਾਂ ਪੂਰੀ ਰਾਤ ਦੇਰ ਤੱਕ ਪੜ੍ਹਦੇ ਰਹਿਣਾ, ਕਿ ਕਿੱਧਰੇ ਪੇਪਰ ਵਿੱਚ ਭੁੱਲ ਨਾ ਜਾਵਾਂ । ਪ੍ਰੈਕਟਿਕਲ ਵਿਚ ਹਮੇਸ਼ਾ ਡਰ ਰਹਿੰਦਾ ਸਰ ਕਿਹੜਾ ਪ੍ਰਸ਼ਨ ਪੁੱਛਣਗੇ ਕਿਤੇ ਜੇ ਨਾ ਆਇਆ ਤਾਂ ਕੀ ਹੋਵੇਗਾ। ਭਵਿੱਖ ਦੀ ਆਸ ਕਦਰ ਚਿੰਤਾ ਕਰਕੇ ਮੈਂ ਕੁਝ ਸਮਾਂ ਵੀ ਬਿਮਾਰ ਰਹੀ। ਛੋਟੀ-ਛੋਟੀ ਗੱਲਾਂ ਤੋਂ ਘਬਰਾ ਜਾਂਦੀ । ਮੈਂ ਕੁਝ ਨਵਾਂ ਕਰਨਾ ਚਾਹੁੰਦੀ ਸੀ, ਹਮੇਸ਼ਾ ਮੇਰੇ ਦਿਲ ਵਿਚ ਇਕ ਤਮੰਨਾ ਰਹੀਂ ਹੈ ਕਿ ਮੇਰੀ ਜਾਣ ਪਹਿਚਾਣ, ਜਾਂ ਸਿਫਾਰਸ਼ ਕਦੇ ਨਾ ਕਰਵਾਈ ਜਾਵੇ, ਮੈਂ ਆਪਣੀ ਪਹਿਚਾਣ ਖੁਦ ਕਾਇਮ ਕਰਨਾ ਚਾਹੁੰਦੀ ਸੀ। ਕਿਉਂਕਿ ਮੈਂ ਜਾਣਦੀ ਸੀ, ਦੂਜਿਆਂ ਦੇ ਸਹਾਰੇ ਖੜ੍ਹਿਆ ਇਨਸਾਨ ਜ਼ਿਆਦਾ ਦੇਰ ਉਡ ਨਹੀਂ ਸਕਦਾ,ਉਹ ਡਿੱਗਦਾ ਮੂੰਹ ਦੇ ਵਲ਼ ਹੈ। ਇਸ ਕਰਕੇ ਮੈਂ ਹਮੇਸ਼ਾ ਚਾਹੁੰਦੀ ਸੀ ਮੈਂ ਕੁਝ ਨਵਾਂ ਕਰ ਸਕਾਂ ਪਰ ਮੇਰੇ ਡਰ ਨੇ ਮੇਰੀ ਹਰ ਕਲਾ ਨੂੰ ਕੁਝ ਸਮੇਂ ਇਸ ਕਦਰ ਦਬਾਅ ਕੇ ਰੱਖਿਆ ਕਿ ਨਾ ਤਾਂ ਮੇਰੇ ਪਹਿਲੇ ਸਾਲ ਦੇ ਪੇਪਰ ਵਧੀਆ ਹੋਏ ਤੇ ਨਾ ਹੀ ਮੇਰੀ ਸਿਹਤ ਸਹੀ ਰਹਿੰਦੀ ਸੀ। ਮੈਨੂੰ ਮੇਰੇ ਅਧਿਆਪਕ ਡਾ.ਬੂਟਾ ਸਿੰਘ ਸੇਖੋਂ ਸਰ ਨੇ ਇਕ ਅਖ਼ਬਾਰ ਦੀ ਈ-ਮੇਲ ਨੋਟ ਕਰਵਾਈ ਤੇ ਕਿਹਾ "ਪੁੱਤ ਤੂੰ ਇਸ ਤੇ ਆਪਣੀ ਰਚਨਾਵਾਂ ਭੇਜਿਆ ਕਰ" ਮੈਂ ਵੱਖ ਵੱਖ ਈਮੇਲ ਤੇ ਰਚਨਾਵਾਂ ਭੇਜੀਆਂ ।ਤੇ ਇਸ ਤਰ੍ਹਾਂ ਮੇਰਾ ਅਖ਼ਬਾਰਾਂ ਵਿਚ ਛਪਣ ਦਾ ਸਫ਼ਰ ਸ਼ੁਰੂ ਹੋਇਆ। ਡਾ.ਬੂਟਾ ਸਰ ਨੇ ਜੀਵਨ ਵਿਚ ਜਿੰਨੀਂ ਮਿਹਨਤ ਤੇ ਜਿੰਨੀਆਂ ਪ੍ਰਾਪਤੀਆਂ ਕੀਤੀਆਂ, ਨੂੰ ਦੇਖ ਕੇ ਮਨ ਵਿਚ ਇਕ ਤਾਂਘ ਉੱਠੀ ਕਿ ਜਦੋਂ ਮੇਰੇ ਅਧਿਆਪਕ ਕਰ ਸਕਦੇ



ਨੇ, ਤਾਂ ਮੈਂ ਕਿਉਂ ਨਹੀਂ। ਮੇਰੇ ਮਨ ਦੇ ਡਰ ਨੇ ਮੈਨੂੰ ਬਹੁਤ ਡਰਾ ਲਿਆ ਹੁਣ ਹੋਰ ਨਹੀਂ। ਇਥੋਂ ਤੱਕ ਕਿ ਜੋ ਅਧਿਆਪਕ ਮੇਰੇ ਤੋਂ ਆਸ ਰੱਖੀ ਬੈਠੇ ਸੀ ਇਸ ਡਰ ਕਰਕੇ ਉਹਨਾਂ ਨੇ ਵੀ ਮੇਰੇ ਤੋਂ ਮੂੰਹ ਮੋੜ ਲਿਆ। ਮੈਂ ਉਹਨਾਂ ਨੂੰ ਬਹੁਤ ਯਕੀਨ ਦਿਵਾਉਣ ਦੀ ਕੋਸ਼ਸ਼ ਕੀਤੀ ਪਰ ਕਹਿੰਦੇ ਹਨ ਵਿਅਕਤੀ ਦੇ ਉੱਠਦੇ ਨੂੰ ਦੇਖ ਕੇ ਸਾਰੇ ਉਸਦੇ ਨਾਲ ਖੜ੍ਹੇ ਹੋ ਜਾਂਦੇ ਹਨ,ਪਰ ਵਿਅਕਤੀ ਡਿੱਗਦਾ ਹੈ ਉਸ ਨੂੰ ਚੁੱਕਣ ਵਾਲਾ ਕੋਈ ਹੀ ਹੁੰਦਾ ਹੈ। ਡਰ ਪਛਾੜਣ ਲਈ ਮੈਂ ਹਰ ਰੋਜ਼ ਸਟੇਜ ਤੇ ਚੜ੍ਹਨ ਲੱਗੀ ਕੁਝ ਨਾ ਕੁਝ ਜ਼ਰੂਰ ਸੁਣਾ ਕੇ ਆਉਂਦੀ । ਬੂਟਾ ਸਰ ਜੀ ਨੇ ਹਮੇਸ਼ਾ ਮੇਰੀ ਇਸ ਹੌਸਲੇ ਦੀ ਤਾਰੀਫ਼ ਕੀਤੀ ਤੇ ਇਸ ਤਾਰੀਫ਼ ਤੇ ਹੌਸਲਾ ਅਫ਼ਜ਼ਾਈ ਨਾਲ ਮੈਂ ਆਪਣੇ ਡਰ ਤੇ ਜਿੱਤ ਪਾਉਣ ਲਈ ਕਾਮਯਾਬ ਰਹੀ ਹਾਂ ।ਹੁਣ ਮੈਨੂੰ ਜੇਕਰ ਕੋਈ ਅਸੰਭਵ ਕੰਮ ਲਈ ਵੀ ਕਹਿ ਦਿੰਦਾ ਹੈ ਤੇ ਜੇਕਰ ਮੈਂ ਉਸ ਕੰਮ ਨੂੰ ਕਰਨਾ ਚਾਹੁੰਦੀ ਹੋਵਾਂ ਤਾਂ ਮੈਂ ਕਦੇ ਉਸ ਕੰਮ ਜਵਾਬ ਨਹੀਂ ਦਿੰਦੀ। ਕਿਉਂਕਿ ਮੈਨੂੰ ਪਤਾ ਹੈ ਡਰ ਦੇ ਅੱਗੇ ਜਿੱਤ ਹੈ। ਮੈਂ ਆਪਣੇ ਮਨਭਾਉਂਦੇ ਅਧਿਆਪਕ ਡਾ.ਬੂਟਾ ਸਿੰਘ ਸੇਖੋਂ ਬਾਰੇ ਕੁਝ ਹੋਰ ਵੀ ਦੱਸਣਾ ਚਾਹੁੰਦੀ ਹਾਂ ਉਹ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਤਾਂ ਹੈ ਹੀ ਹਨ, ਪਰ ਉਹਨਾਂ ਦੇ ਅਗਵਾਈ ਕਰਨ ਦਾ ਤਰੀਕਾ ਇਸ ਤਰ੍ਹਾਂ ਹੈ ਕਿ ਕੰਮ ਕੰਮ ਨਹੀਂ ਲੱਗਦਾ ਖੇਡ ਲੱਗਦਾ ਹੈ। ਉਹਨਾਂ ਦੀ ਦਿੱਤੀ ਪ੍ਰੇਰਨਾ ਹਰ ਅਗਲੀ ਦੌੜ ਲਈ ਹੌਸਲਾ ਹੁੰਦੀ ਹੈ।

ਅੱਜ ਅਧਿਆਪਕ ਦਿਵਸ ਦੇ ਮੌਕੇ ਤੇ ਮੈਂ ਉਹਨਾਂ ਅਧਿਆਪਕ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਦੇਣਾ ਚਾਹੁੰਦੀ ਹਾਂ ਅਤੇ ਬਹੁਤ ਬਹੁਤ ਧੰਨਵਾਦ ਕਰਦੀ ਹਾਂ ਮੇਰੇ ਹੌਸਲਿਆਂ ਨੂੰ ਬੁਲੰਦ ਕਰਨ ਲਈ ,ਦੱਸਣ ਲਈ ਕਿ ਡਰ ਦੇ ਅੱਗੇ ਜਿੱਤ ਹੈ।

**ਲੇਖਕ-ਪੂਜਾ ਰਾਣੀ**
**91-74010-00274**

# ਕਾਹਦੀਆਂ ਅਜਾਦੀਆਂ

ਹਾਲੇ ਤੱਕ ਡੋਰ ਹੱਥ ਗੈਰਾਂ ਦੇ, ਬੈਠੇ ਕੋਹਾਂ ਦੂਰ ਆਪਾਂ ਰਾਜ ਭਾਗ ਤੋਂ
ਕਾਹਦੀਆਂ ਅਜਾਦੀਆਂ ਨੇ ਦੋਸਤੋ, ਦੱਸੋ ਸਿੱਖਿਆ ਕੀ ਆਪਾਂ ਬਾਬਾ ਸਾਹਬ ਤੋਂ

ਉੱਠੋ ਗਹਿਰੀ ਨੀਂਦ ਨੂੰ ਤਿਆਗ ਕੇ, ਸੁੱਤਿਆਂ ਦੇ ਬੀਤੇ ਕਈ ਜੁੱਗ ਨੇ
ਕੰਡੇ ਐਨੇ ਵੈਰੀ ਨੇ ਖਿਲਾਰ ਤੇ, ਔਖੇ ਹੋ ਜਾਣੇ ਰਾਹਾਂ ਵਿਚੋਂ ਚੁੱਗਣੇ
ਜੇ ਇਕ ਝੰਡੇ ਥੱਲੇ ਕੱਠੇ ਹੋਏ ਨਾ, ਆਪਾਂ ਮਰ ਜਾਣਾ ਬਿਨਾ ਹੀ ਇਲਾਜ ਤੋਂ
ਕਾਹਦੀਆਂ ਅਜਾਦੀਆਂ ਨੇ .....

ਜੋ ਵੋਟਾਂ ਲੁੱਟ ਲੈਣ ਰਾਜ ਗੱਦੀਆਂ, ਰੱਖੀਂ ਯਾਦ ਏਹ ਕਦੇ ਨਾ ਮਿੱਤ ਹੋਣਗੇ
ਜੇ ਤੁਰਿਆ ਨਾ ਹਾਲੇ ਵੀ ਤੂੰ ਸਾਥੀਆ, ਕਿੰਝ ਦਿੱਲ੍ਹੀ ਵਾਲੇ ਕਿਲ੍ਹੇ ਜਿੱਤ ਹੋਣਗੇ
ਖੁਦ ਅਕਲਾਂ ਨੂੰ ਹੱਥ ਮਾਰੋ ਬੈਠ ਕੇ, ਖੋਹਵੇ ਹੱਕ ਨਾ ਕੋਈ ਆਪਣੇ ਸਮਾਜ ਤੋਂ
ਕਾਹਦੀਆਂ ਅਜਾਦੀਆਂ ਨੇ .....

ਖੋਹਕੇ ਵੈਰੀ ਸਾਡੇ ਸਾਡੀਆਂ ਹੀ ਤਾਕਤਾਂ, ਸਾਨੂੰ ਉਲਟ ਪੜ੍ਹਾਉਂਦੇਰੈਹੇ ਪੱਟੀਆਂ
ਕੀਤਾ ਤਹਿਸ ਨਹਿਸ ਸਾਡੇ ਇਤਿਹਾਸ ਨੂੰ, ਮਨਘੜ੍ਹਤ ਬਣਾ ਕੇ ਗੱਲਾਂ ਦੱਸੀਆਂ
ਛੱਡੋ ਧਰਮਾਂ ਦੀ ਆੜ ਵਿਚ ਲੜਨਾ, ਕੰਮ ਲੈਣਾ ਸਿੱਖੋ ਆਪਣੇ ਦਿਮਾਗ ਤੋਂ
ਕਾਹਦੀਆਂ ਅਜਾਦੀਆਂ ਨੇ .....

ਮੂੰਹ ਬੰਨ੍ਹੇ ਹੋਏ ਖੋਹਲ ਲਵੋ ਆਪਣੇ, ਦੱਸੋ ਕਿੰਨਾ ਚਿਰ ਹੋਰ ਬੰਦ ਰੱਖਣੇ
ਹੁਣ ਕਰ ਲਓ ਕਰਾਰੇ ਹੱਥ 'ਚੁੰਬਰਾ' ਜੇ ਕੀਲੇ ਮਨੂੰ ਰਾਜ ਵਾਲੇ ਪੁੱਟਣੇ
ਭਾਜੀ ਮੋੜ ਝੋਲੀ ਪਾ ਦਿਓ ਦੁੱਗਣੀ, ਹੁਣ ਡਰਨਾ ਕੀ ਮੂਲ ਤੇ ਵਿਆਜ ਤੋਂ
ਕਾਹਦੀਆਂ ਅਜਾਦੀਆਂ ਨੇ .....



**– ਕੁਲਦੀਪ ਚੁੰਬਰ** 91-98151-37254

# ਦਰਦ-ਏ-ਪਿਆਰ

ਸਦੀਆਂ ਪਿੱਛੋਂ ਮੌਕਾ ਮਿਲਿਆ,
ਗਲੀ ਤੇਰੀ ਫੇਰਾ ਪਾਉਣ ਲਈ।
ਤੂੰ ਤਾਂ ਸਾਨੂੰ ਮਾਰ ਦਿੱਤਾ ਸੀ,
ਆਪਣਾ ਆਪ ਵਸਾਉਣ ਲਈ।
ਹਾਲੇ ਤੱਕ ਤੇਰੀ ਯਾਦ ਨੂੰ ਰੱਖਿਆ,
ਸੀਨੇ ਨਾਲ ਲਗਾਉਣ ਲਈ।
ਤੈਨੂੰ ਤਾਂ ਅਸੀਂ ਕਿਹਾ ਨਾਂ ਮਾੜਾ,
ਆਪਣੇ ਦਰਦ ਹੰਢਾਉਣ ਲਈ।
ਅਜੇ ਵੀ ਕਰਗਿਆਂ ਕੁਤਲਬੰਦੀਆਂ,
ਸਾਡਾ ਦਿਲ ਦੁਖਾਉਣ ਲਈ।
ਅੱਖਾਂ ਵਿੱਚ ਤੂੰ ਹੰਝੂ ਰੋਕੇ,
ਸਾਡੇ ਕੋਲ ਵਹਾਉਂਣ ਲਈ।
ਹੁਣ ਤੈਨੂੰ ਕੋਈ ਹੋਰ ਨਾਂ ਲੱਭਾ,
ਆਪਣਾਂ ਦਰਦ ਸੁਣਾਉਣ ਲਈ।
ਰਾਹ ਵਿੱਚ ਸਾਡੇ ਫੁੱਲ ਵਿੱਛਾ ਤੇ,
ਆਪਣਾਂ ਪਿਆਰ ਜਿਤਾਉਣ ਲਈ।
ਫੁੱਲਾਂ ਦੇ ਨਾਲ ਕੰਡੇ ਸੁੱਟਤੇ,
ਪੈਰਾਂ ਵਿੱਚ ਚੁਭੋਣ ਲਈ।
ਸੰਧੂ ਫੇਰ ਵੀ ਸੀ ਨਾਂ ਕੀਤੀ,
ਤੇਰੀ ਲੱਜ ਬਚਾਉਣ ਲਈ।

**– ਸ਼ਿਨਾਗ ਸਿੰਘ ਸੰਧੂ**
**91-97816-93300**



# ਵਿੱਦਿਅਕ ਤੇ ਸਾਹਿਤਕ ਚਾਨਣ ਨਾਲ ਸਮਾਜ ਨੂੰ ਰੁਸ਼ਨਾਉਂਦੀ : ਲੈਕਚਰਾਰ ਸੁਖਵਿੰਦਰ ਕੌਰ

ਲੰਬੇ ਸਮੇਂ ਤੋਂ ਜਿਲਾ ਗੁਰਦਾਸਪੁਰ ਦੇ ਬਾਰਡਰ ਏਰੀਏ ਵਿੱਚ ਅਧਿਆਪਕਾ ਦੀ ਡਿਊਟੀ ਨਿਭਾਉਣ ਦੇ ਨਾਲ-ਨਾਲ ਚੁਪ-ਚੁਪੀਤੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਕਿਤਾਬਾਂ-ਕਾਪੀਆਂ, ਫੀਸਾਂ ਅਤੇ ਵਰਦੀਆਂ ਆਦਿ ਵਿਚ ਹਰ ਵੇਲੇ ਮਦਦ ਕਰਨ ਲਈ ਤਤਪਰ ਰਹਿਣ ਵਾਲੇ, ਵਿਭਾਗ ਵਿਚ ਸਮਾਜ-ਸੇਵਿਕਾ ਵਜੋਂ ਹਰਮਨ ਪ੍ਰਿਯਤਾ ਖੱਟ ਚੁੱਕੇ ਲੈਕਚਰਾਰ ਸੁਖਵਿੰਦਰ ਕੌਰ ਜੀ ਆਪਣੀ ਮਿਸਾਲ ਆਪ ਹਨ। ਸਿਖਿਆ ਵਿਭਾਗ ਵਿੱਚ ਸਿਲੇਬਸ ਕਮੇਟੀ ਦੇ ਮੈਂਬਰ, ਜਿਲਾ ਕੈਰੀਅਰ ਰਿਸੋਰਸ ਪਰਸਨ, ਜਿਲਾ ਰਿਸੋਰਸ ਪਰਸਨ (ਰਾਜਨੀਤੀ ਸ਼ਾਸਤਰ) ਤੋਂ ਇਲਾਵਾ ਆਪ ਵਿਦਿਅਕ ਅਤੇ ਸਭਿਆਚਾਰਕ ਕਮੇਟੀ ਦੇ ਮੈਂਬਰ ਵੀ ਹਨ। ਔਨਲਾਇਨ ਪੜਾਈ ਦੇ ਤਹਿਤ ਇਹਨਾਂ ਦੇ ਬਹੁਤ ਸਾਰੇ ਲੈਕਚਰ ਦੋਆਬਾ ਰੇਡੀਓ ਤੇ ਪ੍ਰਸਾਰਿਤ ਹੋ ਚੁਕੇ ਹਨ। ਸੀ. ਸੀ. ਆਰ. ਟੀ. ਦੇ ਪ੍ਰੋਗਰਾਮ ਵਿਚ ਆਪ ਪੰਜਾਬ ਰਾਜ ਦੀ ਪ੍ਰਤੀਨਿਧਤਾ ਕਰ ਚੁਕੇ ਹਨ।





ਜੇਕਰ ਸੁਖਵਿੰਦਰ ਦੇ ਸਾਹਿਤਕ ਖੇਤਰ ਦੀ ਗੱਲ ਕਰੀਏ ਤਾਂ ਆਪ ਕਵਿਤਾਵਾਂ, ਮਿੰਨੀ ਕਹਾਣੀਆਂ ਅਤੇ ਚਲੰਤ ਮਾਮਲਿਆਂ ਤੇ ਲੇਖ ਆਦਿ ਕਾਫ਼ੀ ਲੰਬੇ ਸਮੇਂ ਤੋਂ ਲਿਖਦੇ ਅਤੇ ਅਖ਼ਬਾਰਾਂ ਵਿਚ ਛਪਵਾਉਂਦੇ ਆ ਰਹੇ ਹਨ। ਉਨਾਂ ਦੀ ਆ ਰਹੀ ਪੁਸਤਕ ਦੀ ਕਵਿਤਾ ਜ਼ਿੰਦਗੀ 'ਚੋਂ ਦੋ ਸਤਰਾਂ ਦੇਖੋ-

''ਜ਼ਿੰਦਗੀ ਸੋਹਣਾ ਹਰਫ ਏ।
ਜ਼ਿੰਦਗੀ ਦਾ ਕੋਈ ਅਰਥ ਏ।
ਜ਼ਿੰਦਗੀ ਜ਼ਿੰਦਾਦਿਲੀ ਦਾ ਨਾਂ ਏ,
ਉਨਾਂ ਲਈ ਜੋ ਜਿਉਂਦੇ ਨੇ, ਕੱਟਦੇ ਨਹੀਂ।
ਜ਼ਿੰਦਗੀ ਖੁੱਲੀ ਕਿਤਾਬ ਵਾਂਗ ਜੀਅ।
ਜ਼ਿੰਦਗੀ ਪੀਤੀ ਸ਼ਰਾਬ ਵਾਂਗ ਜੀਅ।''

ਜਿੱਥੇ ਆਪ ਅਨੇਕਾਂ ਲੋਕਲ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਨਾਲ ਜੁੜੇ ਹੋਏ ਹਨ, ਉਥੇ ਜਗਤ ਪੰਜਾਬੀ ਸਭਾ ਕਨੇਡਾ ਅਤੇ ਓਂਟਾਰੀਓ ਫ੍ਰੈਂਡਜ ਕਲੱਬ ਕਨੇਡਾ ਦੇ ਵੀ ਆਪ ਮੈਂਬਰ ਹਨ। ਸਮਾਜ ਸੇਵਾ ਦੇ ਖੇਤਰ ਦੀ ਜੇਕਰ ਗਲ ਕਰੀਏ ਤਾਂ ਆਪ ਸੰਕਲਪ ਵੈਲਫੇਅਰ ਸੁਸਾਇਟੀ ਦੇ ਉਪ ਚੇਅਰਪਰਸਨ ਹਨ। ਭਾਰਤ ਸਕਾਊਟ ਗਾਈਡ ਦੇ ਵਿਚ ਗਾਈਡ-ਕੈਪਟਨ ਹੋਣ ਦੇ ਨਾਤੇ ਬਹੁਤ ਸੈਮੀਨਾਰ ਅਤੇ ਕੈਂਪਾਂ ਵਿੱਚ ਭਾਗ ਲੈ ਚੁੱਕੇ ਹਨ।

ਸੁਖਵਿੰਦਰ ਦੀ ਮਾਨ-ਸਨਮਾਨ ਦੀ ਗੱਲ ਛਿੜੀ ਤਾਂ ਵੇਖਣ 'ਚ ਆਇਆ ਕਿ ਸੁਖਵਿੰਦਰ ਦੀ ਸਿਖਿਆ ਵਿਭਾਗ ਪੰਜਾਬ ਵਿੱਚ ਵਧੀਆ ਕਾਰ-ਗੁਜਾਰੀ ਦੀ ਕਦਰ ਪਾਉਂਦਿਆਂ ਜਿੱਥੇ ਸ਼੍ਰੀ ਕ੍ਰਿਸ਼ਨ ਕੁਮਾਰ ਜੀ (ਸਿਖਿਆ ਸਕੱਤਰ), ਉਨਾਂ ਨੂੰ ਸਨਮਾਨਿਤ ਕਰ ਚੁੱਕੇ ਹਨ, ਉਥੇ ਸ਼੍ਰੀ ਓ. ਪੀ. ਸੋਨੀ ਜੀ, ਸਿੱਖਿਆ ਮੰਤਰੀ ਵਲੋਂ ਵੀ ਸਟੇਟ ਪੱਧਰ ਤੇ ਪ੍ਰਸੰਸਾ-ਪੱਤਰ ਦੇ ਕੇ ਉਨਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਸ਼੍ਰੀ ਚੂਨੀ ਲਾਲ ਭਗਤ ਜੀ (ਪੰਜਾਬ ਰਾਜ ਮੰਤਰੀ), ਸ਼੍ਰੀ ਵਿਪੁਲ ਉਜਵਲ ਜੀ (ਡੀ. ਸੀ. ਗੁਰਦਾਸਪੁਰ), ਸ਼੍ਰੀ ਰੋਹਿਤ ਗੁਪਤਾ (ਐਸ. ਡੀ. ਐਮ. ਬਟਾਲਾ), ਸ਼੍ਰੀ ਸੰਦੀਪ ਸ਼ਰਮਾ, (ਡਾਇਰੈਕਟਰ ਸੀ. ਸੀ. ਆਰ. ਟੀ. (ਗੋਹਾਟੀKਆਸਾਮ), ਸ. ਓਂਕਾਰ ਸਿੰਘ ਜੀ (ਸਟੇਟ ਆਰਗੇਨਾਈਜ਼ਰ ਭਾਰਤ ਸਕਾਊਟ ਗਾਈਡ) ਅਤੇ ਸ਼੍ਰੀ ਜੈਕਬ ਤੇਜਾ ਜੀ (ਸੱਭਿਆਚਾਰ ਪਿੜ ਗੁਰਦਾਸਪੁਰ) ਆਦਿ ਅਨੇਕਾਂ ਸਖ਼ਸ਼ੀਅਤਾਂ ਵਲੋਂ ਵੀ ਉਹ ਸਨਮਾਨਿਤ ਹੋ ਚੁੱਕੀ ਹੈ। ਜ਼ਿਕਰ ਯੋਗ ਹੈ ਕਿ ਸੁਖਵਿੰਦਰ ਦੇ ਪੜਾਏ ਵਿਦਿਆਰਥੀ ਨਾ-ਸਿਰਫ ਉਚੇ ਅਹੁਦਿਆਂ ਤੇ ਬਿਰਾਜਮਾਨ ਹੀ ਹਨ, ਸਗੋਂ ਉਨਾਂ ਦਾ ਇਕ ਵਿਦਿਆਰਥੀ ਅੰਤਰਰਾਸ਼ਟਰੀ ਰਿੰਗ ਆਰਟਿਸਟ ਮਲਕੀਤ ਸਿੰਘ ਮੁੰਬਈ ਵਿਖੇ ਡਾਂਸ ਐਕਡਮੀ ਚਲਾ ਰਿਹਾ ਹੈ, ਜਿਥੇ ਬਚਿਆਂ ਤੋਂ ਬਿਨਾਂ ਨਾਮਵਰ ਸੈਲੀਬਿਰਟੀ ਗੌਹਰ ਖਾਨ ਅਤੇ ਬਾਣੀ ਕਪੂਰ ਵੀ ਡਾਂਸ ਸਿੱਖ ਰਹੀਆਂ ਹਨ। ਰੱਬ ਕਰੇ!

ਸਿਖਿਆ, ਸਾਹਿਤ, ਸਮਾਜ-ਸੇਵਾ ਅਤੇ ਸਭਿਆਚਾਰ ਦੀ ਸੱਚੀ-ਸੁੱਚੀ ਪਹਿਰੇਦਾਰ ਲੈਕਚਰਾਰ ਸੁਖਵਿੰਦਰ ਕੌਰ ਆਪਣੇ ਮਿਸ਼ਨ ਵਿਚ ਜੁਟੀ, ਕੋਹ-ਕੋਹ ਲੰਬੀਆਂ ਅਸੀਸਾਂ ਤੇ ਦੁਆਵਾਂ ਖੱਟਦੀ ਸ਼ੋਹਰਤ ਦੀਆਂ ਬੁਲੰਦੀਆਂ ਨੂੰ ਜਾ ਛੂਹਵੇ !



**ਪ੍ਰੀਤਮ ਲੁਧਿਆਣਵੀ**
**9876428641**

# ਚਾਨਣ

ਪੱਗ ਡੰਡੀ ਤੇ ਡਿੱਠੀ ਮੈਂ ਤੁਰੀ ਇਕ ਚਾਨਣ ਦੀ ਲੋਅ।
ਘੁੱਪ ਹਨੇਰੇ,ਚੜ੍ਹਦੇ ਵੇਲੇ ਇਹ ਕੌਣ ਸਕਦਾ ਸੀ ਹੋਅ?

ਅੱਧ ਕੱਜਿਆ ਪਿੰਡਾ ਉਹਦਾ ਤੇ ਸਿਰ ਚੁੱਕੀ ਪੰਡ ਭਾਰੀ,
ਡੱਕੇ ਡੋਲੇ ਖਾਂਦੀ ਤੁਰਦੀ ਉਹ ਵਿੱਚ ਬਿਪਤਾ ਦੀ ਮਾਰੀ।
ਘੋਰ ਹਨੇਰੇ ਵਿਚ ਦੇਖ ਕੇ ਉਹਨੂੰ ਰਾਹ ਰਿਹਾ ਸੀ ਰੋਅ,
ਪੱਗ ਡੰਡੀ ਤੇ ਡਿੱਠੀ ਮੈਂ ਤੁਰੀ ਇਕ ਚਾਨਣ ਦੀ ਲੋਅ।

ਰੰਗ ਕਾਲਾ ਜਿਹਾ ਵਾਂਗ ਹਨੇਰੇ ਫ਼ਰਕ ਨਾ ਕੋਈ ਜਾਪੇ,
ਦੁੱਖਾਂ ਦੇ ਵਿੱਚ ਡਿਗਦੀ ਢਹਿੰਦੀ ਰਾਗ ਕੋਈ ਅਲਾਪੇ।
ਭੁੱਖਾ ਪਿੰਜਰ ਮੰਗੇ ਉਹਦਾ ਖੜਣ ਦੇ ਲਈ ਵੀ ਢੋਅ,
ਪੱਗ ਡੰਡੀ ਤੇ ਡਿੱਠੀ ਮੈਂ ਤੁਰੀ ਇਕ ਚਾਨਣ ਦੀ ਲੋਅ।

ਪਿੰਡ ਮੇਰੇ ਦੀ ਮੰਜਿਲ ਲੰਬੀ ਉਹ ਸੋਚਾਂ ਦੇ ਵਿੱਚ ਡੁੱਬੀ,
ਭਾਰ ਚੁੱਕੇ ਦਿਸੇ ਨਾ ਕੁਝ ਵੀ ਚਿੱਕੜ ਵਿੱਚ ਜਾ ਖੁਬੀ।
ਨਾਲ ਪਸੀਨੇ ਤਨ ਤਾਂ ਜਾਪੇ ਜਿਵੇਂ ਰਹੀ ਹੈ ਉਹ ਧੋਅ,
ਪੱਗ ਡੰਡੀ ਤੇ ਡਿੱਠੀ ਮੈਂ ਤੁਰੀ ਇਕ ਚਾਨਣ ਦੀ ਲੋਅ।

ਦਿਲ ਦੁੱਖਦਾ ਡਾਢਾ ਯਾਰੋ ਇਸ ਮੰਜਿਲ ਵੱਲ ਤੱਕ ਕੇ,
ਜੇ ਖਤਮ ਨਾ ਕੀਤਾ ਚਿੱਕੜ ਤਾਂ ਰਹਿ ਜਾਵਾਂਗੇ ਫ਼ਸਕੇ।
ਦੂਰ ਦਲਿੱਦਰ ਤਾਂ ਹੀ ਹੋਣਾ ਜੇ ਚਾਨਣ ਲਈਏ ਪਰੋਅ,
ਪੱਗ ਡੰਡੀ ਤੇ ਡਿੱਠੀ ਮੈਂ ਤੁਰੀ ਇਕ ਚਾਨਣ ਦੀ ਲੋਅ।



# ਨਸ਼ੇੜੀ ਅੰਦਰ ਵੜ ਬੈਠੇ

ਇਕ ਗੱਲ ਹੋ ਗਈ ਕਰੋਨਾ ਤੇਰੇ ਤੋਂ ਚੰਗੀ ਬਾਕੀ ਸਭ ਕੰਮ ਮਾੜੇ,
ਨਸੇੜੀ ਅੰਦਰ ਵੜ ਬੈਠੇ ਰਹੇ ਚੁੱਪ ਚੁਪੀਤੇ ਤੇ ਮੁੱਕੇ ਕਈ ਪੁਆੜੇ ।
ਨਸ਼ੇ ਤਸਕਰ ਸਭ ਅਲੋਪ ਹੋ ਗਏ ਡਰਾ-ਡਰਾ ਉਹ ਵੀ ਅੰਦਰ ਵਾੜੇ ,
ਨਸੇੜੀ ਅੰਦਰ ਵੜ ਬੈਠੇ ਰਹੇ ਚੁੱਪ ਚੁਪੀਤੇ ਤੇ ਮੁੱਕੇ ਕਈ ਪੁਆੜੇ ।

ਚਿੱਟੇ ਵਾਲੇ ਕਿਤੇ ਨਾ ਰੜਕਣ ਪਏ ਬਿਸਤਰ ਤੇ ਕੱਢਦੇ ਨੇ ਹਾੜੇ,
ਘਰ ਵਾਲੇ ਉਨ੍ਹਾਂ ਦੇ ਸ਼ੁਕਰ ਮਨਾਵਣ ਹੁਣ ਪੁਲਿਸ ਨਾਂ ਗੇੜੇ ਮਾਰੇ ।
ਕਈ ਨੇਤਾਵਾਂ ਨੂੰ ਲੱਗੀ ਚਿੰਤਾ ਧੰਦੇ ਉਨ੍ਹਾਂ ਦੇ ਹੋ ਗਏ ਚੌਪਟ ਸਾਰੇ,
ਨਸੇੜੀ ਅੰਦਰ ਵੜ ਬੈਠੇ ਰਹੇ ਚੁੱਪ ਚੁਪੀਤੇ ਤੇ ਮੁੱਕੇ ਕਈ ਪੁਆੜੇ ।

ਅਧਮੋਏ ਹੋਏ ਫ਼ੀਮ, ਚਰਸ, ਗਾਂਜੇ ਵਾਲੇ ਨਸ਼ਾ ਨਾ ਮਿਲੇ ਪਿਆਰੇ,
ਸ਼ਰਾਬ ਬਿਨਾ ਅੱਧੇ ਲੋਕੀ ਪਾਈ ਦੁਹਾਈ ਠੇਕੇ ਖੁਲੇ ਤਾਂ ਦਿਲ ਠਾਰੇ ।
ਕਰਾਈਮ ਘਟਿਆ ਬੰਦ ਨਸ਼ੇ ਤੇ ਪੁਲਿਸ ਦੇ ਰਹੇ ਨਾ ਵਾਰੇ ਨਿਆਰੇ,
ਨਸੇੜੀ ਅੰਦਰ ਵੜ ਬੈਠੇ ਰਹੇ ਚੁੱਪ ਚੁਪੀਤੇ ਤੇ ਮੁੱਕੇ ਕਈ ਪੁਆੜੇ ।

ਰੰਗਲਾ ਚੂੜਾ,ਹੱਥਾਂ ਦੀ ਮਹਿੰਦੀ ਹੋਈ ਨਵੀਂ ਮੁਹਬਤ ਨੂੰ ਦੁਰਕਾਰੇ,
ਭੈਣਾਂ ਦੀ ਰੱਖੜੀ ਮੰਗੇ ਭਰਾਵਾਂ ਦੀ ਰਖਿਆ ਬੇਵਸ ਫ਼ਿਰਦੇ ਪਾੜੇ ।
ਨਸ਼ਿਆ 'ਚ' ਵਧੀ ਲੁੱਟ-ਖੋਹ,ਚੋਰੀ,ਡਕੈਤੀ ਤੇ ਦਿਨੇ ਦਿਖਾਏ ਤਾਰੇ,
ਨਸ਼ੇੜੀ ਅੰਦਰ ਵੜ ਬੈਠੇ ਰਹੇ ਚੁੱਪ ਚੁਪੀਤੇ ਤੇ ਮੁੱਕੇ ਕਈ ਪੁਆੜੇ ।

ਸਮਝਾਇਆਂ ਕੋਈ ਨਸ਼ੇੜੀ ਸਮਝਦਾ ਨਾਹੀ ਕਈਆਂ ਘਰ ਉਜਾੜੇ,
ਨਸ਼ਾ ਕੇਂਦਰ ਵੀ ਇਹ ਕੁਝ ਨਾ ਕਰ ਸਕੇ ਜੋ ਹੈ ਤੇਰੇ ਡਰ ਨੇ ਤਾੜੇ ।
ਮਾਂਵੋਂ ਸਾਂਭ ਲਇਓ ਪੁੱਤ ਹੁਣ ਆਪਣੇ ਮੁੜ ਜਾਣ ਨਾ ਉਸ ਦੁਆਰੇ,
ਨਸ਼ੇੜੀ ਅੰਦਰ ਵੜ ਬੈਠੇ ਰਹੇ ਚੁੱਪ ਚੁਪੀਤੇ ਤੇ ਮੁੱਕੇ ਕਈ ਪੁਆੜੇ ।

**- ਰਬਿੰਦਰ ਸ਼ਰਮਾ**
91-98146-67682

# ਆਫਤ

ਹੱਥੀਂ ਕੰਮ ਕਰਨ ਦੀ,
ਲੋੜ ਹੈ ਆਦੀ।
ਮਜ਼ਦੂਰ ਚਲੇ ਘਰਾਂ ਨੂੰ
ਸਾਂਭੋ ਆਪਣੀ ਵਹੀ।
ਘਰ ਘਰ ਚੌਧਰੀ,
ਬਣਦੇ ਆਹੀ।
ਫਜ਼ੂਲ ਖਰਚੀ ਦੀ,
ਹੱਦ ਮੁਕਾਈ।
ਹੁਣ ਜ਼ਿੰਮੇਵਾਰੀ ਆਈ
ਫਸਲਾਂ ਨੂੰ ਸਾਂਭੋ ਭਾਈ।
ਅੱਸ ਬਥੇਰੀ ਆਹੀ।
ਬਣ ਮਜ਼ਦੂਰ ਹੁਣ,
ਕਰੋ ਕਮਾਈ।
ਅੱਗੇ ਖੱਡਾ
ਪਿੱਛੇ ਖਾਈ।
ਜਾਨ ਲਬਾਂ ਤੇ ਆਈ।
ਹੱਥੀ ਕੰਮ,
ਕਰੋ ਵੇ ਭਾਈ।
ਜੇ ਨਾ ਸੰਭਲੇ ਭਾਈ,
ਹੋਵੋਗੇ ਕਰਜ਼ਾਈ।
ਗਲ ਵਿਚ ਪੈਣੀ ਫਾਹੀ
ਜਾਗੋ ਭਾਈ
ਆਫਤ ਜਗਾਵਣ ਆਈ
ਨਾਉਂ ਕੋਵਿਡ-19
ਹੈ ਭਾਈ।

**- ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377



# ਜਿਸ ਕੌਮ ਦੇ ਨਹੀਂ ਅਖਬਾਰ ਹੁੰਦੇ

ਅਖਬਾਰ ਦੀ ਵੱਡੀ ਜ਼ਰੂਰਤ
ਅੱਜ ਸੰਸਾਰ ਵਿਚ ਹੈ
ਹਰ ਵਰਗ ਦੀ ਜ਼ਰੂਰਤ
ਅਖਬਾਰ ਵਿਚ ਹੈ।

ਵੱਡੀ ਵੱਡੀ ਸੁਰਖੀ ਅਖਬਾਰ ਦੀ
ਵਪਾਰੀ, ਫਿਲਮੀ, ਰਾਜਸੀ ਤੇ ਕਰਮਚਾਰੀ
ਹਰ ਸੁਭਾ ਹਾਕਾਂ ਮਾਰਦੀ
ਸਭ ਦਾ ਬੁੱਤਾ ਸਾਰਦੀ।

ਮੋੜਦੀ ਮਨ ਪਾਠਕਾਂ, ਖਬਰ ਅਖਬਾਰ ਦੀ
ਚੰਗੀ ਜਾਂ ਮੰਦੀ ਗੱਲ ਬਾਦ ਦੀ
ਨਾ ਗਈ ਅੱਗ ਭੜਕਾਊ
ਗੁੰਮਰਾਹਕੁੰਨ ਚਾਲ ਅਖਬਾਰ ਦੀ।


ਹੁਣ ਸੁਣ ਲਓ ਗੱਲ ਭਾਰਤੀ ਅਖਬਾਰ ਦੀ
ਪੱਖਪਾਤ, ਜਾਤ ਪਾਤ, ਫਿਰਕਾਪ੍ਰਸਤੀ ਉਭਾਰਦੀ
ਗਰੀਬ ਤੇ ਦਲਿਤਾਂ ਵਿਰੋਧੀ ਰਾਏ ਬਣ ਚੁੱਕੀ
ਦੇਸ਼ ਦੇ ਸਰਮਾਏਦਾਰੀ ਅਖਬਾਰ ਦੀ।

ਰੋਕ ਸਕੇ ਨਾ ਜੱਗ ਉਤੇ ਉਸ ਕੰਮ ਤਾਈਂ
ਚੁੱਕਿਆ ਜਿਸ ਸਮਾਜ ਦੀ ਜ਼ਿੰਮੇਵਾਰੀ ਦਾ ਭਾਰ ਹੁੰਦੇ
ਆਪ ਤਰ ਜਾਵੇ ਸਮਾਜ ਨੂੰ ਰਾਹ ਦੇਵੇ
ਜਿਸ ਕੌਮ ਦਾ 'ਰਾਹੀ' ਅਖਬਾਰ ਹੁੰਦੇ।

**- ਦੀਪ ਸਿੰਘ ਰਾਹੀ (ਸੁੰਦਰਨਗਰ)**

# ਪੰਜਾਬੀ ਸਿਨੇ ਦਰਪਣ

**- ਅੰਮ੍ਰਿਤ ਪਵਾਰ**























### ਰਾਣਾ ਸੰਧੂ - ਸਰਗਰਮ ਹੋ

ਕਹਿੰਦਾ-ਕਹਾਉਂਦਾ ਪੰਜਾਬੀ ਗਾਇਕ ਰਾਣਾ ਸੰਧੂ ਹੁਣ ਆਪਣੀ ਬਚਪਨ ਦੀ ਫਿਲਮੀ ਤਮੰਨਾ ਪੂਰੀ ਕਰਨ ਜਾ ਰਿਹਾ ਹੈ । ਰਾਣਾ ਸੰਧੂ ਨੇ 'ਯੂ.ਕੇ. ਟੂ ਪੰਜਾਬ' ਫ਼ਿਲਮ ਦੀ ਕਹਾਣੀ ਲਿਖੀ ਹੈ । ਰਾਣਾ ਸੰਧੂ ਅਨੁਸਾਰ ਯੂ.ਕੇ. ਵਿਚਲੇ ਪੰਜਾਬ ਤੇ ਇਧਰਲੇ ਪੰਜਾਬ ਦੇ ਫ਼ਰਕ ਦੀਆਂ ਗੱਲਾਂ ਉਸਦੀ ਕਹਾਣੀ ਦਾ ਅਧਾਰ ਹਨ।

### ਐਮੀ-ਯੋਗਰਾਜ ਦਾ ਅਸੀਰਵਾਦ

ਐਮੀ ਫਿਲਮ ਸਟਾਰ ਯੋਗਰਾਜ ਸਿੰਘ ਦੀ ਧੀ ਹੈ । ਯੋਗਰਾਜ ਸਿੰਘ ਦੀ ਬੇਟੀ ਐਮੀ ਨੇ ਫਿਲਮੀ ਖੇਤਰ ਦੀ ਥਾਂ ਚੁਣਿਆਂ ਹੈ ਖੇਡਾਂ ਨੂੰ ਤੇ ਆਪਣੇ ਪਿਤਾ ਦਾ ਅਸ਼ੀਰਵਾਦ ਹਾਸਿਲ ਕਰ ਐਮੀ ਨੇ ਕਿਹਾ ਕਿ ਪੰਜਾਬੀ ਸਿਨੇ ਨੂੰ ਉਸਦੇ ਪਿਤਾ ਦੀ ਦੇਣ ਤੇ ਉਹ ਮਾਣ ਮਹਿਸੂਸਦੀ ਹੈ ।

### ਦਿਆਲਪੁਰੀ - ਰੱਬਾ ਠੀਕ-ਠਾਕ ਹੋਵੇ

ਦਲਵਿੰਦਰ ਦਿਆਲਪੁਰੀ ਨੂੰ ਸਾਰੇ ਹੀ 'ਮੇਲਿਆਂ ਦਾ ਰਾਜਾ' ਕਹਿੰਦੇ ਹਨ । ਜੈਪੁਰ ਦੀ ਮਾਡਲ ਸਪਨਾ ਨਾਲ ਠੀਕ-ਠਾਕ ਹੋਏ ਗਾ ਕਿ ਸਭ ਦਾ ਦਿਲ ਮੋਹ ਲਿਆ ਹੈ । ਦਿਆਲਪੁਰੀ ਨੇ ਪੰਜਾਬੀ ਫਿਲਮਾਂ ਲਈ ਵੀ ਅਵਾਜ਼ ਦਿੱਤੀ ਹੈ ।

### ਦਲੇਰ ਮਹਿਤਾ - ਸੈਟ ਤੇ ਮਜਾ

ਬੇਹਤਰੀਨ ਐਕਟਰ ਦਲੇਰ ਮਹਿਤਾ ਨੇ ਵੈਬ-ਸੀਰੀਜ 'ਰੰਗ ਬਿਰੰਗੀ' 'ਚ ਕੰਮ ਕੀਤਾ ਹੈ । ਸੈਟ ਤੇ ਅਨੰਦ ਦੀ ਗੱਲ ਕਰਦਿਆਂ ਉਸਨੇ ਕਿਹਾ ਕਿ ਸੀਰੀਜ ਦੇ ਹੀਰੋ ਸੰਦੀਪ ਸਿੰਘ ਨੇ ਉਸ ਦੇ ਕੰਮ ਦੀ ਤਾਰੀਫ ਕੀਤੀ ਤੇ ਕਿਹਾ ਕਿ ਸੀਨੀਅਰ ਤੋਂ ਹਮੇਸਾਂ ਹੀ ਸਿਖਦੇ ਰਹਿਣਾ ਚਾਹੀਦਾ ਹੈ ।

### ਰਾਖੀ ਹੁੰਦਲ-ਗਾਇਕਾ-ਨਾਇਕਾ

ਫਿਲਮਾਂ 'ਚ ਚੰਗੀ ਥਾਂ ਰੱਖਦੀ ਹੈ । 'ਨਿੱਕਾ ਜੈਲਦਾਰ' 'ਚ ਕੰਮ ਕਰ ਚੁੱਕੀ ਰਾਖੀ ਹੁੰਦਲ ਨੇ ਕਿਹਾ ਕਿਚਾਹੇ ਉਹ ਹੀਰੋਇਨ ਨਹੀਂ ਬਣ ਸਕੀ ਪਰ ਦੂਸਰੇ ਮਹੱਤਵਪੂਰਣ ਕਿਰਦਾਰ ਨਿਭਾ ਕਿ ਉਸਨੂੰ ਪੂਰੀ ਸੰਤੁਸ਼ਟੀ ਹੋਈ ਹੈ ।

### ਜੀਤ ਵਿਰਕ-ਜਿਸਮ ਪ੍ਰਦਰਸ਼ਨ ਜਾਇਜ਼

ਸੋਨੀ ਟੀ.ਵੀ. ਦੇ ਸੀਰੀਅਲ 'ਚਿੜੀਆਘਰ' ਦੀ ਕਲਾਕਾਰ ਜੀਤ ਵਿਰਕ ਨੇ ਇੱਕ ਗਰਮਾ-ਗਰਮ ਫੋਟੋ-ਸ਼ੈਸ਼ਨ ਕਰਵਾਇਆ ਹੈ। ਮਨੋਰੰਜਨ ਦੇ ਸ਼ੀਸ਼ੇ ਨੇ ਪੁੱਛਿਆ ਤਾਂ ਜਵਾਬ ਜੀ, ਇਹ ਖੇਤਰ, ਇਥੇ ਲੋਕ ਸੋਹਣਾ ਜਿਸਮ ਦੇਖ ਖੁਸ਼ ਹੁੰਦੇ ਹਨ। ਜਦ ਕਰੀਨਾ ਕਪੂਰ ਅਰਧ-ਨਗਨ ਪਹਿਰਾਵਾ ਪਹਿਨਦੀ ਹੈ ਤਾਂ ਉਹ ਕਿਉਂ ਨਹੀਂ? ਜੀਤ ਵਿਰਕ ਹੁਣ ਪੰਜਾਬੀ ਫਿਲਮਾਂ 'ਚ ਵੀ 'ਗਲੈਮਰ ਦਿਖਾਉਣ' ਲਈ ਤਿਆਰ ਹੈ।

### ਗੁੱਗੂ-ਯੋਗਰਾਜ - ਯਾਰ ਅਣਮੁੱਲੇ

ਮਨੋਰੰਜਨ ਦੇ ਸ਼ੀਸ਼ੇ 'ਚ ਤਸਵੀਰ ਨਜ਼ਰ ਆਈ ਗੁੱਗੂ ਗਿੱਲ ਤੇ ਯੋਗਰਾਜ ਸਿੰਘ ਦੀ ਜੋ ਕਿਸੇ ਸਮੇਂ ਇਕੱਠੇ ਹਿੱਟ ਫਿਲਮ ਦੀ ਗਰੰਟੀ ਹੁੰਦੇ ਸਨ। ਅੱਜ ਵੀ 'ਲੁਕਣਮੀਚੀ' 'ਦੁੱਲਾ ਵੈਲੀ' ਤਾਂ ਰੱਬ ਜਿਹੇ ਵੀਰ ਹਨ, ਆਖਰੀ ਸਾਹ ਤੱਕ ਯਾਰੀ ਪੱਕੀ ਰਹੇਗੀ।

### ਸਤਿੰਦਰ ਸੱਤੀ-ਪਰਦੇ ਪਿੱਛੇ

ਕਦੇ-ਕਦੇ ਸ਼ੀਸ਼ੇ ਪਿੱਛੇ ਸੋਹਣੀ ਚੀਜ਼ ਲੁੱਕ-ਛਿਪ ਕਿ ਕਮਾਲ ਕਰਦੀ ਹੈ। ਮਸ਼ਹੂਰ ਐਂਕਰ, ਗਾਇਕਾ ਸਤਿੰਦਰ ਸੱਤੀ ਪਰਦੇ ਪਿੱਛੇ ਇੱਕ ਟੀ.ਵੀ. ਚੈਨਲ ਪੰਜਾਬੀ ਦੀ ਬਿਹਤਰੀ ਲਈ ਆਪਣਾ ਯੋਗਦਾਨ ਦੇ ਰਹੀ ਹੈ। ਹੋ ਸਕਦਾ ਹੈ ਕਿ ਆ ਰਹੇ ਸਮੇਂ 'ਚ ਸੱਤੀ ਕਿਸੇ ਪੰਜਾਬੀ ਫਿਲਮ ਦੀ ਡਾਇਰੈਕਟਰ ਵੀ ਬਣੇ।

### ਰੰਗਬਰੰਗੀ - ਕਰੋਨਾ ਮਹਾਂਮਾਰੀ

ਸਦਕੇ ਜਾਈਏ ਵੈਬ-ਸੀਰੀਜ਼ 'ਰੰਗ ਬਰੰਗੀ' ਦੇ ਮੇਕਰਜ਼ ਤੇ ਨਿਰਦੇਸ਼ਕ ਪ੍ਰੀਤ ਸਿੱਧੂ ਦੇ ਕਿ ਨਿੱਕਾ ਯੂਨਿਟ, ਸਾਰੇ ਮਾਸਕ ਪਹਿਨ, ਸੈਨੇਟਾਈਜ਼ ਵਰਤ, ਸਮਾਜਿਕ ਦੂਰੀ ਨਾਲ ਸ਼ੂਟਿੰਗ ਕਰ ਰਹੇ ਹਨ।

ਇਹ ਸ਼ਾਨਦਾਰ ਵੈਬ-ਸੀਰੀਜ ਦੀ ਸੂਟਿੰਗ ਚੰਡੀਗੜ੍ਹ 'ਚ ਇਸ ਮਹੀਨੇ ਪੂਰੀ ਹੋ ਜਾਏਗੀ। ਸੋਨਮ ਕੌਰ, ਸੰਦੀਪ ਸਿੰਘ, ਦੀਪੀ, ਪ੍ਰੀਤ ਸਿੱਧੂ, ਗੁਰੀ ਸਿੰਘ ਇਸਦੇ ਮੁੱਖ ਸਿਤਾਰੇ ਹਨ। ਕੈਮਰਾਮੈਨ ਰੈਂਬੋ ਹੈ।

### ਦੋਗਾਣਾ ਜੋੜੀ-ਮੀਤ-ਹਰਮਨ

ਮੀਤ ਬਰਾੜ ਤੇ ਹਰਮਨਦੀਪ ਦੇ ਦੋਗਾਣੇ ਸਦੀਕ-ਰਣਜੀਤ ਕੌਰ, ਦਿਦਾਰ ਸੰਧੂ-ਨੂਰੀ ਦੀ ਯਾਦ ਦਿਵਾ ਰਹੇ ਹਨ। ਸਨੁੱਖਾ ਤੇ ਸੋਹਣੀ ਮੀਤ ਤੇ ਹਰਮਨ ਹਨ। ਮਨੋਰੰਜਨ ਦੇ ਸ਼ੀਸ਼ੇ 'ਚ ਦੋਹਵਾਂ ਦਾ ਮੂੰਹ ਤੇ ਅਵਾਜ਼ਾਂ ਹੁਣ ਫਿਲਮਾਂ ਤੱਕ ਪਹੁੰਚਣ ਲਈ ਤਿਆਰ ਹਨ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

**3525 Highway 99, West Corning, CA 96021**

Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702


20% OFF LABOUR
on your next qualifying service

Car Care You Can Trust

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ
# ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਜਨਮ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



5 ਸਤੰਬਰ 2020 ਨੂੰ
ਵੀਡੀਓ ਕਾਨਫਰੰਸ ਰਾਹੀਂ ਸੰਗਤਾਂ
ਨਾਲ ਜੁੜ ਕੇ ਬਾਬਾ ਜੀਵਨ ਸਿੰਘ ਜੀ
ਦੇ ਜੀਵਨ ਤੇ ਕੁਰਬਾਨੀਆਂ ਬਾਰੇ
ਵਿਚਾਰਾਂ ਕੀਤੀਆਂ ਜਾਣਗੀਆਂ ਜੀ



## ਸੰਗਤ ਦੇ ਦਾਸ

ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੋਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ),
ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।



## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ

**ਸੰਪਰਕ ਕਰੋ-** ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

## ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991